Watch
PUNJAB MAIL USA
TV Channel
On IP box, App, Website
For Advertisment
916-320-9444



A Voice of NRI's

ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa

Punjab Mail USA



REALTYONEGROUP

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
Gurjatinder S. Randhawa
REALTOR CA DRE licence # 01490567
916-320-9444



Vol. 18, Issue- 803, 23 to 29 May, 2024, Ph: 916-320-9444, E-mail: punjabmailusa@yahoo.com, Web: punjabmailusa.com


## ਅਮਰੀਕਾ 'ਚ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ 6 ਮਹੀਨੇ 'ਚ ਕੀਤਾ ਜਾਵੇਗਾ ਡਿਪੋਰਟ



■ ਅਮਰੀਕਾ 'ਚ ਨਵੇਂ ਆਏ ਪ੍ਰਵਾਸੀਆਂ 'ਤੇ ਲਟਕੀ ਇਮੀਗ੍ਰੇਸ਼ਨ ਦੀ ਤਲਵਾਰ



ਵਾਸ਼ਿੰਗਟਨ ਡੀ.ਸੀ., (ਰਾਜ ਗੋਗਨਾ/ਪੰਜਾਬ ਮੇਲ)- ਅਮਰੀਕਾ 'ਚ ਗੈਰ ਕਾਨੂੰਨੀ ਤੌਰ 'ਤੇ ਆਉਣ ਵਾਲੇ ਪ੍ਰਵਾਸੀਆਂ ਨੂੰ ਹੁਣ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਦੇ ਕੇਸ ਪਾਸ ਨਾ ਹੋਣ ਦੀ ਸੂਰਤ ਵਿਚ ਉਨ੍ਹਾਂ ਨੂੰ 6 ਮਹੀਨੇ ਦੇ ਅੰਦਰ-ਅੰਦਰ ਵਾਪਸ ਆਪਣੇ ਮੁਲਕ ਭੇਜਿਆ ਜਾ ਸਕਦਾ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਹੈ ਕਿ ਇਮੀਗ੍ਰੇਸ਼ਨ ਨੀਤੀ ਵਿਚ ਬਹੁਤ ਜਲਦ ਵੱਡੇ ਬਦਲਾਅ ਕੀਤੇ ਜਾ ਰਹੇ ਹਨ, ਜਿਸ ਨਾਲ ਅਮਰੀਕਾ ਵਿਚ ਬੇਲੋੜੇ ਪ੍ਰਵਾਸੀਆਂ ਨੂੰ ਬਾਹਰ ਕੱਢਣ ਲਈ ਉਪਰਾਲੇ ਕੀਤੇ ਜਾਣਗੇ। ਇਸ ਨਾਲ ਅਮਰੀਕਾ 'ਚ ਨਵੇਂ ਆਉਣ ਵਾਲੇ ਪ੍ਰਵਾਸੀਆਂ ਦੇ ਸਿਰ 'ਤੇ ਇਮੀਗ੍ਰੇਸ਼ਨ ਨਾਲ ਸੰਬੰਧਤ ਤਲਵਾਰ ਲਟਕ ਗਈ ਹੈ।

ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਹੈ ਕਿ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਆਉਣ ਤੋਂ ਬਾਅਦ ਉਨ੍ਹਾਂ ਦੇ ਕੇਸਾਂ 'ਤੇ ਫੈਸਲਾ ਕਰਨ ਵਿਚ ਲੰਮਾ ਸਮਾਂ ਲੱਗ ਜਾਂਦਾ ਹੈ, ਜਿਸ ਨਾਲ ਇਥੇ ਉਹ ਬੇਮਤਲਬ ਹੀ ਰਹੀ ਜਾਂਦੇ ਹਨ। ਪਰ ਹੁਣ ਬਾਇਡਨ ਪ੍ਰਸ਼ਾਸਨ ਨੇ ਨਵੇਂ ਇਮੀਗ੍ਰੇਸ਼ਨ ਕੋਰਟ ਡੌਕੇਟ 'ਤੇ ਕੰਮ ਕਰਨਾ ਸ਼ੁਰੂ ਕਰ

■ ਬਾਕੀ ਖਬਰ ਸਫਾ 17 'ਤੇ

## ਪੰਜਾਬ ਦੇ ਸਾਰੇ 328 ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ : ਸਿਬਿਨ ਸੀ

ਲੋਕ ਸਭਾ ਚੋਣਾਂ-2024



■ 328 ਉਮੀਦਵਾਰਾਂ ਵਿਚੋਂ 169 ਆਜ਼ਾਦ ਉਮੀਦਵਾਰ ਚੋਣ ਮੈਦਾਨ 'ਚ

■ ਉਮੀਦਵਾਰਾਂ ਦੇ ਵੇਰਵੇ 'ਕੇ.ਵਾਈ.ਸੀ. ਐਪ' ਉੱਤੇ ਉਪਲੱਬਧ: ਮੁੱਖ ਚੋਣ ਅਧਿਕਾਰੀ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਹੈ ਕਿ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਉੱਤੇ ਚੋਣ ਲੜ ਰਹੇ 328 ਉਮੀਦਵਾਰਾਂ ਨੂੰ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਜ਼ਿਲ੍ਹਾ ਚੋਣ ਅਧਿਕਾਰੀਆਂ ਵੱਲੋਂ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਵਾਰ ਕੁੱਲ 328 ਉਮੀਦਵਾਰਾਂ ਵਿਚੋਂ 169 ਆਜ਼ਾਦ ਉਮੀਦਵਾਰ ਚੋਣ ਲੜ ਰਹੇ ਹਨ।

ਉਨ੍ਹਾਂ ਦੱਸਿਆ ਕਿ ਵੋਟਰ ਇਨ੍ਹਾਂ ਸਾਰੇ ਉਮੀਦਵਾਰਾਂ ਦੇ ਵੇਰਵੇ ਅਤੇ ਚੋਣ ਕਮਿਸ਼ਨ ਕੋਲ ਜਮ੍ਹਾਂ ਕਰਵਾਏ ਐਫੀਡੈਵਿਟ ਮੋਬਾਈਲ ਦੇ 'ਕੇ.ਵਾਈ.ਸੀ. ਐਪ' (KYC App) ਉੱਤੇ ਦੇਖ ਸਕਦੇ ਹਨ।

ਜਾਣਕਾਰੀ ਦਿੰਦਿਆ ਸਿਬਿਨ ਸੀ ਨੇ ਦੱਸਿਆ ਕਿ ਗੁਰਦਾਸਪੁਰ ਤੋਂ 26 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ ਵਿਚ 14 ਆਜ਼ਾਦ ਉਮੀਦਵਾਰ ਸ਼ਾਮਲ ਹਨ, ਜਦਕਿ ਅੰਮ੍ਰਿਤਸਰ ਤੋਂ 30 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ ਵਿਚ ਆਜ਼ਾਦ ਉਮੀਦਵਾਰਾਂ ਦੀ ਗਿਣਤੀ 18 ਹੈ। ਉੱਥੇ ਹੀ ਖਡੂਰ ਸਾਹਿਬ ਤੋਂ 27 ਉਮੀਦਵਾਰ ਚੋਣ ਮੈਦਾਨ ਵਿਚ ਹਨ, ਜਿਨ੍ਹਾਂ ਵਿਚ 18 ਆਜ਼ਾਦ ਉਮੀਦਵਾਰ ਹਨ।

ਜਲੰਧਰ ਤੋਂ 20 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ ਵਿਚ 8 ਆਜ਼ਾਦ ਉਮੀਦਵਾਰ ਸ਼ਾਮਲ ਹਨ। ਹੁਸ਼ਿਆਰਪੁਰ ਤੋਂ ਕੁੱਲ 16 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ ਵਿਚੋਂ ਆਜ਼ਾਦ ਉਮੀਦਵਾਰਾਂ ਦੀ ਗਿਣਤੀ 4 ਹੈ। ਆਨੰਦਪੁਰ ਸਾਹਿਬ ਤੋਂ ਕੁੱਲ 28 ਉਮੀਦਵਾਰਾਂ ਵਿਚੋਂ 13 ਆਜ਼ਾਦ ਉਮੀਦਵਾਰ ਚੋਣ ਮੈਦਾਨ ਵਿਚ ਹਨ।

ਲੁਧਿਆਣਾ ਤੋਂ 43 ਉਮੀਦਵਾਰਾਂ ਵਿਚੋਂ 26 ਆਜ਼ਾਦ ਉਮੀਦਵਾਰ ਚੋਣਾਂ ਲੜ ਰਹੇ ਹਨ। ਫਤਿਹਗੜ੍ਹ ਸਾਹਿਬ ਤੋਂ ਕੁੱਲ 14 ਉਮੀਦਵਾਰਾਂ ਵਿਚੋਂ 7 ਆਜ਼ਾਦ ਉਮੀਦਵਾਰ ਚੋਣਾਂ ਲੜ ਰਹੇ ਹਨ। ਫਰੀਦਕੋਟ ਤੋਂ ਕੁੱਲ 28 ਉਮੀਦਵਾਰਾਂ ਵਿਚੋਂ 12 ਆਜ਼ਾਦ ਉਮੀਦਵਾਰ ਚੋਣ ਮੈਦਾਨ ਵਿਚ ਹਨ।

ਫਿਰੋਜ਼ਪੁਰ ਤੋਂ ਕੁੱਲ 29 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ ਵਿਚ 17 ਆਜ਼ਾਦ ਉਮੀਦਵਾਰ ਸ਼ਾਮਲ ਹਨ।

## ਪੰਜਾਬੀ ਗਾਇਕ ਗੁਰਦਾਸ ਮਾਨ ਖਿਲਾਫ ਪੁਰਾਣੇ ਕੇਸ ਨੂੰ ਲੈ ਕੇ ਹਾਈ ਕੋਰਟ 'ਚ ਹੋਵੇਗੀ ਸੁਣਵਾਈ!

■ ਸੈਸ਼ਨ ਕੋਰਟ ਨਕੋਦਰ ਦੇ ਹੁਕਮਾਂ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਚੁਣੌਤੀ



ਚੰਡੀਗੜ੍ਹ (ਪੰਜਾਬ ਮੇਲ)- ਹਰਜਿੰਦਰ ਸਿੰਘ ਉਰਫ਼ ਜਿੰਦਾ ਨਾਂ ਦੇ ਵਿਅਕਤੀ ਨੇ ਪੰਜਾਬੀ ਗਾਇਕ ਗੁਰਦਾਸ ਮਾਨ ਖ਼ਿਲਾਫ਼ ਨਕੋਦਰ 'ਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ 'ਚ ਦਰਜ ਐੱਫ.ਆਈ.ਆਰ. ਨੂੰ ਰੱਦ ਕਰਨ ਦੇ ਸੈਸ਼ਨ ਕੋਰਟ ਨਕੋਦਰ ਦੇ ਹੁਕਮਾਂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਚੁਣੌਤੀ ਦਿੱਤੀ ਹੈ।

ਜੱਜ ਸੰਦੀਪ ਮੌਦਗਿਲ ਨੇ ਪਟੀਸ਼ਨ ਮਨਜ਼ੂਰ ਕਰਦਿਆਂ ਸਾਰੀਆਂ ਸਬੰਧਤ ਧਿਰਾਂ ਨੂੰ ਨੋਟਿਸ ਜਾਰੀ ਕਰਕੇ 13 ਜੂਨ ਤੱਕ ਜਵਾਬ ਮੰਗਿਆ ਹੈ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਗੁਰਦਾਸ ਮਾਨ ਨੇ ਲਾਡੀ ਸ਼ਾਹ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਵੰਸ਼ 'ਚੋਂ ਦੱਸਿਆ, ਜਿਸ ਨਾਲ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ। ਹਾਲਾਂਕਿ ਇਸ ਸਬੰਧੀ ਉਨ੍ਹਾਂ ਨੇ ਮੁਆਫ਼ੀ ਵੀ ਮੰਗੀ ਸੀ। ਹਾਈ ਕੋਰਟ ਨੇ ਪਟੀਸ਼ਨ ਮਨਜ਼ੂਰ ਕਰਕੇ ਸਾਰੀਆਂ ਸਬੰਧਤ ਧਿਰਾਂ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ ਤੇ ਸੁਣਵਾਈ 13 ਜੂਨ ਤੱਕ ਮੁਲਤਵੀ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਸਾਲ 2021 'ਚ ਨਕੋਦਰ ਵਿਖੇ ਗੁਰਦਾਸ ਮਾਨ ਦਾ ਇਕ

■ ਬਾਕੀ ਖਬਰ ਸਫਾ 17 'ਤੇ

## ਗੁਰਦਾਸਪੁਰ ਚੋਣ ਮੈਦਾਨ ਫਤਹਿ ਕਰਨ ਲਈ ਸਾਰੀਆਂ ਧਿਰਾਂ ਪੱਬਾਂ ਭਾਰ

ਲੋਕ ਸਭਾ ਚੋਣਾਂ-2024

■ ਕਾਂਗਰਸ, ਅਕਾਲੀ ਦਲ, 'ਆਪ' ਤੇ ਭਾਜਪਾ ਦਰਮਿਆਨ ਹੋਵੇਗਾ ਮੁੱਖ ਮੁਕਾਬਲਾ

ਰਮਦਾਸ, (ਪੰਜਾਬ ਮੇਲ)- ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਇਸ ਵਾਰ ਕਾਂਗਰਸ ਆਪਣਾ ਕਿਲ੍ਹਾ ਮੁੜ ਫਤਿਹ ਕਰਨ, ਭਾਜਪਾ ਕਿਲ੍ਹਾ ਬਚਾਉਣ ਅਤੇ 'ਆਪ' ਸੰਨ੍ਹ ਲਾਉਣ ਲਈ ਪੱਬਾਂ ਭਾਰ ਹਨ। ਇੱਥੇ ਅਕਾਲੀ ਦਲ ਵਲੋਂ ਵੀ ਜ਼ੋਰ ਅਜ਼ਮਾਈ ਕੀਤੀ ਜਾ ਰਹੀ ਹੈ। ਇਸ ਹਲਕੇ ਤੋਂ ਇਸ ਵਾਰ ਚਹੁਕੋਣਾ ਮੁਕਾਬਲਾ ਹੈ। ਇਸ ਵਾਰ ਭਾਜਪਾ ਤੋਂ ਅਲੱਗ ਹੋ ਕੇ ਮੈਦਾਨ ਵਿਚ ਉਤਰਿਆ ਸ਼੍ਰੋਮਣੀ ਅਕਾਲੀ ਦਲ ਵੀ ਆਪਣੀ ਹੋਂਦ ਦਿਖਾਉਣ ਦੀ ਲੜਾਈ ਲੜ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਭਾਈਵਾਲੀ ਸਮੇਂ ਇਹ ਸੀਟ ਭਾਜਪਾ ਦੇ ਖਾਤੇ ਵਿਚ ਜਾਂਦੀ ਸੀ। ਅਕਾਲੀ ਦਲ ਪਹਿਲੀ ਵਾਰ ਨੀਮ ਪਹਾੜੀ ਇਲਾਕਿਆਂ ਵਿਚ ਆਪਣੀ ਥਾਂ ਲੱਭ ਰਿਹਾ ਹੈ। ਪਠਾਨਕੋਟ, ਸੁਜਾਨਪੁਰ, ਭੋਆ ਅਤੇ ਦੀਨਾਨਗਰ ਵਿਧਾਨ ਸਭਾ ਹਲਕਿਆਂ ਵਿਚ ਅਕਾਲੀ ਦਲ ਵੱਲੋਂ ਪਹਿਲਾਂ ਕਦੇ ਧਿਆਨ ਨਹੀਂ ਸੀ ਦਿੱਤਾ ਜਾਂਦਾ ਸੀ ਪਰ ਇਸ ਵਾਰ ਇਨ੍ਹਾਂ ਹਲਕਿਆਂ ਵਿਚ ਅਕਾਲੀ ਦਲ ਜ਼ੋਰ ਲਾ ਰਿਹਾ ਹੈ।

ਉਧਰ ਕਾਂਗਰਸ ਪਾਰਟੀ 1952 ਤੋਂ ਬਾਅਦ 12 ਵਾਰ ਇਸ ਹਲਕੇ 'ਤੇ ਕਾਬਜ਼ ਰਹੀ, ਉਹ ਹੁਣ ਆਪਣੇ ਕਿਲ੍ਹੇ 'ਤੇ ਮੁੜ ਕਾਬਜ਼ ਹੋਣ ਲਈ ਪੂਰੀ ਤਾਕਤ ਲਗਾ ਰਹੀ ਹੈ। ਕਾਂਗਰਸ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਸਾਬਕਾ ਉਪ ਮੁੱਖ ਮੰਤਰੀ ਵੀ ਹਨ ਅਤੇ ਡੇਰਾ ਬਾਬਾ ਨਾਨਕ ਹਲਕੇ ਤੋਂ ਵਿਧਾਇਕ ਵੀ। ਉਨ੍ਹਾਂ ਲਈ ਇਹ ਸੀਟ ਵੱਕਾਰ ਦਾ ਸਵਾਲ ਬਣੀ ਹੋਈ ਹੈ। ਗੁਰਦਾਸਪੁਰ ਪੰਜਾਬ ਵਿਚ ਇਕੋ ਇਕ ਅਜਿਹਾ ਲੋਕ ਸਭਾ ਹਲਕਾ ਹੈ, ਜਿੱਥੇ ਕਾਂਗਰਸ ਦਾ ਸੱਤ ਵਿਧਾਨ ਸਭਾ ਹਲਕਿਆਂ 'ਤੇ ਕਬਜ਼ਾ ਹੈ, ਜਦਕਿ ਬਟਾਲਾ 'ਤੇ 'ਆਪ' ਅਤੇ ਪਠਾਨਕੋਟ 'ਤੇ ਭਾਜਪਾ ਕਾਬਜ਼ ਹੈ। ਉਧਰ ਭਾਰਤੀ ਜਨਤਾ ਪਾਰਟੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪ੍ਰਚਾਰ ਕਰਨ ਲਈ ਆ ਰਹੇ ਹਨ। ਭਾਜਪਾ ਦੇ ਉਮੀਦਵਾਰ ਦਿਨੇਸ਼ ਬੱਬੂ ਵੱਲੋਂ ਪੂਰਾ ਜ਼ੋਰ ਲਗਾਇਆ ਜਾ ਰਿਹਾ ਹੈ ਪਰ ਅਕਾਲੀ ਦਲ ਨਾਲ ਤੋੜ-ਵਿਛੋੜੇ ਕਾਰਨ ਪੇਂਡੂ ਹਲਕਿਆਂ ਵਿਚ ਭਾਜਪਾ ਲਈ ਰਾਹ ਸੌਖਾ ਨਹੀਂ ਹੈ।

■ ਬਾਕੀ ਖਬਰ ਸਫਾ 17 'ਤੇ

## ਐੱਨ.ਆਈ.ਏ. ਵੱਲੋਂ ਅਰਸ਼ ਡੱਲਾ ਤੇ 3 ਹੋਰਨਾਂ ਖਿਲਾਫ ਚਾਰਜਸ਼ੀਟ ਦਾਇਰ



■ ਪੰਜਾਬ ਤੇ ਦਿੱਲੀ ਦੇ ਵੱਖ-ਵੱਖ ਹਿੱਸਿਆਂ 'ਚ ਅੱਤਵਾਦੀ ਹਮਲੇ ਕਰਵਾਉਣ ਦੀ ਸਾਜ਼ਿਸ਼ 'ਚ ਸ਼ਾਮਲ ਹੋਣ ਦੇ ਲੱਗੇ ਦੋਸ਼

ਨਵੀਂ ਦਿੱਲੀ, (ਪੰਜਾਬ ਮੇਲ)- ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਕੈਨੇਡਾ 'ਚ ਸਥਿਤ ਖ਼ਾਲਿਸਤਾਨ ਸਮਰਥਕ ਅਰਸ਼ਦੀਪ ਸਿੰਘ ਉਰਫ਼ ਅਰਸ਼ ਡੱਲਾ ਤੇ ਉਸ ਦੇ 3 ਸਹਿਯੋਗੀਆਂ ਖ਼ਿਲਾਫ਼ ਪੰਜਾਬ ਤੇ ਦਿੱਲੀ ਦੇ ਵੱਖ-ਵੱਖ ਹਿੱਸਿਆਂ 'ਚ ਅੱਤਵਾਦੀ ਹਮਲੇ ਕਰਵਾਉਣ ਦੀ ਸਾਜ਼ਿਸ਼ 'ਚ ਸ਼ਾਮਲ ਹੋਣ ਦੇ ਦੋਸ਼ 'ਚ ਚਾਰਜਸ਼ੀਟ ਦਾਇਰ ਕੀਤੀ। ਏਜੰਸੀ ਨੇ ਇਸ ਦੀ ਜਾਣਕਾਰੀ ਦਿੱਤੀ ਹੈ। ਏਜੰਸੀ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਇਹ ਕਾਰਵਾਈ ਪੰਜਾਬ ਤੇ ਦਿੱਲੀ ਦੇ ਵੱਖ-ਵੱਖ ਹਿੱਸਿਆਂ 'ਚ ਅੱਤਵਾਦੀ ਹਮਲਿਆਂ ਨੂੰ ਅੰਜਾਮ ਦੇਣ ਲਈ ਅਰਸ਼ ਡੱਲਾ ਵਲੋਂ ਸੰਚਾਲਤ ਸਲੀਪਰ ਸੈੱਲ ਨੂੰ ਖ਼ਤਮ ਕਰਨ ਦੇ ਐੱਨ.ਆਈ.ਏ. ਦੇ ਯਤਨਾਂ 'ਚ ਵੱਡੀ ਚਾਲ ਹੈ।

ਨਵੀਂ ਦਿੱਲੀ 'ਚ ਐੱਨ.ਆਈ.ਏ. ਦੀ ਸਪੈਸ਼ਲ ਕੋਰਟ 'ਚ ਕੈਨੇਡਾ ਸਥਿਤ ਅਰਸ਼ਦੀਪ ਸਿੰਘ ਉਰਫ਼ ਅਰਸ਼ ਡੱਲਾ ਤੇ ਉਸ ਦੇ ਭਾਰਤੀ ਏਜੰਟਾਂ ਹਰਜੀਤ ਸਿੰਘ ਉਰਫ਼ ਹੈਰੀ ਮੌਰ, ਰਵਿੰਦਰ ਸਿੰਘ ਉਰਫ਼ ਰਾਜਵਿੰਦਰ ਸਿੰਘ ਉਰਫ਼ ਹੈਰੀ ਰਾਜਪੁਰਾ ਤੇ ਰਾਜੀਵ ਕੁਮਾਰ ਉਰਫ਼ ਸ਼ੀਲਾ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਗਈ ਹੈ। ਅੱਤਵਾਦ ਰੋਕੂ ਏਜੰਸੀ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਤਿੰਨੋਂ

■ ਬਾਕੀ ਖਬਰ ਸਫਾ 17 'ਤੇ

## 'ਆਪ' ਦੇ ਰਾਜ ਸਭਾ ਮੈਂਬਰਾਂ ਦੀ ਚੋਣ ਮੁਹਿੰਮ 'ਚੋਂ ਗੈਰ ਹਾਜ਼ਰੀ 'ਤੇ ਉੱਠੇ ਸਵਾਲ



ਰਾਘਵ ਚੱਢਾ, ਹਰਭਜਨ ਸਿੰਘ, ਸੰਤ ਬਲਬੀਰ ਸਿੰਘ ਸੀਚੇਵਾਲ, ਵਿਕਰਮਜੀਤ ਸਾਹਨੀ।

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਵਿਚ ਲੋਕ ਸਭਾ ਚੋਣਾਂ ਨਜ਼ਦੀਕ ਆਉਣ ਨਾਲ ਸਿਆਸੀ ਮੈਦਾਨ ਭਖ ਗਿਆ ਹੈ। ਸਾਰੀਆਂ ਸਿਆਸੀ ਧਿਰਾਂ ਵੱਲੋਂ ਆਪੋ-ਆਪਣੇ ਉਮੀਦਵਾਰਾਂ ਦੇ ਹੱਕ ਵਿਚ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਦੌਰਾਨ ਭਾਜਪਾ, ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਥਾਨਕ ਤੇ ਹੋਰ ਸੀਨੀਅਰ ਆਗੂ ਵੀ ਉਮੀਦਵਾਰ ਲਈ ਚੋਣ ਪ੍ਰਚਾਰ ਕਰਨ ਲਈ ਡਟੇ ਹੋਏ ਹਨ। ਉੱਧਰ, ਸੱਤਾਧਾਰੀ ਧਿਰ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਚੋਣ ਪ੍ਰਚਾਰ ਵਿਚ ਲੱਗੇ ਹੋਏ ਹਨ ਪਰ ਲੋਕ ਸਭਾ ਚੋਣਾਂ ਦੌਰਾਨ 'ਆਪ' ਪੰਜਾਬ ਦੇ ਰਾਜ ਸਭਾ ਮੈਂਬਰ ਦਿਖਾਈ ਨਹੀਂ ਦੇ ਰਹੇ, ਜਿਨ੍ਹਾਂ ਦੀ ਗੈਰਹਾਜ਼ਰੀ 'ਤੇ ਲਗਾਤਾਰ ਸਵਾਲ ਉੱਠ ਰਹੇ ਹਨ। ਹਾਲਾਂਕਿ ਕੁਝ ਰਾਜ ਸਭਾ ਮੈਂਬਰਾਂ ਨੇ ਪਹਿਲਾਂ ਹੀ ਰਾਜਸੀ ਗਤੀਵੀਧੀਆਂ ਵਿਚ ਹਿੱਸਾ ਲੈਣ ਤੋਂ ਪਾਸਾ ਵੱਟ ਲਿਆ ਸੀ। ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਅਰਵਿੰਦ ਕੇਜਰੀਵਾਲ, ਭਗਵੰਤ ਸਿੰਘ ਮਾਨ ਤੇ ਸਾਰੇ ਕੈਬਨਿਟ ਮੰਤਰੀਆਂ ਵੱਲੋਂ ਚੋਣ

■ ਬਾਕੀ ਖਬਰ ਸਫਾ 17 'ਤੇ




# VALLEJO TEEYAN
# MELA 2024

## *Sunday, July 21st, 2024 from 12-6pm*

Hosted By



Asha Sharma

Organizer



Sunita Verma

**Only for Ladies and Children**

**At Dan Foley Cultural Center**

**(Behind Sutter Solano Hospital)**

**1498 N Camino Alto, Vallejo, CA 94589**

**Special Attractions include Mehndi, Indian Clothing and Jewelry Booths.**



**Come and enjoy a day filled with entertainment and festiveties, including Punjabi Folk songs and dances, Gidha, Boliyan and much more...**

Copyright@Punjab Mail USA

*To Participate Rent Space for a booth, or Sponsor, Please Contact:*

**SUNITA VERMA : 707-853-9006**

**Email: sonalideep@gmail.com**

"Let us make your event a dream come true"
Flamingo
Banquet Hall & Catering
(916) 334-6000
(707) 645-1700
ARIA
FINE DINING, BAR, CATERING & BANQUET HALLS
(408) 941-1700
TOUCH OF ELEGANCE DECOR
"Let us make your event a dream come true"
Pardeep - Paul
(510) 325-8433





D D Sharma
Real Estate Consultant
DRE #01744678
707-365-9385(cell)
Din D Sharma
REAL ESTATE
Specialize in:
Residential, Hotel, Motel, Gas Stations and Liquor Stores etc.
510 Meadow Valley Cir.
Fairfield, CA 94534
Phone:707-864-6181
Fax:707-864-4276
din.sharma@aol.com
Residential, Loan Mod, Short Sale & Commercial Real Estate



GOLD, DIAMOND, PLATINUM JEWELRY
CHINNA JEWELLERS INC
(916) 956-3094
7454 STOCKTON BLVD, SUITE-A
SACRAMENTO, CA 95823



# ਭਾਰਤੀ ਵਿਦਿਆਰਥੀਆਂ ਵੱਲੋਂ ਇਮੀਗ੍ਰੇਸ਼ਨ ਨਿਯਮਾਂ ਨੂੰ ਲੈ ਕੇ ਕੈਨੇਡਾ ਸੂਬੇ ’ਚ ਪ੍ਰਦਰਸ਼ਨ

### ■ ਕੈਨੇਡਾ ’ਚ ਸੜਕਾਂ ’ਤੇ ਉਤਰੇ ਭਾਰਤੀ ਵਿਦਿਆਰਥੀ: ਡਿਪੋਰਟ ਹੋਣ ਤੋਂ ਕਿਉਂ ਡਰਦੇ ਹਨ?




ਟੋਰਾਂਟੋ, (ਰਾਜ ਗੋਗਨਾ/ਪੰਜਾਬ ਮੇਲ)-ਭਾਰਤੀ ਵਿਦਿਆਰਥੀਆਂ ਦੇ ਕੈਨੇਡਾ ਆਉਣ ਦੇ ਕੁਝ ਸੁਪਨੇ ਟੁੱਟਣ ਵਾਲੇ ਹਨ, ਜਿਸ ਕਾਰਨ ਵਿਦਿਆਰਥੀਆਂ ਵਿਚ ਰੋਸ ਹੈ। ਸੂਬਾਈ ਸਰਕਾਰ ਨੇ ਜ਼ਰੂਰੀ ਖੇਤਰਾਂ ਵਿਚ ਵਿਦਿਆਰਥੀਆਂ ਨੂੰ ਪਹਿਲ ਦੇਣ ਦਾ ਐਲਾਨ ਕੀਤਾ ਹੈ।

ਇਸ ਲਈ ਪ੍ਰਚੂਨ ਜਾਂ ਵਿਕਰੀ ਦਾ ਕੰਮ ਕਰਨ ਵਾਲੇ ਵਿਦਿਆਰਥੀ ਨੂੰ ਝਟਕਾ ਵੀ ਲੱਗਾ ਹੈ। ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ ਨੂੰ ਲੈ ਕੇ ਵੀ ਕਾਫੀ ਅਨਿਸ਼ਚਿਤਤਾ ਹੈ। ਇਸ ਤਰ੍ਹਾਂ ਕੈਨੇਡਾ ਦੇ ਪ੍ਰਿੰਸ ਐਡਵਰਡ ਆਈਲੈਂਡ ਸੂਬੇ ਵਿਚ ਭਾਰਤੀ ਵਿਦਿਆਰਥੀ ਕਾਫੀ ਤਣਾਅ ਵਿਚ ਹਨ। ਇਸ ਨੂੰ ਲੈ ਕੇ ਕੈਨੇਡਾ ਦੇ ਪ੍ਰੋਵਿੰਸ਼ੀਅਲ ਨਾਮਜ਼ਦ ਪ੍ਰੋਗਰਾਮ (ਪੀ.ਐੱਨ.ਪੀ.) ਨੂੰ ਲੈ ਕੇ ਵਿਦਿਆਰਥੀਆਂ ਵਿਚ ਕਾਫੀ ਨਾਰਾਜ਼ਗੀ ਪਾਈ ਜਾ ਰਹੀ ਹੈ। ਕਿਉਂਕਿ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ ਨਹੀਂ ਵਧਾਇਆ ਜਾਵੇਗਾ ਅਤੇ ਕੈਨੇਡਾ ’ਚ ਸੜਕਾਂ ’ਤੇ ਉਤਰੇ ਭਾਰਤੀ ਵਿਦਿਆਰਥੀਆ ਨੂੰ ਦੇਸ਼ ਨਿਕਾਲੇ ਦੀ ਧਮਕੀ ਉਨ੍ਹਾਂ ਨੂੰ ਪਰੇਸ਼ਾਨ ਕਰ ਰਹੀ ਹੈ।

## ਪੰਜਾਬ ਪੁਲਿਸ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਛੁੱਟੀਆਂ 2 ਜੂਨ ਤੱਕ ਬੰਦ

ਮਾਨਸਾ, (ਪੰਜਾਬ ਮੇਲ)- ਪੰਜਾਬ ਪੁਲਿਸ ਨੇ ਆਪਣੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਛੁੱਟੀਆਂ 2 ਜੂਨ ਤੱਕ ਬੰਦ ਕਰ ਦਿੱਤੀਆਂ ਗਈਆਂ ਹਨ। ਇਹ ਫੈਸਲਾ ਰਾਜ ਵਿਚ ਪਹਿਲੀ ਜੂਨ ਨੂੰ ਪੈ ਰਹੀਆਂ ਵੋਟਾਂ ਕਾਰਨ ਕੀਤਾ ਗਿਆ ਹੈ। ਉਚ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਸੂਬੇ ਵਿਚ ਅਮਨ ਕਾਨੂੰਨ ਸਥਿਤੀ ਕਾਇਮ ਰੱਖਣ ਲਈ ਹੁਕਮ ਜਾਰੀ ਕੀਤਾ ਹੈ। ਇਸ ਵਿਚ ਕਿਹਾ ਗਿਆ ਹੈ ਵਿਸ਼ੇਸ਼ ਸਥਿਤੀ ’ਚ ਹੀ ਅਧਿਕਾਰ ਜਾ ਮੁਲਾਜ਼ਮ ਦੀ ਛੁੱਟੀ ਪ੍ਰਵਾਨ ਕੀਤੀ ਜਾਵੇਗੀ।

# ਟੈਕਸਾਸ ’ਚ ਖਤਰਨਾਕ ਤੂਫਾਨ ਨੇ ਲਈਆਂ 7 ਜਾਨਾਂ



ਹਿਊਸਟਨ, ਟੈਕਸਾਸ ’ਚ ਆਏ ਤੂਫਾਨ ਕਾਰਨ ਡਿੱਗੇ ਦਰੱਖਤ ਤੇ ਮਕਾਨਾਂ ਦੀਆਂ ਟੁੱਟੀਆਂ ਛੱਤਾਂ।

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਟੈਕਸਾਸ ’ਚ ਖਤਰਨਾਕ ਤੂਫਾਨ ’ਚ 7 ਲੋਕਾਂ ਦੇ ਮਾਰੇ ਜਾਣ ਤੇ ਅਰਬ ਡਾਲਰਾਂ ਦਾ ਨੁਕਸਾਨ ਹੋਣ ਦੀਆਂ ਖਬਰਾਂ ਹਨ। 100 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਚੱਲੀਆਂ ਹਵਾਵਾਂ ਨੇ ਵੱਡੀ ਪੱਧਰ ’ਤੇ ਨੁਕਸਾਨ ਕੀਤਾ ਹੈ। ਜਗ੍ਹਾ-ਜਗ੍ਹਾ ਦਰੱਖਤ ਡਿੱਗੇ ਪਏ ਹਨ ਤੇ ਬਿਜਲੀ ਦੀ ਸਪਲਾਈ ਵੱਡੀ ਪੱਧਰ ’ਤੇ ਪ੍ਰਭਾਵਿਤ ਹੋਈ ਹੈ। ਹਜ਼ਾਰਾਂ ਲੋਕ ਬਿਨਾਂ ਬਿਜਲੀ ਦੇ ਰਹਿਣ ਲਈ ਮਜਬੂਰ ਹਨ। ਤੂਫਾਨ ਤੋਂ ਬਾਅਦ ਹਿਊਸਟਨ ਖੇਤਰ ਵਿਚ ਤਪਸ਼ ਨੇ ਲੋਕਾਂ ਦਾ ਜੀਣਾ ਬੇਹਾਲ ਕਰ ਦਿੱਤਾ ਹੈ। ਉੱਚੀਆਂ ਇਮਰਾਤਾਂ ਦੀਆਂ ਖਿੜਕੀਆਂ ਟੁੱਟ ਗਈਆਂ ਹਨ ਅਤੇ ਮਕਾਨਾਂ ਦੀਆਂ ਕੰਧਾਂ ਤੇ ਛੱਤਾਂ ਨੂੰ ਨੁਕਸਾਨ ਪੁੱਜਾ ਹੈ। ਹਿਊਸਟਨ ਨੈਸ਼ਨਲ ਵੈਦਰ ਸਰਵਿਸ ਨੇ ਕਿਹਾ ਹੈ ਕਿ ਟਰਾਂਸਮਿਸ਼ਨ ਲਾਈਨਾਂ ਨੂੰ ਪੁੱਜੇ ਨੁਕਸਾਨ ਕਾਰਨ ਬਿਜਲੀ ਬਹਾਲ ਕਰਨ ਵਿਚ ਕਈ ਦਿਨ ਜਾਂ ਹਫਤੇ ਲੱਗ ਸਕਦੇ ਹਨ। ਦਫਤਰ ਨੇ ਜਾਰੀ ਬਿਆਨ

### ■ ਹਜ਼ਾਰਾਂ ਲੋਕ ਬਿਨਾਂ ਬਿਜਲੀ ਰਹਿਣ ਲਈ ਮਜਬੂਰ

’ਚ ਕਿਹਾ ਹੈ ਕਿ ਅਸੀਂ ਆਸ ਕਰਦੇ ਹਾਂ ਕਿ ਬਿਜਲੀ ਸੇਵਾ ਜਿੰਨੀ ਛੇਤੀ ਸੰਭਵ ਹੋ ਸਕਿਆ, ਬਹਾਲ ਕਰ ਦਿੱਤੀ ਜਾਵੇਗੀ। ਦਫਤਰ ਨੇ ਲੋਕਾਂ ਨੂੰ ਸੁਰੱਖਿਅਤ ਰਹਿਣ ਲਈ ਕਿਹਾ ਹੈ। ਐਕਿਊ ਵੈਦਰ ਦੇ ਮੁੱਢਲੇ ਅਨੁਮਾਨ ਅਨੁਸਾਰ ਟੈਕਸਾਸ ਤੂਫਾਨ ਕਾਰਨ ਇਕੱਲੇ ਹਿਊਸਟਨ ਮੈਟਰੋਪੋਲੀਟਨ ਖੇਤਰ ’ਚ 5 ਅਰਬ ਡਾਲਰ ਤੋਂ ਵਧ ਦਾ ਆਰਥਿਕ ਨੁਕਸਾਨ ਹੋਇਆ ਹੈ। ਇਹ ਤੂਫਾਨ 2008 ਤੇ 1983 ਵਿਚ ਅਲੀਸੀਆ ਵਿਚ ਆਏ ਇਤਿਹਾਸਕ ਝਖੜ ਵਰਗਾ ਸੀ, ਜਿਨ੍ਹਾਂ ਕਾਰਨ ਭਾਰੀ ਨੁਕਸਾਨ ਝੱਲਣਾ ਪਿਆ ਸੀ। ਰਾਸ਼ਟਰਪਤੀ ਜੋਅ ਬਾਇਡਨ ਨੇ ਤੂਫਾਨ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ ਮੁਕੰਮਲ ਸਹਿਯੋਗ ਦਾ ਭਰੋਸਾ ਦਿੱਤਾ ਹੈ।

# ਯੂ.ਐੱਨ. ਸਲਾਮਤੀ ਕੌਂਸਲ ਨੇ ਪੁਲਾੜ ’ਚ ਹਥਿਆਰਾਂ ਦੀ ਤਾਇਨਾਤੀ ਬਾਰੇ ਰੂਸ ਦਾ ਮਤਾ ਕੀਤਾ ਰੱਦ

ਸੰਯੁਕਤ ਰਾਸ਼ਟਰ, (ਪੰਜਾਬ ਮੇਲ)- ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਨੇ ਪੁਲਾੜ ਵਿਚ ਹਥਿਆਰ ਭੇਜਣ ਦੀ ਦੌੜ ’ਤੇ ਮੁਕੰਮਲ ਪਾਬੰਦੀ ਲਾਉਣ ਦੀ ਮੰਗ ਕਰਦੇ ਰੂਸ ਦੀ ਹਮਾਇਤ ਵਾਲੇ ਮਤੇ ਨੂੰ ਰੱਦ ਕਰ ਦਿੱਤਾ ਹੈ। ਮਤੇ ’ਤੇ ਹੋਈ ਵੋਟਿੰਗ ਦੌਰਾਨ ਸਲਾਮਤੀ ਕੌਂਸਲ ਰੂਸ ਤੇ ਅਮਰੀਕਾ ਦੀਆਂ ਤਜਵੀਜ਼ਾਂ ਨੂੰ ਲੈ ਕੇ ਦੋ ਹਿੱਸਿਆਂ ਵਿਚ ਵੰਡੀ ਗਈ, ਜਦੋਂਕਿ ਸਵਿਟਜ਼ਰਲੈਂਡ ਵੋਟਿੰਗ ਮੌਕੇ ਗੈਰਹਾਜ਼ਰ ਰਿਹਾ। ਇਹ ਮਤਾ ਸੰਯੁਕਤ ਰਾਸ਼ਟਰ ਦੇ ਨੇਮਾਂ ਤਹਿਤ ਰੱਦ ਹੋ ਗਿਆ ਕਿਉਂਕਿ ਉਸ ਨੂੰ ਲੋੜੀਂਦੀਆਂ ਨੌਂ ਵੋਟਾਂ ਨਹੀਂ ਮਿਲੀਆਂ।

ਸਲਾਮਤੀ ਕੌਂਸਲ ਵਿਚ ਮਤੇ ’ਤੇ ਹੋਈ ਬਹਿਸ ਦੌਰਾਨ ਅਮਰੀਕਾ ਨੇ ਕਿਹਾ ਕਿ ਰੂਸ ਨੇ ਪਿਛਲੇ ਹਫ਼ਤੇ ਇਕ

### ■ ਮਤੇ ਨੂੰ ਲੈ ਕੇ ਸਲਾਮਤੀ ਕੌਂਸਲ ਦੋ ਹਿੱਸਿਆਂ ਵਿਚ ਵੰਡੀ

ਉਪਗ੍ਰਹਿ ਛੱਡਿਆ ਸੀ, ਜੋ ਪੁਲਾੜ ਵਿਚ ਹਥਿਆਰਾਂ ਦੀ ਤਾਇਨਾਤੀ ਦਾ ਹਿੱਸਾ ਹੋ ਸਕਦਾ ਹੈ। ਸਲਾਮਤੀ ਕੌਂਸਲ ਦੇ ਮੈਂਬਰ ਮੁਲਕ ਇਸ ਸੰਭਾਵੀ ਭਵਿੱਖੀ ਆਲਮੀ ਰੁਝਾਨ ਦੀ ਨਿਖੇਧੀ ਕਰ ਰਹੇ ਹਨ, ਪਰ ਇਸ ਖਿਲਾਫ਼ ਕਦਮ ਪੁੱਟਣ ਵਿਚ ਨਾਕਾਮ ਸਾਬਤ ਹੋਏ ਹਨ। ਪਿਛਲੇ ਮਹੀਨੇ ਰੂਸ ਦੇ ਰਵਾਇਤੀ ਵਿਰੋਧੀ ਮੁਲਕਾਂ ਅਮਰੀਕਾ ਤੇ ਜਪਾਨ ਨੇ ਸਲਾਮਤੀ ਕੌਂਸਲ ਵਿਚ ਮਤਾ ਰੱਖਿਆ ਸੀ, ਜੋ ਰੱਦ ਹੋ ਗਿਆ ਅਤੇ ਰੂਸ ਵਾਲਾ ਮਤਾ ਉਤੇ ਦੇ ਮੁਕਾਬਲੇ ਵਜੋਂ ਸੀ। ਅਮਰੀਕਾ ਤੇ ਜਪਾਨ ਵੱਲੋਂ ਰੱਖੇ ਮਤੇ ਵਿਚ ਵੱਖ-ਵੱਖ ਤਰ੍ਹਾਂ ਦੇ ਹਥਿਆਰਾਂ ’ਤੇ ਧਿਆਨ ਕੇਂਦਰਤ ਕੀਤਾ ਗਿਆ ਸੀ, ਜੋ ਵੱਡੀ ਤਬਾਹੀ ਦਾ ਕਾਰਨ ਬਣ ਸਕਦੇ ਹਨ। ਉਧਰ ਰੂਸ ਵੱਲੋਂ ਪੇਸ਼ ਮਤੇ ਵਿਚ ਹਰ ਤਰ੍ਹਾਂ ਦੇ ਹਥਿਆਰਾਂ ’ਤੇ ਚਰਚਾ ਕੀਤੀ ਗਈ। ਅਮਰੀਕਾ ਤੇ ਉਸ ਦੇ ਸਹਿਯੋਗੀਆਂ ਦਾ ਕਹਿਣਾ ਹੈ ਕਿ 15 ਮੈਂਬਰੀ ਸਲਾਮਤੀ ਕੌਂਸਲ ਵਿਚ ਸੋਮਵਾਰ ਨੂੰ ਜਿਸ ਮਤੇ ’ਤੇ ਚਰਚਾ ਹੋਈ ਉਸ ਦਾ ਇਕੋ ਇਕ ਮਕਸਦ ਰੂਸ ਦੇ ਪੁਲਾੜ ਵਿਚ ਹਥਿਆਰਾਂ ਦੀ ਤਾਇਨਾਤੀ ਦੇ ਅਸਲ ਮੰਤਵ ਤੋਂ ਕੁੱਲ ਆਲਮ ਦਾ ਧਿਆਨ ਭਟਕਾਉਣਾ ਹੈ। ਅਮਰੀਕੀ ਉਪ ਰਾਜਦੂਤ ਰੌਬਰਟ ਵੁੱਡ ਨੇ ਕੌਂਸਲ ਨੂੰ ਦੱਸਿਆ, “ਅੱਜ ਸਾਡੇ ਸਾਹਮਣੇ ਰੱਖੀ ਗਈ ਤਜਵੀਜ਼ ਹੋਰ ਕੁਝ ਨਹੀਂ, ਬਲਕਿ ਰੂਸ ਦੀ ਧਿਆਨ ਭਟਕਾਉਣ ਦੀ ਕੋਸ਼ਿਸ਼ ਹੈ।”


Global Allianz

ਕਾਨੂੰਨੀ ਸਲਾਹਾਂ

LAW FIRM LLP

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ ’ਤੇ ਸੱਟ ਲਗਣਾ



Atul Kapoor
C.E.O

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਸੰਘੀ ਅਧਿਕਾਰੀ ਨੈਨਸੀ ਪੇਲੋਸੀ ਦੇ ਪਤੀ 'ਤੇ ਹਮਲਾ ਕਰਨ ਵਾਲੇ ਵਿਅਕਤੀ ਨੂੰ 30 ਸਾਲ ਕੈਦ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਸੰਘੀ ਅਧਿਕਾਰੀ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕਰਨ ਅਤੇ ਇੱਕ ਸੰਘੀ ਅਧਿਕਾਰੀ ਦੇ ਪਤੀ 'ਤੇ ਹਮਲਾ ਕਰਨ ਦੇ ਦੋਸ਼ ਹੇਠ ਅਦਾਲਤ ਨੇ ਸੰਘੀ ਦੋਸ਼ਾਂ ਤਹਿਤ ਡੇਵਿਡ ਡੀਪੇਪ ਨਾਮਕ 44 ਸਾਲਾ ਵਿਅਕਤੀ ਨੂੰ ਦੋਸ਼ੀ ਠਹਿਰਾਇਆ ਹੈ। ਯੂ.ਐੱਸ. ਅਟਾਰਨੀ ਇਸਮਾਈਲ ਜੇ. ਰਾਮਸੇ ਨੇ ਇੱਕ ਪ੍ਰੈੱਸ ਰਿਲੀਜ਼ ਵਿਚ ਕਿਹਾ, "ਅਸੀਂ ਜਿਊਰੀ ਦੇ ਵਿਚਾਰ-ਵਟਾਂਦਰੇ ਅਤੇ ਨਿਆਂ ਲਈ ਧੰਨਵਾਦੀ ਹਾਂ, ਜੋ ਦੋਸ਼ੀ ਨੂੰ ਇਹ ਸਜ਼ਾ ਦਾ ਫੈਸਲਾ ਸੁਣਾਇਆ ਗਿਆ ਹੈ।"



ਦੱਸਣਯੋਗ ਹੈ ਕਿ ਡੇਵਿਡ ਡੀਪੇਪ ਨਾਮੀ ਇਕ ਵਿਅਕਤੀ ਨੇ 28 ਅਕਤੂਬਰ, 2022 ਨੂੰ ਸਾਨ ਫਰਾਂਸਿਸਕੋ, ਕੈਲੀਫੋਰਨੀਆ ਵਿਚ ਇਸ ਜੋੜੇ ਦੇ ਘਰ ਵਿਚ ਦਾਖਲ ਹੋਇਆ। ਜਿੱਥੇ ਉਸਨੇ ਨੈਨਸੀ ਪੇਲੋਸੀ ਦੇ 82 ਸਾਲਾ ਪਤੀ ਪਾਲ ਪੇਲੋਸੀ 'ਤੇ ਹਥੌੜੇ ਨਾਲ ਹਮਲਾ ਕੀਤਾ, ਜੋ ਕਿ ਪੁਲਿਸ ਬਾਡੀ ਕੈਮਰੇ ਵਿਚ ਕੈਦ ਹੋ ਗਿਆ।

ਹਮਲਾਵਰ ਡੇਵਿਡ ਡੀਪੇਪ ਉਸ ਦੇ ਘਰ ਵਿਚ ਦਾਖਲ ਹੋਇਆ ਅਤੇ ਉਸ ਨੇ ਨੈਨਸੀ ਪੇਲੋਸੀ ਨੂੰ ਮਿਲਣ ਦੀ ਮੰਗ ਕੀਤੀ, ਜੋ ਉਸ ਸਮੇਂ ਸਦਨ ਦੀ ਸਪੀਕਰ ਸੀ। ਜਦੋਂ ਹਮਲਾ ਹੋਇਆ, ਤਾਂ ਉਹ ਉਸ ਵਕਤ ਘਰ ਵਿਚ ਨਹੀਂ ਸੀ। ਪਾਲ ਪੇਲੋਸੀ 'ਤੇ ਹਥੌੜੇ ਨਾਲ ਹਮਲਾ ਕਰਨ ਵਾਲੇ ਦੋਸ਼ੀ ਵਿਅਕਤੀ ਨੂੰ ਸ਼ੁੱਕਰਵਾਰ ਨੂੰ ਅਦਾਲਤ ਨੇ 30 ਸਾਲ ਦੀ ਸਜ਼ਾ ਸੁਣਾਈ। ਹਮਲਾਵਰ ਦੋਸ਼ੀ ਡੀਪੇਪ ਨੇ ਮੁਕੱਦਮੇ ਦੀ ਗਵਾਹੀ ਦੌਰਾਨ ਮੰਨਿਆ ਕਿ ਜੇਕਰ ਨੈਨਸੀ ਪੇਲੋਸੀ ਉਸ ਨੂੰ ਘਰ ਵਿਚ ਉਸ ਸਮੇਂ ਮਿਲ ਜਾਂਦੀ, ਤਾਂ ਉਹ ਇਸ ਨੂੰ ਬੰਧਕ ਬਣਾਉਣਾ ਚਾਹੁੰਦਾ ਸੀ ਅਤੇ "ਉਸ ਦੇ ਗੋਡੇ ਵੀ ਤੋੜਨਾ" ਚਾਹੁੰਦਾ ਸੀ। ਵਕੀਲਾਂ ਨੇ ਕਿਹਾ ਦੋਸ਼ੀ ਦੀਆਂ ਕਾਰਵਾਈਆਂ ਸਿਆਸੀ ਵਿਸ਼ਵਾਸਾਂ ਅਤੇ ਸਾਜ਼ਿਸ਼ ਦੇ ਸਿਧਾਂਤਾਂ ਤੋਂ ਪ੍ਰੇਰਿਤ ਸਨ।"

# ਜਾਰਜੀਆ ਦਾ 10 ਸਾਲਾ ਕੈਂਸਰ ਸਰਵਾਈਵਰ ਆਰੀਆ ਪਟੇਲ ਇੱਕ ਦਿਨ ਲਈ ਪੁਲਿਸ ਅਧਿਕਾਰੀ ਬਣਿਆ


**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**-10 ਸਾਲਾ ਕੈਂਸਰ ਸਰਵਾਈਵਰ ਭਾਰਤੀ ਆਰੀਆ ਪਟੇਲ ਦੀ ਪੁਲਿਸ ਅਫਸਰ ਬਣਨ ਦੀ ਇੱਛਾ ਪੂਰੀ ਹੋਈ, ਜਦੋਂ ਉਸ ਨੇ ਇੱਕ ਦਿਨ ਦੀ ਡਿਊਟੀ ਦੌਰਾਨ ਖੋਜ ਅਤੇ ਬਚਾਅ ਕਾਰਜਾਂ ਦੇ ਨਾਲ-ਨਾਲ ਫਾਇਰ ਫਾਈਟਿੰਗ ਵਿਚ ਵੀ ਹਿੱਸਾ ਲਿਆ। ਅਮਰੀਕਾ ਦੇ ਜਾਰਜੀਆ 'ਚ ਰਹਿਣ ਵਾਲੇ ਗੁਜਰਾਤੀ ਮੂਲ ਦੇ ਆਰੀਆ ਪਟੇਲ ਨਾਂ ਦੇ ਲੜਕੇ ਨੇ ਕੈਂਸਰ ਨਾਲ ਪੂਰੀ ਤਾਕਤ ਨਾਲ ਲੜਿਆ ਹੈ ਅਤੇ ਇਸ ਨੂੰ ਹਰਾਇਆ ਹੈ। ਆਰੀਆ ਦੀ ਉਮਰ ਸਿਰਫ 10 ਸਾਲ ਦੇ ਕਰੀਬ ਹੈ। ਪਰ ਇੰਨੀ ਛੋਟੀ ਉਮਰ ਵਿਚ ਵੀ ਇਸ ਲੜਕੇ ਵਿਚ ਇੰਨੀ ਹਿੰਮਤ ਹੈ। ਉਸ ਦਾ ਜਨੂੰਨ ਅਜਿਹਾ ਹੈ ਕਿ



ਉਸਨੂੰ ਦੇਖ ਕੇ ਕੋਈ ਨਹੀਂ ਦੱਸ ਸਕਦਾ ਕਿ ਉਹ ਕਦੇ ਕੈਂਸਰ ਦਾ ਮਰੀਜ਼ ਸੀ। ਛੋਟੀ ਉਮਰੇ ਆਰੀਆ ਦੀ ਇੱਛਾ ਵੱਡਾ ਹੋ ਕੇ ਪੁਲਿਸ ਅਫਸਰ ਬਣਨ ਦੀ ਸੀ, ਇਸ ਲਈ ਉਸਨੂੰ ਪੁਲਿਸ ਦੀ ਵਰਦੀ ਪਾਉਣ ਲਈ ਲੰਬਾ ਸਮਾਂ ਇੰਤਜ਼ਾਰ ਕਰਨਾ ਪਿਆ, ਪਰ ਹੁਣ ਆਰੀਆ ਪਟੇਲ ਦੀ ਇੱਛਾ ਪੂਰੀ ਹੋ ਗਈ ਹੈ। ਆਰੀਆ ਪਟੇਲ, ਜੋ ਬੀਤੇ ਸ਼ਨੀਵਾਰ ਨੂੰ ਜਾਰਜੀਆ ਦੇ ਕੋਬ ਕਾਊਂਟੀ ਪੁਲਿਸ ਵਿਭਾਗ ਵਿਚ ਵਰਦੀ ਵਿਚ ਦਫਤਰ ਪਹੁੰਚੇ ਸਨ, ਦਾ ਸਵਾਗਤ ਇੱਕ ਕਿਤਾਬ ਦੇ ਨਾਲ ਕੀਤਾ ਗਿਆ ਸੀ ਅਤੇ ਉਸ ਨੂੰ ਸਹੁੰ ਚੁਕਾਈ ਗਈ ਸੀ। ਇੱਕ ਖਿਡੌਣਾ ਬੰਦੂਕ ਦੇ ਨਾਲ-ਨਾਲ ਇੱਕ ਬੈਜ ਅਤੇ ਟੋਪੀ ਵੀ ਉਸ ਨੂੰ ਦਿੱਤੀ ਗਈ ਸੀ। ਕੈਂਸਰ ਨੂੰ ਮਾਤ ਦੇ ਕੇ ਪੁਲਿਸ ਅਧਿਕਾਰੀ ਬਣਨ ਦਾ ਸੁਪਨਾ ਦੇਖਣ ਵਾਲੇ ਆਰੀਆ ਦੇ ਜਨੂੰਨ ਨੂੰ ਸਲਾਮ ਕਰਦੇ ਹੋਏ, ਕੋਬ ਕਾਊਂਟੀ ਦੇ ਪਬਲਿਕ ਸੇਫਟੀ ਡਾਇਰੈਕਟਰ ਮਾਈਕ ਰਜਿਸਟਰ ਨੇ ਕਿਹਾ ਕਿ ਆਰੀਆ ਪਟੇਲ ਇਸ ਗੱਲ ਦੀ ਉੱਤਮ ਉਦਾਹਰਣ ਹੈ ਕਿ ਇੱਕ ਪੁਲਿਸ ਅਧਿਕਾਰੀ ਕਿਹੋ ਜਿਹਾ ਹੋਣਾ ਚਾਹੀਦਾ ਹੈ।

# ਅਮਰੀਕਾ 'ਚ ਸੜਕ ਹਾਦਸੇ 'ਚ ਮਾਰੇ ਗਏ 8 ਵਿਅਕਤੀਆਂ ਦੀ ਮੌਤ ਦੇ ਮਾਮਲੇ 'ਚ ਜੱਜ ਵੱਲੋਂ ਡਰਾਈਵਰ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਤੋਂ ਨਾਂਹ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਫਲੋਰਿਡਾ ਰਾਜ ਵਿਚ ਬੀਤੇ ਦਿਨੀਂ ਨਸ਼ੇ ਦੀ ਹਾਲਤ ਵਿਚ ਹੋਏ ਹਾਦਸੇ ਜਿਸ ਵਿਚ 8 ਵਿਅਕਤੀ ਮਾਰੇ ਗਏ ਸਨ, ਦੇ ਮਾਮਲੇ ਵਿਚ ਜੱਜ ਨੇ ਟਰੱਕ ਦੇ ਡਰਾਈਵਰ ਨੂੰ ਬਾਂਡ (ਜ਼ਮਾਨਤ) ਉਪਰ ਰਿਹਾਅ ਕਰਨ ਤੋਂ ਨਾਂਹ ਕਰ ਦਿੱਤੀ ਹੈ। ਪਿਕਅੱਪ ਟਰੱਕ ਦੇ ਡਰਾਈਵਰ ਬਰੀਅਨ ਮੈਕਲੀ ਹਾਵਰਡ (41) ਵਿਰੁੱਧ 8 ਹੱਤਿਆਵਾਂ ਦੇ ਦੋਸ਼ ਲਾਏ ਗਏ ਹਨ, ਜਦਕਿ ਡਰਾਈਵਰ ਨੇ ਨਸ਼ੇ ਦੀ ਹਾਲਤ 'ਚ ਟਰੱਕ ਚਲਾਉਣ ਤੋਂ ਇਨਕਾਰ ਕੀਤਾ ਹੈ ਤੇ ਉਸ ਨੇ ਕਿਹਾ ਹੈ ਕਿ ਇਹ ਮਹਿਜ ਇਕ ਹਾਦਸਾ ਹੈ। ਅਧਿਕਾਰੀਆਂ ਅਨੁਸਾਰ



ਬਰੀਅਨ ਹਾਵਰਡ ਆਪਣੇ 2001 ਫੋਰਡ ਰੇਂਜਰ ਛੋਟੇ ਟਰੱਕ 'ਤੇ ਉਕਾਲਾ ਦੇ ਪੱਛਮ ਵਿਚ ਰਾਸ਼ਟਰੀ ਮਾਗਰ 40 ਨਾਲ ਵਿਚਕਾਰਲੀ ਲਾਈਨ 'ਤੇ ਜਾ ਰਿਹਾ ਸੀ, ਜਦੋਂ ਉਸ ਨੇ ਆਪਣੀ ਗੱਡੀ ਬੱਸ ਵਿਚ ਠੋਕ ਦਿੱਤੀ, ਜਿਸ ਵਿਚ 50 ਖੇਤੀ ਕਾਮੇ ਸਵਾਰ ਸਨ। ਫਲੋਰਿਡਾ ਰਾਸ਼ਟਰੀ ਮਾਰਗ ਗਸ਼ਤੀ ਦਲ ਅਨੁਸਾਰ ਬੱਸ ਉਲਟ ਗਈ, ਜਿਸ ਦੇ ਸਿੱਟੇ ਵਜੋਂ 8 ਖੇਤੀ ਕਾਮੇ ਮਾਰੇ ਗਏ ਤੇ 40 ਹੋਰ ਜ਼ਖਮੀ ਹੋ ਗਏ। ਜੱਜ ਨੇ 3 ਦਿਨ ਪਹਿਲਾਂ ਹੋਏ ਇਕ ਕਾਰ ਹਾਦਸੇ ਜਿਸ ਵਿਚ ਹਾਵਰਡ ਸ਼ਾਮਿਲ ਸੀ, ਦਾ ਹਵਾਲਾ ਦਿੰਦਿਆਂ ਕਿਹਾ ਕਿ ਜਦੋਂ ਤੱਕ ਮਾਮਲੇ ਦੀ ਸੁਣਵਾਈ ਨਹੀਂ ਹੋ ਜਾਂਦੀ, ਉਹ ਮੋਟਰ ਵਾਹਣ ਨਹੀਂ ਚਲਾ ਸਕੇਗਾ। ਨਾ ਹੀ ਉਹ ਅਲਕੋਹਲ ਰੱਖ ਸਕੇਗਾ ਤੇ ਨਾ ਪੀ ਸਕੇਗਾ। ਇਸ ਤੋਂ ਪਹਿਲਾਂ ਵਕੀਲ ਨੇ ਜੱਜ ਨੂੰ ਬੇਨਤੀ ਕੀਤੀ ਸੀ ਕਿ ਹਾਵਰਡ ਦਾ ਅਪਰਾਧਕ ਪਿਛੋਕੜ ਵੇਖਦੇ ਹੋਏ ਉਸ ਨੂੰ ਬਾਂਡ ਉਪਰ ਰਿਹਾਅ ਨਾ ਕੀਤਾ ਜਾਵੇ। ਜੱਜ ਵੱਲੋਂ ਮਾਮਲੇ ਦੀ ਅਗਲੀ ਸੁਣਵਾਈ 18 ਜੂਨ ਨੂੰ ਕੀਤੀ ਜਾਵੇਗੀ। ਮਾਰੇ ਗਏ ਸਾਰੇ ਕਾਮੇ ਮੈਕਸੀਕੋ ਦੇ ਨਾਗਰਕ ਸਨ। ਫਲੋਰਿਡਾ ਫਰੂਟ ਐਂਡ ਵੈਜੀਟੇਬਲ ਐਸੋਸੀਏਸ਼ਨ ਨੇ ਕਿਹਾ ਹੈ ਕਿ ਐੱਚ-2 ਏ ਫਾਰਮ ਵਰਕਰ ਵੀਜ਼ੇ ਉਪਰ ਫਲੋਰਿਡਾ ਦੇ ਕਿਸਾਨ ਹਰ ਸਾਲ 50000 ਵਿਦੇਸ਼ੀ ਖੇਤੀ ਕਾਮਿਆਂ ਨੂੰ ਬੁਲਾਉਂਦੇ ਹਨ।

# ਉੱਤਰੀ ਕੈਰੋਲੀਨਾ 'ਚ ਕਾਰ ਹਾਦਸੇ ਦੌਰਾਨ ਹੈਦਰਾਬਾਦ ਦੇ ਵਿਅਕਤੀ ਦੀ ਮੌਤ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਪਿਛਲੇ ਕੁਝ ਸਮੇਂ ਤੋਂ ਅਮਰੀਕਾ ਵਿਚ ਘਾਤਕ ਹਾਦਸਿਆਂ ਦਾ ਸਾਹਮਣਾ ਕਰ ਰਹੇ ਤੇਲਗੂ ਭਾਈਚਾਰੇ ਦੇ ਵਿਅਕਤੀਆਂ ਦੇ ਕੇਸਾਂ ਦੀ ਵੱਧਦੀ ਗਿਣਤੀ ਸੁਣ ਰਹੇ ਹਾਂ। ਇੱਥੇ ਭਾਰਤ ਦੇ ਸੂਬੇ ਹੈਦਰਾਬਾਦ ਦੇ ਇੱਕ ਵਿਅਕਤੀ ਦੀ ਉੱਤਰੀ ਕੈਰੋਲੀਨਾ 'ਚ ਇਕ ਸੜਕ ਹਾਦਸੇ 'ਚ ਮੌਤ ਹੋ ਜਾਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇਸ ਹਾਦਸੇ ਵਿਚ ਮਾਰਿਆ ਗਿਆ ਵਿਅਕਤੀ, ਜਿਸ ਦਾ ਨਾਂ ਅਬਾਰਾਜੂ ਪ੍ਰਿਥਵੀ ਰਾਜ ਸੀ। ਜਿਸ ਦਾ ਭਾਰਤ ਤੋਂ ਪਿਛੋਕੜ ਹੈਦਰਾਬਾਦ ਦੇ ਐੱਲ.ਬੀ. ਨਗਰ ਦੇ ਇਲਾਕੇ ਅਲਕਾਪੁਰੀ ਦੇ ਨਾਲ ਸੀ।

ਮ੍ਰਿਤਕ ਪ੍ਰਿਥਵੀ ਆਪਣੀ ਪਤਨੀ ਸ਼੍ਰੀਪ੍ਰਿਯਾ ਦੇ ਨਾਲ 8 ਸਾਲ ਤੋਂ ਅਮਰੀਕਾ 'ਚ ਰਹਿ ਰਿਹਾ ਸੀ। ਬੀਤੀ



ਰਾਤ ਨੂੰ, ਉਹ ਇੱਕ ਸੜਕ ਕਾਰ ਹਾਦਸੇ ਵਿਚ ਮਾਰਿਆ ਗਿਆ, ਕਿਉਂਕਿ ਬਰਸਾਤ ਕਾਰਨ ਉਸਦੀ ਕਾਰ ਉਸਦੇ ਅੱਗੇ ਜਾਂਦੀ ਕਾਰ ਦੇ ਨਾਲ ਟਕਰਾ ਗਈ ਸੀ। ਘਟਨਾ ਤੋਂ ਬਾਅਦ, ਪ੍ਰਿਥਵੀ ਨੂੰ ਪੁਲਿਸ ਨੇ ਕਾਰ ਤੋਂ ਹੇਠਾਂ ਉਤਰਿਆ, ਜਦੋਂ ਇੱਕ ਹੋਰ ਕਾਰ ਆਈ ਅਤੇ ਉਸ ਨਾਲ ਟਕਰਾ ਗਈ। ਟੱਕਰ ਦੇ ਕਾਰਨ ਪ੍ਰਿਥਵੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਮੌਕੇ 'ਤੇ ਪਹੁੰਚੀਆਂ ਐਮਰਜੈਂਸੀ ਸੇਵਾਵਾਂ ਨੇ ਵੀ ਉਸ ਦੀ ਮੌਤ ਦੀ ਪੁਸ਼ਟੀ ਕੀਤੀ।

## ਭਾਰਤੀ ਵਿਦਿਆਰਥਣਾਂ ਵੱਲੋਂ ਬਾਇਡਨ ਨੂੰ ਗਾਜ਼ਾ ਬਾਰੇ ਅਪੀਲ

**ਵਾਸ਼ਿੰਗਟਨ, (ਪੰਜਾਬ ਮੇਲ)**- ਭਾਰਤੀ ਮੂਲ ਦੀਆਂ ਦੋ ਅਮਰੀਕੀ ਵਿਦਿਆਰਥਣਾਂ ਨੇ ਕਿਹਾ ਹੈ ਕਿ ਬਾਇਡਨ ਪ੍ਰਸ਼ਾਸਨ ਨੂੰ ਗਾਜ਼ਾ 'ਚ ਜੰਗ ਨੂੰ ਲੈ ਕੇ ਨੌਜਵਾਨਾਂ ਦੀ ਆਵਾਜ਼ ਸੁਣਨੀ ਚਾਹੀਦੀ ਹੈ। ਵਿਦਿਆਰਥਣਾਂ ਨੇ ਇਜ਼ਰਾਈਲ ਦੀ ਹਮਾਇਤ ਨਾ ਕਰਨ ਦੀ ਮੰਗ 'ਤੇ ਪੂਰੇ ਅਮਰੀਕਾ ਦੇ ਕਾਲਜ ਕੈਂਪਸਾਂ 'ਚ ਚੱਲ ਰਹੇ ਰੋਸ ਮੁਜ਼ਾਹਰਿਆਂ ਦੇ ਪੱਖ 'ਚ ਇਹ ਗੱਲ ਕਹੀ ਹੈ। ਇਜ਼ਰਾਈਲ-ਹਮਾਸ ਜੰਗ ਖ਼ਿਲਾਫ਼ ਰੋਸ ਮੁਜ਼ਾਹਰੇ ਹਾਲ ਹੀ ਦੇ ਹਫ਼ਤਿਆਂ 'ਚ ਅਮਰੀਕੀ ਯੂਨੀਵਰਸਿਟੀਆਂ ਤੇ ਕਾਲਜ ਕੈਂਪਸਾਂ ਤੱਕ ਫੈਲ ਗਏ ਹਨ। ਇਸੇ ਵਜ੍ਹਾ ਕਾਰਨ ਵਿੱਦਿਅਕ ਗਤੀਵਿਧੀਆਂ 'ਚ ਅੜਿੱਕੇ ਪੈ ਰਹੇ ਹਨ ਤੇ ਕਈ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਹੈ। ਪੈਨਸਿਲਵੇਨੀਆ ਯੂਨੀਵਰਸਿਟੀ ਦੀ ਵਿਦਿਆਰਥਣ ਆਰਾ ਸੰਪਤ ਨੇ ਕਿਹਾ, 'ਬਹੁਤ ਸਾਰੇ ਵਿਦਿਆਰਥੀ ਮੌਜੂਦਾ ਸਮੇਂ ਵੱਖ-ਵੱਖ ਤਰ੍ਹਾਂ ਰੋਸ ਮੁਜ਼ਾਹਰੇ ਕਰ ਰਹੇ ਹਨ।

# ਅਮਰੀਕਾ 'ਚ 4 ਭਾਰਤੀਆਂ ਸਮੇਤ 6 ਵਿਅਕਤੀਆਂ 'ਤੇ ਇਮੀਗ੍ਰੇਸ਼ਨ ਵੀਜ਼ਾ ਅਪਲਾਈ ਕਰਨ ਲਈ ਸਾਜ਼ਿਸ਼ ਰਚਣ ਦਾ ਦੋਸ਼

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ਚਾਰ ਭਾਰਤੀ ਨਾਗਰਿਕਾਂ ਸਮੇਤ ਛੇ ਵਿਅਕਤੀਆਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਸ਼ਿਕਾਗੋ ਅਤੇ ਇਸ ਦੇ ਉਪਨਗਰਾਂ ਵਿਚ ਹਥਿਆਰਬੰਦ ਫਰਜ਼ੀ ਡਕੈਤੀਆਂ ਦੀ ਸਾਜ਼ਿਸ਼ ਰਚੀ, ਤਾਂ ਜੋ ਕਥਿਤ ਪੀੜਤ, ਅਮਰੀਕਾ ਵਿਚ ਕੁਝ ਅਪਰਾਧ ਪੀੜਤਾਂ ਲਈ ਰਾਖਵੇਂ ਇਮੀਗ੍ਰੇਸ਼ਨ ਵੀਜ਼ੇ ਲਈ ਅਰਜ਼ੀ ਦੇ ਸਕਣ। ਸ਼ਿਕਾਗੋ ਦੀ ਸੰਘੀ ਅਦਾਲਤ ਵਿਚ ਦਾਇਰ ਦੋਸ਼ ਇਹ ਸਨ ਕਿ ਭੀਖਾਭਾਈ ਪਟੇਲ, ਨੀਲੇਸ਼ ਪਟੇਲ, ਰਵੀਨਾਬੇਨ ਪਟੇਲ ਅਤੇ ਰਜਨੀ ਕੁਮਾਰ ਪਟੇਲ ਨੇ ਪਾਰਥ ਨਾਈ ਅਤੇ ਕੇਵੋਂਗ ਯੰਗ ਨਾਲ ਮਿਲ ਕੇ ਡਕੈਤੀ ਕਰਨ ਦੀ ਸਾਜ਼ਿਸ਼ ਰਚੀ, ਤਾਂ ਜੋ ਉਹ ਖ਼ੁਦ ਨੂੰ 'ਪੀੜਤ' ਵਜੋਂ ਪੇਸ਼ ਕਰਕੇ 'ਯੂ' ਗੈਰ-ਪ੍ਰਵਾਸੀ ਦਰਜਾ ਯੂ-ਵੀਜ਼ਾ ਪ੍ਰਾਪਤ ਕਰਨ ਲਈ ਅਪਲਾਈ ਕਰ ਸਕਣ।

ਜ਼ਿਕਰਯੋਗ ਹੈ ਕਿ ਯੂ-ਵੀਜ਼ਾ ਕੁਝ ਖਾਸ ਅਪਰਾਧਾਂ ਦੇ ਪੀੜਤਾਂ ਲਈ ਰਾਖਵੇਂ ਹਨ, ਜਿਨ੍ਹਾਂ ਨੇ ਮਾਨਸਿਕ ਜਾਂ ਸਰੀਰਕ ਸ਼ੋਸ਼ਣ ਦਾ ਸਾਹਮਣਾ ਕੀਤਾ ਹੈ ਅਤੇ ਜਾਂਚ ਜਾਂ ਮੁਕੱਦਮੇ ਵਿਚ ਕਾਨੂੰਨ ਲਾਗੂ ਕਰਨ ਵਾਲੇ ਜਾਂ ਸਰਕਾਰੀ ਅਧਿਕਾਰੀਆਂ ਦੀ ਸਹਾਇਤਾ ਕੀਤੀ ਹੈ। ਇਲਜ਼ਾਮ ਵਿਚ ਦੋਸ਼ ਲਾਇਆ ਗਿਆ ਹੈ ਕਿ ਚਾਰ ਵਿਅਕਤੀਆਂ ਨੇ ਘੁਟਾਲੇ ਵਿਚ ਹਿੱਸਾ ਲੈਣ ਲਈ ਬਾਰਬਰ (ਨਾਈ) ਨੂੰ ਹਜ਼ਾਰਾਂ ਡਾਲਰ ਅਦਾ ਕੀਤੇ। ਇਲਜ਼ਾਮ ਵਿਚ ਕਿਹਾ ਗਿਆ ਹੈ ਕਿ ਨਕਲੀ ਲੁੱਟਾਂ ਦੌਰਾਨ, ਕੁਝ ਵਿਅਕਤੀ ਹਥਿਆਰਾਂ ਨਾਲ ਕਥਿਤ ਪੀੜਤਾਂ ਕੋਲ ਆਏ ਅਤੇ ਉਨ੍ਹਾਂ ਨੂੰ ਲੁੱਟ ਲਿਆ। ਇਸ ਵਿਚ ਕਿਹਾ ਗਿਆ ਹੈ ਕਿ ਕਥਿਤ ਪੀੜਤਾਂ ਨੇ ਬਾਅਦ ਵਿੱਚ ਇਹ ਪ੍ਰਮਾਣੀਕਰਣ ਪ੍ਰਾਪਤ ਕਰਨ ਲਈ ਸਥਾਨਕ ਕਾਨੂੰਨ ਲਾਗੂ ਕਰਨ ਲਈ ਫਾਰਮ ਜਮ੍ਹਾਂ ਕਰਵਾਏ ਕਿ ਉਹ ਇੱਕ ਅਪਰਾਧ ਦੇ ਸ਼ਿਕਾਰ ਸਨ ਅਤੇ ਉਨ੍ਹਾਂ ਨੇ ਸਹਿਯੋਗ ਕੀਤਾ ਹੈ ਅਤੇ ਜਾਂਚ ਵਿਚ ਸਹਿਯੋਗ ਕਰਨਾ ਜਾਰੀ ਰੱਖਣਗੇ। ਨਿਆਂ ਵਿਭਾਗ ਨੇ ਇੱਕ ਬਿਆਨ ਵਿਚ ਕਿਹਾ ਕੁਝ ਕਥਿਤ ਪੀੜਤਾਂ ਨੇ ਡਕੈਤੀ ਪੀੜਤਾਂ ਵਜੋਂ ਆਪਣੀ ਸਥਿਤੀ ਦੇ ਆਧਾਰ 'ਤੇ ਯੂ.ਐੱਸ. ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਸੇਵਾਵਾਂ ਨੂੰ ਫਰਜ਼ੀ ਯੂ-ਵੀਜ਼ਾ ਅਰਜ਼ੀਆਂ ਜਮ੍ਹਾਂ ਕਰਾਈਆਂ। ਨਾਈ (26), ਯੰਗ (31), ਭੀਖਾਭਾਈ ਪਟੇਲ (51), ਨੀਲੇਸ਼ ਪਟੇਲ (32), ਰਵੀਨਾਬੇਨ ਪਟੇਲ (23) ਅਤੇ ਰਜਨੀਕੁਮਾਰ ਪਟੇਲ (32) 'ਤੇ ਵੀਜ਼ਾ ਧੋਖਾਧੜੀ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਾਏ ਗਏ ਹਨ। ਰਵੀਨਾਬੇਨ ਪਟੇਲ 'ਤੇ ਵੀਜ਼ਾ ਅਰਜ਼ੀ 'ਚ ਗਲਤ ਬਿਆਨ ਦੇਣ ਦਾ ਵੱਖਰਾ ਦੋਸ਼ ਵੀ ਲਗਾਇਆ ਗਿਆ ਹੈ। ਇੱਕ ਮੀਡੀਆ ਰੀਲੀਜ਼ ਵਿਚ ਕਿਹਾ ਗਿਆ ਹੈ ਕਿ ਧੋਖਾਧੜੀ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿਚ ਵੱਧ ਤੋਂ ਵੱਧ ਪੰਜ ਸਾਲ ਦੀ ਸਜ਼ਾ ਹੈ, ਜਦੋਂਕਿ ਇੱਕ ਵੀਜ਼ਾ ਅਰਜ਼ੀ ਵਿਚ ਝੂਠੇ ਬਿਆਨ ਦੇਣ ਦੇ ਦੋਸ਼ ਵਿਚ ਵੱਧ ਤੋਂ ਵੱਧ 10 ਸਾਲ ਦੀ ਸਜ਼ਾ ਹੋ ਸਕਦੀ ਹੈ।


ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com



For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $25000.00 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system, with two sources of water and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $25000.00 per Acre.

ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780



E-Mail: gurneknagra@yahoo.com
Web Page: gurneknagra.com

# ਜਲੰਧਰ ਲੋਕ ਸਭਾ ਹਲਕਾ 'ਚ ਹੋਵੇਗਾ ਫਸਵਾਂ ਮੁਕਾਬਲਾ



**ਜਲੰਧਰ, (ਪੰਜਾਬ ਮੇਲ)**- ਲੋਕ ਸਭਾ ਚੋਣਾਂ ਦੇ ਸੱਤਵੇਂ ਤੇ ਆਖ਼ਰੀ ਗੇੜ ਦੀਆਂ ਵੋਟਾਂ ਪਹਿਲੀ ਜੂਨ ਨੂੰ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਲਈ ਪੈਣੀਆਂ ਹਨ, ਜਿਨ੍ਹਾਂ ਵਿਚੋਂ ਜਲੰਧਰ ਚਰਚਿਤ ਸੀਟ ਮੰਨੀ ਜਾਂਦੀ ਹੈ। ਦੇਖਣ ਨੂੰ ਤਾਂ ਇੱਥੇ ਪੰਜ ਕੋਣਾ ਮੁਕਾਬਲਾ ਜਾਪ ਰਿਹਾ ਸੀ ਪਰ ਜਿਉਂ-ਜਿਉਂ ਚੋਣਾਂ ਦਾ ਦਿਨ ਨੇੜੇ ਆ ਰਿਹਾ ਹੈ, ਤਾਂ ਇਹ ਤਿਕੋਣੇ ਮੁਕਾਬਲੇ ਤੱਕ ਸਿਮਟ ਗਿਆ ਜਾਪਦਾ ਹੈ।

ਕਾਂਗਰਸ ਵੱਲੋਂ ਚਰਨਜੀਤ ਸਿੰਘ ਚੰਨੀ, 'ਆਪ' ਵੱਲੋਂ ਪਵਨ ਕੁਮਾਰ ਟੀਨੂੰ, ਭਾਜਪਾ ਵੱਲੋਂ ਸੁਸ਼ੀਲ ਕੁਮਾਰ ਰਿੰਕੂ, ਸ਼੍ਰੋਮਣੀ ਅਕਾਲੀ ਦਲ ਵੱਲੋਂ ਮਹਿੰਦਰ ਸਿੰਘ ਕੇ.ਪੀ., ਬਸਪਾ ਵੱਲੋਂ ਬਲਵਿੰਦਰ ਕੁਮਾਰ ਤੇ ਸੀ.ਪੀ.ਐੱਮ. ਵੱਲੋਂ ਪ੍ਰਸ਼ੋਤਮ ਲਾਲ ਬਿਲਗਾ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਸਰਬਜੀਤ ਸਿੰਘ ਖਾਲਸਾ ਸਮੇਤ 20 ਉਮੀਦਵਾਰ ਜਲੰਧਰ ਤੋਂ ਚੋਣ ਲੜ ਰਹੇ ਹਨ। ਚੰਨੀ ਨੂੰ ਜਲੰਧਰ ਤੋਂ ਮਜ਼ਬੂਤ ਉਮੀਦਵਾਰ ਮੰਨਿਆ ਜਾ ਰਿਹਾ ਸੀ ਪਰ ਹੁਣ ਵਿਰੋਧੀਆਂ ਵੱਲੋਂ ਕੀਤੇ ਗਏ ਜ਼ੋਰਦਾਰ ਪ੍ਰਚਾਰ ਕਾਰਨ ਮੁਕਾਬਲਾ ਫਸਵਾਂ ਬਣ ਗਿਆ ਹੈ। ਕਾਂਗਰਸ ਦੇ ਫਿਲੌਰ ਤੋਂ ਵਿਧਾਇਕ ਚੌਧਰੀ ਵਿਕਰਮਜੀਤ ਸਿੰਘ ਪਹਿਲੇ ਦਿਨ ਤੋਂ ਉਨ੍ਹਾਂ ਨੂੰ ਉਮੀਦਵਾਰ ਬਣਾਏ ਜਾਣ ਦਾ ਵਿਰੋਧ ਕਰ ਰਹੇ ਹਨ। ਸਾਬਕਾ ਮੁੱਖ ਮੰਤਰੀ ਡੇਰਾ ਬੱਲਾਂ ਦੇ ਕਰੀਬੀ ਦੱਸੇ ਜਾਂਦੇ ਹਨ। ਉਨ੍ਹਾਂ ਦੀ ਚੋਣ ਮੁਹਿੰਮ ਪਹਿਲਾਂ ਦੇ ਮੁਕਾਬਲੇ ਮੱਠੀ ਪੈਣ ਦੇ ਚਰਚੇ ਹਨ। ਕੁਝ ਸੀਨੀਅਰ ਕਾਂਗਰਸੀ ਆਗੂਆਂ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਚੋਣ ਮੁਹਿੰਮ ਵਿਚ ਚੰਨੀ ਦੇ ਪਰਿਵਾਰ ਦਾ ਦਖ਼ਲ ਹੱਦੋਂ ਵਧ ਗਿਆ ਹੈ, ਜਿਸ ਕਾਰਨ ਪਾਰਟੀ ਵਰਕਰ ਨਿਰਾਸ਼ ਹਨ। ਅਕਾਲੀ ਦਲ ਛੱਡ ਕੇ 'ਆਪ' ਵਿਚ ਆਏ ਪਵਨ ਕੁਮਾਰ ਟੀਨੂੰ ਦੀ ਚੋਣ ਮੁਹਿੰਮ ਤੇਜ਼ੀ ਫੜ ਰਹੀ ਹੈ। ਉਨ੍ਹਾਂ ਨੂੰ ਸੱਤਾਧਾਰੀ ਧਿਰ ਦੇ ਉਮੀਦਵਾਰ ਹੋਣ ਦਾ ਲਾਭ ਵੀ ਮਿਲ ਰਿਹਾ ਹੈ। ਚਰਚਾ ਹੈ ਕਿ ਆਦਮਪੁਰ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਪਵਨ ਟੀਨੂੰ ਅਕਾਲੀ ਖੇਮੇ ਵਿਚ ਹੀ ਸੰਨ੍ਹ ਲਾ ਰਹੇ ਹਨ। ਜੇਕਰ ਅਕਾਲੀ ਦਲ ਦੀ ਕਾਰਗੁਜ਼ਾਰੀ ਮਾੜੀ ਰਹਿੰਦੀ ਹੈ, ਤਾਂ ਵੀ ਇਹ ਦੇਖਣਾ ਹੋਵੇਗਾ ਕਿ ਪਾਰਟੀ ਦੀ ਰਵਾਇਤੀ ਵੋਟ ਬੈਂਕ ਕਿਸਾਨੀ ਕਿਸ ਧਿਰ ਵੱਲ ਭੁਗਤਦੀ ਹੈ। ਬਸਪਾ ਉਮੀਦਵਾਰ ਬਲਵਿੰਦਰ ਕੁਮਾਰ ਨੇ ਸਾਲ 2019 ਦੀਆਂ ਚੋਣਾਂ ਵਿਚ ਦੋ ਲੱਖ ਤੋਂ ਵੱਧ ਵੋਟਾਂ ਹਾਸਲ ਕੀਤੀਆਂ ਸਨ ਪਰ ਉਦੋਂ ਉਨ੍ਹਾਂ ਨੂੰ ਕਈ ਹੋਰ ਧਿਰਾਂ ਦੀ ਵੀ ਹਮਾਇਤ ਹਾਸਲ ਸੀ, ਜਿਹੜੀ ਕਿ ਹੁਣ ਨਹੀਂ ਹੈ। ਜ਼ਿਮਨੀ ਚੋਣ ਵਿਚ 'ਆਪ' ਦੀ ਟਿਕਟ 'ਤੇ ਸੰਸਦ ਮੈਂਬਰ ਬਣੇ ਸੁਸ਼ੀਲ ਕੁਮਾਰ ਰਿੰਕੂ ਹੁਣ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਦੇ ਸਮਰੱਥਕਾਂ ਦਾ ਮੰਨਣਾ ਹੈ ਕਿ ਜ਼ਿਮਨੀ ਚੋਣ 'ਚ ਭਾਜਪਾ ਸ਼ਹਿਰ ਦੇ ਦੋ ਵਿਧਾਨ ਸਭਾ ਹਲਕਿਆਂ ਵਿਚੋਂ ਜਿੱਤ ਗਈ ਸੀ ਤੇ ਕਸਬਿਆਂ ਵਿਚੋਂ ਵੀ ਚੰਗੀਆਂ ਵੋਟਾਂ ਮਿਲ ਗਈਆਂ ਸਨ। ਰਾਮ ਮੰਦਰ ਬਣਨ ਮਗਰੋਂ ਹਾਲਾਤ ਬਦਲੇ ਹਨ।

ਉਧਰ, ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇ ਅਕਾਲੀ ਦਲ ਪੇਂਡੂ ਇਲਾਕਿਆਂ ਵਿਚ ਬਿਹਤਰ ਕਾਰਗੁਜ਼ਾਰੀ ਕਰਦਾ ਹੈ ਤਾਂ ਇਸ ਦਾ ਸਿੱਧਾ ਫਾਇਦਾ ਭਾਜਪਾ ਨੂੰ ਹੀ ਹੋਵੇਗਾ ਕਿਉਂਕਿ ਸ਼ਹਿਰੀ ਵੋਟ ਦਾ ਵੱਡਾ ਹਿੱਸਾ ਭਾਜਪਾ ਦੇ ਹੱਕ ਵਿਚ ਭੁਗਤੇਗਾ ਤੇ ਪੇਂਡੂ ਇਲਾਕਿਆਂ ਦੀਆਂ ਵੋਟਾਂ ਬਾਕੀ ਸਾਰੇ ਉਮੀਦਵਾਰਾਂ ਵਿਚ ਵੰਡੀਆਂ ਜਾਣਗੀਆਂ। ਹੁਣ ਜਦੋਂ ਵੋਟਾਂ ਪੈਣ ਦਾ ਦਿਨ ਨੇੜੇ ਆ ਰਿਹਾ ਹੈ, ਤਾਂ ਸਾਰੀਆਂ ਧਿਰਾਂ ਨੇ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ ਹੈ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਡਿਪਟੀ ਕਮਿਸ਼ਨਰਾਂ, ਪੁਲਿਸ ਕਮਿਸ਼ਨਰਾਂ ਅਤੇ ਐੱਸ.ਐੱਸ.ਪੀਜ਼ ਨਾਲ ਰੀਵਿਊ ਮੀਟਿੰਗ

**ਚੰਡੀਗੜ੍ਹ, (ਪੰਜਾਬ ਮੇਲ)**- ਸੂਬੇ ਵਿਚ ਸੁਤੰਤਰ, ਨਿਰਪੱਖ ਅਤੇ ਸ਼ਾਂਤਮਈ ਚੋਣਾਂ ਯਕੀਨੀ ਬਣਾਉਣ ਲਈ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਸਾਰੇ ਜ਼ਿਲ੍ਹਾ ਚੋਣ ਅਫ਼ਸਰਾਂ-ਕਮ-ਡਿਪਟੀ ਕਮਿਸ਼ਨਰਾਂ, ਪੁਲਿਸ ਕਮਿਸ਼ਨਰਾਂ ਅਤੇ ਐੱਸ.ਐੱਸ.ਪੀਜ਼ ਨਾਲ ਉੱਚ-ਪੱਧਰੀ ਮੀਟਿੰਗ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਨੇ ਸੂਬੇ ਵਿਚ 1 ਜੂਨ, 2024 ਨੂੰ ਪੈਣ ਵਾਲੀਆਂ ਵੋਟਾਂ ਸਬੰਧੀ ਜ਼ਿਲ੍ਹਾ ਪੱਧਰ 'ਤੇ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ। ਵੀਡੀਓ ਕਾਨਫਰੰਸਿੰਗ ਰਾਹੀਂ ਰੀਵਿਊ ਮੀਟਿੰਗ ਕਰਦਿਆਂ ਸਿਬਿਨ ਸੀ ਨੇ ਅਧਿਕਾਰੀਆਂ ਨੂੰ ਭਾਰਤੀ ਚੋਣ ਕਮਿਸ਼ਨ ਦੁਆਰਾ ਜਾਰੀ ਕੀਤੇ ਗਏ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਨੇ ਸੂਬੇ ਭਰ ਵਿਚ ਨਸ਼ੀਲੇ ਪਦਾਰਥਾਂ, ਨਕਦੀ, ਹਥਿਆਰ ਅਤੇ ਹੋਰ ਗੈਰ ਕਾਨੂੰਨੀ ਵਸਤਾਂ ਦੀ ਆਮਦ ਨੂੰ ਰੋਕਣ ਲਈ ਆਦਰਸ਼ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਦੇ ਨਾਲ-ਨਾਲ ਉੱਡਣ ਦਸਤਿਆਂ ਤੇ ਆਬਕਾਰੀ ਟੀਮਾਂ ਦੇ ਗਠਨ ਸਮੇਤ ਸਰਹੱਦੀ ਜਾਂਚ ਚੌਕੀਆਂ ਸਥਾਪਤ ਕਰਨ 'ਤੇ ਜ਼ੋਰ ਦਿੱਤਾ। ਵੋਟਾਂ ਵਾਲੇ ਦਿਨ ਸੰਭਾਵੀ ਗਰਮੀ ਦੇ ਮੱਦੇਨਜ਼ਰ ਸਿਬਿਨ ਸੀ ਨੇ ਅਧਿਕਾਰੀਆਂ ਨੂੰ ਆਪੋ-ਆਪਣੇ ਜ਼ਿਲ੍ਹਿਆਂ ਵਿਚ ਸਾਰੇ ਪੋਲਿੰਗ ਸਟੇਸ਼ਨਾਂ 'ਤੇ ਲੋੜੀਂਦੀਆਂ ਸਹੂਲਤਾਂ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਸਫ਼ਰ ਦੌਰਾਨ 50 ਹਜ਼ਾਰ ਰੁਪਏ ਤੋਂ ਵੱਧ ਨਕਦੀ ਲਈ ਆਪਣੇ ਕੋਲ ਢੁੱਕਵੇਂ ਦਸਤਾਵੇਜ਼ ਰੱਖਣ ਦੀ ਸਲਾਹ

- ਸੂਬੇ ਵਿਚ ਨਿਰਪੱਖ ਅਤੇ ਸ਼ਾਂਤਮਈ ਚੋਣ ਅਮਲ ਨੂੰ ਨੇਪਰੇ ਚਾੜ੍ਹਨ ਲਈ ਸਾਰੇ ਪ੍ਰਬੰਧ ਮੁਕੰਮਲ
- ਸੂਬੇ ਵਿਚ ਨਿਰਪੱਖ ਅਤੇ ਸ਼ਾਂਤਮਈ ਚੋਣ ਅਮਲ ਨੂੰ ਨੇਪਰੇ ਚਾੜ੍ਹਨ ਲਈ ਸਾਰੇ ਪ੍ਰਬੰਧ ਮੁਕੰਮਲ



**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ 'ਟਾਕ ਟੂ ਯੂਅਰ ਸੀ.ਈ.ਓ. ਪੰਜਾਬ' ਦੇ ਬੈਨਰ ਹੇਠ ਕਰਵਾਏ ਗਏ ਦੂਜੇ ਫੇਸਬੁੱਕ ਲਾਈਵ ਸੈਸ਼ਨ ਦੌਰਾਨ ਗੱਲ ਕਰਦਿਆਂ ਪੰਜਾਬ ਦੇ ਵਸਨੀਕਾਂ ਨੂੰ ਸਲਾਹ ਦਿੱਤੀ ਕਿ ਸੂਬੇ ਵਿਚ ਲੋਕ ਸਭਾ ਚੋਣਾਂ-2024 ਲਈ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਦੇ ਮੱਦੇਨਜ਼ਰ ਜੇ ਕੋਈ ਵੀ ਵਿਅਕਤੀ ਆਪਣੇ ਸਫ਼ਰ ਦੌਰਾਨ 50,000 ਰੁਪਏ ਜਾਂ ਇਸ ਤੋਂ ਵੱਧ ਦੀ ਨਕਦੀ ਲੈ ਕੇ ਜਾ ਰਿਹਾ ਹੈ, ਤਾਂ ਉਹ ਸਬੂਤ ਵਜੋਂ ਆਪਣੇ ਨਾਲ ਢੁਕਵੇਂ ਦਸਤਾਵੇਜ਼ ਜਿਵੇਂ ਬੈਂਕ ਦੀ ਰਸੀਦ ਆਦਿ ਜ਼ਰੂਰ ਰੱਖੇ। ਇਸਦੇ ਨਾਲ ਹੀ ਵਪਾਰੀਆਂ ਨੂੰ ਅਜਿਹੇ ਮਾਮਲੇ ਵਿਚ ਆਪਣੇ ਕੋਲ ਰਸੀਦ ਬੁੱਕ ਜਾਂ ਕੋਈ ਢੁਕਵਾਂ ਦਸਤਾਵੇਜ ਰੱਖਣ ਦੀ ਸਲਾਹ ਦਿੱਤੀ ਗਈ ਹੈ।

ਸੈਸ਼ਨ ਦੌਰਾਨ ਵੋਟਰਾਂ ਦੇ ਵੱਖ-ਵੱਖ ਸਵਾਲਾਂ ਦਾ ਜਵਾਬ ਦਿੰਦਿਆਂ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਚੋਣ ਜ਼ਾਬਤੇ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਦੀ ਰਿਪੋਰਟ ਲਈ ਸੀ-ਵਿਜੀਲ ਐਪ, ਟੋਲ-ਫ੍ਰੀ ਨੰਬਰ 1950 ਅਤੇ ਭਾਰਤੀ ਚੋਣ ਕਮਿਸ਼ਨ ਦੇ ਕੌਮੀ ਸ਼ਿਕਾਇਤ ਸੇਵਾ ਪੋਰਟਲ (ਐੱਨ.ਜੀ.ਪੀ.ਐੱਸ.) ਦੀ ਵਰਤੋਂ ਜ਼ਰੂਰ ਕਰਨ ਤਾਂ ਜੋ ਨਿਰਪੱਖ ਅਤੇ ਸ਼ਾਂਤਮਈ ਚੋਣਾਂ ਯਕੀਨੀ ਬਣਾਈਆਂ ਜਾ ਸਕਣ।

ਪੋਲਿੰਗ ਬੂਥਾਂ 'ਤੇ ਮੋਬਾਈਲ ਲੈ ਕੇ ਜਾਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਚੋਣਾਂ ਵਾਲੇ ਦਿਨ ਪੋਲਿੰਗ ਬੂਥਾਂ ਦੇ ਅੰਦਰ ਮੋਬਾਈਲ ਫ਼ੋਨ ਜਾਂ ਅਜਿਹੇ ਹੋਰ ਕਿਸੇ ਵੀ ਤਰ੍ਹਾਂ ਦੇ ਉਪਕਰਨ ਨੂੰ ਲੈ ਕੇ ਜਾਣ ਦੀ ਸਖ਼ਤ ਮਨਾਹੀ ਹੈ। ਸਿਆਸੀ ਪਾਰਟੀਆਂ ਵੱਲੋਂ ਕੀਤੇ ਜਾ ਰਹੇ ਪ੍ਰਚਾਰ ਬਾਰੇ ਇੱਕ ਹੋਰ ਸਵਾਲ ਦਾ ਜਵਾਬ ਦਿੰਦਿਆਂ ਸਿਬਿਨ ਸੀ ਨੇ ਦੱਸਿਆ ਕਿ ਸੂਬੇ ਵਿਚ ਆਦਰਸ਼ ਚੋਣ ਜ਼ਬਤਾ ਲਾਗੂ ਹੋਣ ਤੱਕ ਫਲੈਕਸ ਬੋਰਡ ਅਤੇ ਹੋਰਡਿੰਗ, ਜ਼ਿਲ੍ਹਾ ਚੋਣ ਅਧਿਕਾਰੀਆਂ ਜਾਂ ਦਫ਼ਤਰ ਮੁੱਖ ਚੋਣ ਅਫ਼ਸਰ ਦੀ ਮਨਜ਼ੂਰੀ ਤੋਂ ਬਾਅਦ ਸਿਰਫ਼ ਨਿਰਧਾਰਤ ਸਥਾਨਾਂ 'ਤੇ ਹੀ ਲਗਾਏ ਜਾ ਸਕਦੇ ਹਨ । ਮੁੱਖ ਚੋਣ ਅਧਿਕਾਰੀ ਨੇ ਅੱਗੇ ਕਿਹਾ ਕਿ ਕੋਈ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਧਰਮ ਦੇ ਨਾਮ 'ਤੇ ਵੋਟਾਂ ਨਹੀਂ ਮੰਗ ਸਕਦਾ ਕਿਉਂਕਿ ਇਹ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੀ-ਵਿਜੀਲ ਐਪ ਰਾਹੀਂ ਅਜਿਹੀਆਂ ਉਲੰਘਣਾਵਾਂ ਬਾਰੇ ਤੁਰੰਤ ਰਿਪੋਰਟ ਕਰਨ ਅਤੇ ਭਰੋਸਾ ਦਿਵਾਇਆ ਕਿ ਸਬੰਧਤ ਦਫਤਰ ਵੱਲੋਂ 100 ਮਿੰਟਾਂ ਦੇ ਅੰਦਰ-ਅੰਦਰ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।




# ਡਾ. ਓਬਰਾਏ ਦੇ ਯਤਨਾਂ ਸਦਕਾ ਜਲੰਧਰ ਜ਼ਿਲ੍ਹੇ ਦੇ ਨੌਜਵਾਨ ਦਾ ਮ੍ਰਿਤਕ ਸਰੀਰ ਭਾਰਤ ਪਹੁੰਚਿਆ

- 2 ਮਾਸੂਮ ਬੱਚਿਆਂ ਦੇ ਪਿਤਾ ਹਰਦੀਪ ਦੀ 1 ਅਪ੍ਰੈਲ ਨੂੰ ਦੁਬਈ 'ਚ ਹੋ ਗਈ ਸੀ ਮੌਤ
- ਟਰੱਸਟ ਵੱਲੋਂ ਪੀੜਤ ਪਰਿਵਾਰ ਨੂੰ 2000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਵਾਂਗੇ : ਡਾ: ਓਬਰਾਏ
- ਡਾ. ਓਬਰਾਏ ਨੇ ਹੁਣ ਤੱਕ 356 ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਵਾਰਸਾਂ ਤੱਕ ਪਹੁੰਚਾਏ


ਮ੍ਰਿਤਕ ਹਰਦੀਪ ਦੀ ਫਾਈਲ ਫੋਟੋ।


ਹਵਾਈ ਅੱਡੇ ਤੇ ਹਰਦੀਪ ਦੀ ਮ੍ਰਿਤਕ ਦੇਹ ਪੀੜਤ ਪਰਿਵਾਰ ਨੂੰ ਸੌਂਪਣ ਮੌਕੇ ਟਰੱਸਟ ਦੇ ਅਹੁਦੇਦਾਰ।


ਡਾ. ਐੱਸ.ਪੀ. ਸਿੰਘ ਓਬਰਾਏ।

ਅੰਮ੍ਰਿਤਸਰ, (ਪੰਜਾਬ ਮੇਲ)- ਪੂਰੀ ਦੁਨੀਆਂ ਅੰਦਰ ਆਪਣੇ ਨਿਵੇਕਲੇ ਸੇਵਾ ਕਾਰਜਾਂ ਕਾਰਨ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ.ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਜਲੰਧਰ ਜ਼ਿਲ੍ਹੇ ਦੀ ਤਹਿਸੀਲ ਨਕੋਦਰ ਦੇ ਪਿੰਡ ਗਿੱਦੜਪਿੰਡੀ ਨਾਲ ਸਬੰਧਿਤ 36 ਸਾਲਾ ਹਰਦੀਪ ਸਿੰਘ ਪੁੱਤਰ ਤਰਸੇਮ ਸਿੰਘ ਦਾ ਮ੍ਰਿਤਕ ਸਰੀਰ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਦੋ ਮਾਸੂਮ ਬੱਚਿਆਂ ਦਾ ਪਿਤਾ ਹਰਦੀਪ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਬਿਹਤਰ ਭਵਿੱਖ ਦੇ ਸੁਪਨੇ ਲੈ ਕੇ ਕਰੀਬ ਦੋ ਸਾਲ ਪਹਿਲਾਂ ਦੁਬਈ ਆਇਆ ਸੀ, ਬੀਤੀ 1 ਅਪ੍ਰੈਲ ਨੂੰ ਦਿਲ ਦਾ ਦੌਰਾ ਪੈਣ ਕਾਰਨ ਉਸਦੀ ਮੌਤ ਹੋ ਗਈ। ਡਾ. ਓਬਰਾਏ ਨੇ ਦੱਸਿਆ ਕਿ ਇਸ ਮੰਦਭਾਗੀ ਘਟਨਾ ਸਬੰਧੀ ਮ੍ਰਿਤਕ ਦੇ ਪਿੰਡ ਦੇ ਸਰਪੰਚ ਲਾਲ ਚੰਦ ਲਾਲੀ ਤੇ ਦੁਬਈ ਰਹਿੰਦੇ ਕੁਝ ਨੌਜਵਾਨਾਂ ਨੇ ਉਨ੍ਹਾਂ ਨਾਲ ਸੰਪਰਕ ਕਰਕੇ ਹਰਦੀਪ ਦੇ ਮ੍ਰਿਤਕ ਸਰੀਰ ਨੂੰ ਭਾਰਤ ਭੇਜਣ ਲਈ ਕਿਹਾ ਸੀ। ਜਿਸ ਉਪਰੰਤ ਉਨ੍ਹਾਂ ਆਪਣੇ ਨਿੱਜੀ ਸਕੱਤਰ ਬਲਦੀਪ ਸਿੰਘ ਚਾਹਲ ਦੀ ਦੇਖ-ਰੇਖ 'ਚ ਸਾਰੀ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾ ਕੇ ਹਰਦੀਪ ਦਾ ਮ੍ਰਿਤਕ ਸਰੀਰ ਭਾਰਤ ਭੇਜਿਆ ਹੈ। ਉਨ੍ਹਾਂ ਦੱਸਿਆ ਕਿ ਹਰਦੀਪ ਦਾ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਆਏ ਖਰਚ ਦੀ ਜ਼ਿੰਮੇਵਾਰੀ ਉਸ ਦੇ ਦੋਸਤਾਂ ਨੇ ਨਿਭਾਈ ਹੈ। ਡਾ. ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਹਰਦੀਪ ਦੀ ਵਿਧਵਾ ਨੂੰ 2000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇਗੀ।

ਹਰਦੀਪ ਦਾ ਮ੍ਰਿਤਕ ਸਰੀਰ ਲੈਣ ਪਹੁੰਚੇ ਉਸ ਦੇ ਪਿੰਡ ਦੇ ਸਰਪੰਚ ਲਾਲ ਚੰਦ ਲਾਲੀ, ਭਰਾ ਮਨੀ ਤੇ ਜਸਵਿੰਦਰ ਤੋਂ ਇਲਾਵਾ ਜੀਜੇ ਆਤਮਾ ਸਿੰਘ ਤੇ ਹੋਰਨਾਂ ਪਰਿਵਾਰਿਕ ਮੈਂਬਰਾਂ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਹਰਦੀਪ ਆਪਣੇ ਘਰ ਦੀ ਗੁਰਬੱਤ ਨੂੰ ਦੂਰ ਕਰਨ ਲਈ ਦੋ ਸਾਲ ਪਹਿਲਾਂ ਕਰਜ਼ਾ ਚੁੱਕ ਕੇ ਮਜ਼ਦੂਰੀ ਕਰਨ ਲਈ ਦੁਬਈ ਗਿਆ ਸੀ ਅਤੇ ਦੁਬਈ ਜਾਣ ਉਪਰੰਤ ਹਰਦੀਪ ਆਪਣੇ ਕੰਮ ਨੂੰ ਲੈ ਕੇ ਅਕਸਰ ਪ੍ਰੇਸ਼ਾਨ ਰਹਿੰਦਾ ਸੀ। ਉਨ੍ਹਾਂ ਅਨੁਸਾਰ ਹਰਦੀਪ ਨੇ ਕਦੇ ਵੀ ਘਰ ਪੈਸੇ ਨਹੀਂ ਸਨ ਭੇਜੇ, ਸਗੋਂ ਉਲਟ ਦੋ ਵਾਰ ਘਰੋਂ ਪੈਸੇ ਮੰਗਵਾਏ ਸਨ। ਉਨ੍ਹਾਂ ਦੱਸਿਆ ਕਿ ਪਰਿਵਾਰ ਨੂੰ ਜਦੋਂ ਅਚਾਨਕ ਉਸ ਦੀ ਮੌਤ ਦੀ ਖ਼ਬਰ ਮਿਲੀ, ਤਾਂ ਉਨ੍ਹਾਂ ਦੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ। ਉਨ੍ਹਾਂ ਭਰੇ ਗੱਚ ਨਾਲ ਦੱਸਿਆ ਕਿ ਹਰਦੀਪ ਆਪਣੇ ਪਿੱਛੇ ਬਜ਼ੁਰਗ ਮਾਪਿਆਂ ਤੇ ਪਤਨੀ ਤੋਂ ਇਲਾਵਾ ਦੋ ਮਾਸੂਮ ਬੱਚੇ ਛੱਡ ਗਿਆ ਹੈ। ਹਰਦੀਪ ਦੇ ਪਰਿਵਾਰਕ ਮੈਂਬਰਾਂ ਨੇ ਡਾ. ਐੱਸ.ਪੀ. ਸਿੰਘ ਓਬਰਾਏ ਦਾ ਇਸ ਵੱਡੇ ਉਪਰਾਲੇ ਲਈ ਸ਼ੁਕਰਾਨਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਯਤਨਾਂ ਦੀ ਬਦੌਲਤ ਹੀ ਪਰਿਵਾਰਕ ਨੂੰ ਹਰਦੀਪ ਦੇ ਅੰਤਿਮ ਦਰਸ਼ਨ ਨਸੀਬ ਹੋ ਸਕੇ ਹਨ।

ਪੀੜਤ ਪਰਿਵਾਰ ਨਾਲ ਹਵਾਈ ਅੱਡੇ 'ਤੇ ਦੁੱਖ ਸਾਂਝਾ ਕਰਨ ਪਹੁੰਚੀ ਟਰੱਸਟ ਦੀ ਟੀਮ ਵੱਲੋਂ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਜਨਰਲ ਸਕੱਤਰ ਮਨਪ੍ਰੀਤ ਸੰਧੂ ਚਮਿਆਰੀ, ਉਪ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਹੇਰ ਨੇ ਦੱਸਿਆ ਕਿ ਡਾ. ਓਬਰਾਏ ਦੇ ਯਤਨਾਂ ਸਦਕਾ ਹੁਣ ਤੱਕ 356 ਦੇ ਕਰੀਬ ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਏ ਜਾ ਚੁੱਕੇ ਹਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 200 ਪਰਿਵਾਰਾਂ ਨੂੰ ਦਿੱਤੀ ਸਹਾਇਤਾ ਰਾਸ਼ੀ



ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਬਿਨਾਂ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਤੋਂ ਕਾਰਜ ਲਗਾਤਾਰ ਜਾਰੀ ਹਨ। ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿਚ 200 ਲੋੜਵੰਦ ਪਰਿਵਾਰਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਤਕਸੀਮ ਕੀਤੇ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਮਹੀਨਾਵਾਰ ਸਹਾਇਤਾ ਰਾਸ਼ੀ ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ, ਬੇਸਹਾਰਾ ਵਿਧਵਾਵਾਂ ਆਦਿ ਨੂੰ ਦਿੱਤੀ ਜਾਂਦੀ ਹੈ। ਇਹ ਲੜੀ ਪਿਛਲੇ 9 ਸਾਲ ਤੋਂ ਲਗਾਤਾਰ ਜਾਰੀ ਹੈ। ਇਸ ਤੋਂ ਇਲਾਵਾ ਸਮੇਂ-ਸਮੇਂ 'ਤੇ ਦਵਾਈਆਂ ਖਰੀਦਣ ਲਈ ਵੀ ਲੋੜਵੰਦ ਪਰਿਵਾਰਾਂ ਨੂੰ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਪਰਿਵਾਰਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਲੰਮੀ ਉਮਰ ਦੀ ਕਾਮਨਾ ਕੀਤੀ ਗਈ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਮਾਲਵਾ ਜੋਨ ਨੇ ਦੱਸਿਆ ਕਿ ਟਰੱਸਟ ਦੀ ਕੋਈ ਵੀ ਰਸੀਦਬੁੱਕ ਨਹੀਂ ਹੈ। ਇਹ ਰਾਸ਼ੀ ਡਾ. ਓਬਰਾਏ ਵੱਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾਇਰਡ ਪ੍ਰਿੰਸੀਪਲ, ਜਸਪਾਲ ਸਿੰਘ ਰਿਟਾਇਰਡ ਲੈਕਚਰਾਰ, ਸੁਖਬੀਰ ਸਿੰਘ ਜੈਲਦਾਰ, ਗੁਰਪਾਲ ਸਿੰਘ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਜਤਿੰਦਰ ਸਿੰਘ ਕੈਂਥ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਸੋਮਨਾਥ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਜਸਵਿੰਦਰ ਸਿੰਘ ਮਣਕੂ, ਗੁਰਜੀਤ ਸਿੰਘ ਜੀਤਾ ਇੰਚਾਰਜ ਮਹੀਨਾਵਾਰ ਪੈਨਸ਼ਨ ਵੰਡ ਸਮਾਰੋਹ ਆਦਿ ਹਾਜ਼ਰ ਸਨ।


TAKHAR URGENT CARE
& Family Medicine



Paramjit S. Takhar, M.D.
Board Certified Family Medicine

Originally from Shankar/Nakodar/Jalandhar
Extensive experience in Family Practice and
Primary Care Over 25 years of Family
Medicine experience with Kaiser Permanente

Designed By Punjab Mail USA

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

www.takharfamilymedicine.com

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care

- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections

- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823




We Accept Medicare, Medical & Cash Pay

# 5ਵੇਂ ਗੇੜ ਦੌਰਾਨ ਮਹਾਰਾਸ਼ਟਰ 'ਚ ਸਭ ਤੋਂ ਘੱਟ ਤੇ ਬੰਗਾਲ 'ਚ ਸਭ ਤੋਂ ਵੱਧ ਹੋਈ ਵੋਟਿੰਗ

- 59 ਫ਼ੀਸਦੀ ਹੋਇਆ ਮਤਦਾਨ
- ਪੱਛਮੀ ਬੰਗਾਲ ਵਿਚ ਕਈ ਥਾਈਂ ਟੀ.ਐੱਮ.ਸੀ. ਤੇ ਭਾਜਪਾ ਵਰਕਰ ਭਿੜੇ
- ਰਾਹੁਲ, ਰਾਜਨਾਥ, ਪਿਊਸ਼ ਤੇ ਉਮਰ ਸਣੇ ਕਈ ਆਗੂਆਂ ਦੀ ਕਿਸਮਤ ਈ.ਵੀ.ਐੱਮਜ਼ ਵਿਚ ਬੰਦ



ਬਾਰਾਮੂਲਾ ਦੇ ਪੋਲਿੰਗ ਬੂਥ 'ਤੇ ਸੁਰੱਖਿਆ ਬਲਾਂ ਦੀ ਨਿਗਰਾਨੀ ਹੇਠ ਵੋਟਰਾਂ ਦੀ ਲੱਗੀ ਲੰਮੀ ਕਤਾਰ।



ਲੱਦਾਖ ਦੇ ਲੋਕ ਵੋਟ ਪਾਉਣ ਮਗਰੋਂ ਆਪਣੀਆਂ ਉਂਗਲਾਂ 'ਤੇ ਲੱਗੀ ਹੋਈ ਸਿਆਹੀ ਦਿਖਾਉਂਦੇ ਹੋਏ।



ਸੋਮਵਾਰ ਨੂੰ ਮੁੰਬਈ 'ਚ ਅਦਾਕਾਰਾ ਹੇਮਾ ਮਾਲਿਨੀ ਤੇ ਇਸ਼ਾ ਦਿਓਲ ਵੋਟ ਪਾਉਣ ਮਗਰੋਂ ਉਂਗਲ 'ਤੇ ਲੱਗੀ ਸਿਆਹੀ ਦਿਖਾਉਂਦੇ ਹੋਏ।



ਮੁੰਬਈ ਵਿਚ ਸ਼ਿਵ ਸੈਨਾ (ਯੂ.ਬੀ.ਟੀ.) ਮੁਖੀ ਊਧਵ ਠਾਕਰੇ ਤੇ ਉਨ੍ਹਾਂ ਦੀ ਪਤਨੀ ਰਸ਼ਮੀ ਠਾਕਰੇ ਵੋਟ ਪਾਉਣ ਮਗਰੋਂ ਉਂਗਲ 'ਤੇ ਲੱਗੀ ਸਿਆਹੀ ਦਿਖਾਉਂਦੇ ਹੋਏ।



ਸੋਮਵਾਰ ਨੂੰ ਰੱਖਿਆ ਮੰਤਰੀ ਰਾਜਨਾਥ ਸਿੰਘ ਵੋਟ ਪਾਉਣ ਮਗਰੋਂ ਉਂਗਲ 'ਤੇ ਲੱਗੀ ਸਿਆਹੀ ਦਿਖਾਉਂਦੇ ਹੋਏ।

ਨਵੀਂ ਦਿੱਲੀ, (ਪੰਜਾਬ ਮੇਲ)- ਲੋਕ ਸਭਾ ਚੋਣਾਂ ਦੇ ਪੰਜਵੇਂ ਗੇੜ ਤਹਿਤ 6 ਰਾਜਾਂ ਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਪੈਂਦੀਆਂ 49 ਸੀਟਾਂ ਲਈ ਵੋਟਾਂ ਪਈਆਂ ਅਤੇ 59 ਫੀਸਦੀ ਤੋਂ ਵੱਧ ਮਤਦਾਨ ਦਰਜ ਕੀਤਾ ਗਿਆ। ਇਸ ਦੌਰਾਨ ਪੱਛਮੀ ਬੰਗਾਲ ਵਿਚ ਹਿੰਸਾ ਦੀਆਂ ਇੱਕਾ-ਦੁੱਕਾ ਘਟਨਾਵਾਂ ਅਤੇ ਸੂਬੇ ਤੇ ਨਾਲ ਲੱਗਦੇ ਉੜੀਸਾ ਦੇ ਕੁਝ ਪੋਲਿੰਗ ਬੂਥਾਂ 'ਤੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ 'ਚ ਤਕਨੀਕੀ ਨੁਕਸ ਦੀਆਂ ਘਟਨਾਵਾਂ ਦਰਮਿਆਨ ਚੋਣ ਅਮਲ ਅਮਨ-ਅਮਾਨ ਨਾਲ ਨਿੱਬੜ ਗਿਆ। ਮਹਾਰਾਸ਼ਟਰ ਵਿਚ ਸਭ ਤੋਂ ਘੱਟ 53.51 ਫੀਸਦੀ ਤੇ ਪੱਛਮੀ ਬੰਗਾਲ ਵਿਚ ਸਭ ਤੋਂ ਵੱਧ 73.14 ਫੀਸਦੀ ਮਤਦਾਨ ਦਰਜ ਕੀਤਾ ਗਿਆ ਹੈ। ਪੰਜਵੇਂ ਗੇੜ ਦੇ ਮਤਦਾਨ ਮਗਰੋਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ (ਰਾਏ ਬਰੇਲੀ), ਕੇਂਦਰੀ ਮੰਤਰੀਆਂ ਰਾਜਨਾਥ ਸਿੰਘ (ਲਖਨਊ), ਪਿਊਸ਼ ਗੋਇਲ (ਮੁੰਬਈ ਉੱਤਰੀ) ਤੇ ਸਮ੍ਰਿਤੀ ਇਰਾਨੀ (ਅਮੇਠੀ) ਅਤੇ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਜਿਹੇ ਪ੍ਰਮੁੱਖ ਆਗੂਆਂ ਦੀ ਸਿਆਸੀ ਕਿਸਮਤ ਈ.ਵੀ.ਐੱਮਜ਼ ਵਿਚ ਬੰਦ ਹੋ ਗਈ।

ਪੰਜਵੇਂ ਗੇੜ ਮਗਰੋਂ ਲੋਕ ਸਭਾ ਦੀਆਂ 428 ਸੀਟਾਂ ਲਈ ਵੋਟਿੰਗ ਦਾ ਅਮਲ ਨਿੱਬੜ ਗਿਆ ਹੈ। ਛੇਵੇਂ ਤੇ ਸੱਤਵੇਂ ਗੇੜ ਲਈ ਕ੍ਰਮਵਾਰ 25 ਮਈ ਤੇ 1 ਜੂਨ ਨੂੰ ਮਤਦਾਨ ਹੋਵੇਗਾ। ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਣੀ ਹੈ। ਪੰਜਵੇਂ ਗੇੜ ਵਿਚ ਬਿਹਾਰ 'ਚ 53.78 ਫੀਸਦੀ, ਜੰਮੂ ਕਸ਼ਮੀਰ 59 ਫੀਸਦੀ, ਝਾਰਖੰਡ 63.06 ਫੀਸਦੀ, ਉੜੀਸਾ 62.23 ਫੀਸਦੀ, ਯੂ.ਪੀ. 57.79 ਫੀਸਦੀ ਤੇ ਲੱਦਾਖ ਵਿਚ 67.15 ਫੀਸਦੀ ਮਤਦਾਨ ਹੋਇਆ। ਚੋਣ ਕਮਿਸ਼ਨ ਵਲੋਂ ਉਪਲਬਧ ਕਰਵਾਏ ਅੰਕੜਿਆਂ ਮੁਤਾਬਕ ਰਾਤ 10:00 ਵਜੇ ਤੱਕ ਲਗਪਗ ਵੋਟ ਫੀਸਦੀ 59.06 ਫੀਸਦੀ ਦੇ ਲਗਭਗ ਸੀ। ਪੰਜਵੇਂ ਗੇੜ 'ਚ ਮਹਾਰਾਸ਼ਟਰ ਦੀਆਂ 13, ਯੂ.ਪੀ. 14, ਪੱਛਮੀ ਬੰਗਾਲ 7, ਬਿਹਾਰ 5, ਝਾਰਖੰਡ 3, ਉੜੀਸਾ 5, ਜੰਮੂ ਕਸ਼ਮੀਰ ਦੀ ਇਕ ਤੇ ਲੱਦਾਖ ਦੀ ਇਕੋ ਇਕ ਸੀਟ ਲਈ ਵੋਟਾਂ ਪਈਆਂ।

ਪੱਛਮੀ ਬੰਗਾਲ ਦੇ ਸੱਤ ਲੋਕ ਸਭਾ ਹਲਕਿਆਂ ਦੀ ਚੋਣ ਦੌਰਾਨ ਬੈਰਕਪੁਰ, ਬੋਨਗਾਓਂ ਤੇ ਅਰਾਮਬਾਗ਼ ਸੰਸਦੀ ਹਲਕਿਆਂ ਵਿਚ ਕਈ ਥਾਈਂ ਟੀ.ਐੱਮ.ਸੀ. ਤੇ ਭਾਜਪਾ ਵਰਕਰ ਆਪਸ ਵਿਚ ਖਹਿਬੜ ਪਏ। ਚੋਣ ਪੈਨਲ ਨੇ ਈ.ਵੀ.ਐੱਮਜ਼ ਵਿਚ ਤਕਨੀਕੀ ਨੁਕਸ ਤੇ ਏਜੰਟਾਂ ਨੂੰ ਪੋਲਿੰਗ ਬੂਥਾਂ 'ਤੇ ਜਾਣ ਤੋਂ ਰੋਕਣ ਸਬੰਧੀ ਵੱਖ-ਵੱਖ ਪਾਰਟੀਆਂ ਵੱਲੋਂ 1036 ਸ਼ਿਕਾਇਤਾਂ ਮਿਲਣ ਦਾ ਦਾਅਵਾ ਕੀਤਾ ਹੈ। ਅਰਾਬਾਗ਼ ਹਲਕੇ ਦੇ ਖਾਨਾਕੁਲ ਇਲਾਕੇ ਵਿਚ ਟੀ.ਐੱਮ.ਸੀ. ਤੇ ਭਾਜਪਾ ਹਮਾਇਤੀ ਇਕ ਦੂਜੇ ਨਾਲ ਭਿੜ ਗਏ। ਗੁਆਂਢੀ ਹੁਗਲੀ ਹਲਕੇ 'ਚ ਭਾਜਪਾ ਦੇ ਮੌਜੂਦਾ ਸੰਸਦ ਮੈਂਬਰ ਤੇ ਪਾਰਟੀ ਉਮੀਦਵਾਰ ਲਾਕੇਟ ਚੈਟਰਜੀ ਨੂੰ ਟੀ.ਐੱਮ.ਸੀ. ਵਿਧਾਇਕ ਆਸ਼ਿਮ ਪਾਤਰਾ ਦੀ ਅਗਵਾਈ ਵਾਲੇ ਟੀ.ਐੱਮ.ਸੀ. ਕਾਰਕੁਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਚੈਟਰਜੀ ਇਕ ਬੂਥ 'ਤੇ ਪੁੱਜੀ ਤਾਂ ਟੀ.ਐੱਮ.ਸੀ. ਕਾਰਕੁਨਾਂ ਨੇ 'ਚੋਰ ਚੋਰ' ਦੇ ਨਾਅਰੇ ਲਾਏ।

ਇਸ ਮਗਰੋਂ ਚੈਟਰਜੀ ਆਪਣੀ ਕਾਰ 'ਚੋਂ ਉਤਰੀ ਤੇ ਉਨ੍ਹਾਂ ਟੀ.ਐੱਮ.ਸੀ. ਕਾਰਕੁਨਾਂ ਖਿਲਾਫ਼ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਪੁਲਿਸ ਤੇ ਕੇਂਦਰੀ ਬਲਾਂ ਦੀ ਟੁਕੜੀ ਨੇ ਮੌਕੇ 'ਤੇ ਪੁੱਜ ਕੇ ਦੋਵਾਂ ਧਿਰਾਂ ਨੂੰ ਰੋਕਿਆ। ਇਸ ਦੌਰਾਨ ਹਾਵੜਾ ਹਲਕੇ ਦੇ ਕਈ ਹਿੱਸਿਆਂ ਤੋਂ ਵੀ ਹਿੰਸਾ ਦੀਆਂ ਰਿਪੋਰਟਾਂ ਹਨ। ਹਾਵੜਾ ਦੇ ਲਿਲੂਆ ਇਲਾਕੇ 'ਚ ਭਾਜਪਾ ਨੇ ਟੀ.ਐੱਮ.ਸੀ. ਵਰਕਰਾਂ 'ਤੇ ਚੋਣ ਬੂਥ ਜਾਮ ਕਰਨ ਦਾ ਦੋਸ਼ ਲਾਇਆ। ਇਸ ਦੌਰਾਨ ਦੋਵੇਂ ਧਿਰਾਂ ਝਗੜ ਪਈਆਂ ਤੇ ਕੇਂਦਰੀ ਬਲਾਂ ਨੇ ਉਨ੍ਹਾਂ ਨੂੰ ਉਥੋਂ ਖਿੰਡਾਇਆ। ਬੋਨਗਾਓਂ ਹਲਕੇ ਦੇ ਗਿਆਸਪੁਰ ਇਲਾਕੇ 'ਚ ਸਥਾਨਕ ਭਾਜਪਾ ਆਗੂ ਸੁਬੀਰ ਬਿਸਵਾਸ ਦੀ ਇਕ ਬੂਥ ਦੇ ਬਾਹਰ ਟੀ.ਐੱਮ.ਸੀ. ਹਮਾਇਤੀਆਂ ਵੱਲੋਂ ਕਥਿਤ ਕੁੱਟਮਾਰ ਕੀਤੀ ਗਈ। ਇਸੇ ਹਲਕੇ ਦੇ ਕਲਿਆਣੀ ਇਲਾਕੇ 'ਚ ਕੇਂਦਰੀ ਮੰਤਰੀ ਤੇ ਭਾਜਪਾ ਉਮੀਦਵਾਰ ਸ਼ਾਂਤਨੂ ਠਾਕੁਰ ਨੇ ਇਕ ਵਿਅਕਤੀ ਨੂੰ ਆਪਣੇ ਰਵਾਇਤੀ ਵਿਰੋਧੀ ਟੀ.ਐੱਮ.ਸੀ. ਉਮੀਦਵਾਰ ਬਿਸਵਜੀਤ ਦਾਸ ਦਾ ਪਛਾਣ ਪੱਤਰ ਵਰਤਦਿਆਂ ਫੜਿਆ। ਕੇਂਦਰੀ ਬਲਾਂ ਨੇ ਮਗਰੋਂ ਇਸ ਵਿਅਕਤੀ ਨੂੰ ਬੂਥ 'ਚੋਂ ਬਾਹਰ ਕੱਢ ਦਿੱਤਾ। ਉੱਤਰ ਪ੍ਰਦੇਸ਼ ਵਿਚ ਕਾਂਗਰਸ ਨੇ ਈ.ਵੀ.ਐੱਮਜ਼ ਵਿਚ ਤਕਨੀਕੀ ਨੁਕਸ ਪੈਣ ਦਾ ਦਾਅਵਾ ਕੀਤਾ ਹੈ।

ਪਾਰਟੀ ਨੇ ਦੋਸ਼ ਲਾਇਆ ਕਿ ਭਾਜਪਾ ਨੇ ਰਾਹੀ ਬਲਾਕ ਦੇ ਬੇਲਾ ਖਾਰਾ ਪਿੰਡ ਵਿਚ ਤਿੰਨ ਬੂਥਾਂ 'ਤੇ ਲੋਕਾਂ ਨੂੰ ਵੋਟ ਪਾਉਣ ਤੋਂ ਰੋਕਿਆ। ਸਮਾਜਵਾਦੀ ਪਾਰਟੀ ਦੀ ਗੋਂਡਾ ਹਲਕੇ ਤੋਂ ਉਮੀਦਵਾਰ ਸ਼੍ਰੇਆ ਵਰਮਾ ਨੇ ਚੋਣ ਕਮਿਸ਼ਨ ਨੂੰ ਮਾਣਕਪੁਰ ਇਲਾਕੇ ਦੇ 180 ਤੇ 181 ਬੂਥ ਨੰਬਰਾਂ 'ਤੇ ਵੋਟਿੰਗ 'ਚ ਗੜਬੜੀ ਦੀ ਸ਼ਿਕਾਇਤ ਕੀਤੀ। ਕੌਸ਼ਾਂਬੀ ਤੋਂ ਪ੍ਰਾਪਤ ਰਿਪੋਰਟਾਂ ਮੁਤਾਬਕ ਹਿਸਾਮਪੁਰ ਮਾਧੋ ਪਿੰਡ ਦੇ ਵੋਟਰਾਂ ਨੇ ਚੋਣਾਂ ਦਾ ਬਾਈਕਾਟ ਕੀਤਾ। ਮਹਾਰਾਸ਼ਟਰ 'ਚ ਸ਼ਿਵ ਸੈਨਾ (ਯੂ.ਬੀ.ਟੀ.) ਆਗੂ ਆਦਿੱਤਿਆ ਠਾਕਰੇ ਨੇ ਪੋਲਿੰਗ ਬੂਥਾਂ ਦੇ ਬਾਹਰ ਵੋਟਰਾਂ ਨੂੰ ਛਾਂ 'ਤੇ ਪੱਖਿਆਂ ਜਿਹੀਆਂ ਬੁਨਿਆਦੀ ਸਹੂਲਤਾਂ ਨਾ ਮਿਲਣ ਦਾ ਦਾਅਵਾ ਕੀਤਾ। ਭਾਜਪਾ ਆਗੂ ਕਿਰਿਤ ਸੋਮੱਈਆ ਨੇ ਸ਼ਿਵ ਸੈਨਾ (ਯੂ.ਬੀ.ਟੀ.) ਆਗੂਆਂ ਸੰਜੈ ਰਾਊਤ ਤੇ ਸੁਨੀਲ ਰਾਊਤ 'ਤੇ ਮੁੰਬਈ ਦੇ ਭਾਂਡੂਪ ਵਿਚ ਪੋਲਿੰਗ ਬੂਥ ਦੇ ਬਾਹਰ ਗ਼ਲਤ ਢੰਗ ਨਾਲ ਵੋਟਾਂ ਪਵਾਉਣ ਦਾ ਦੋਸ਼ ਲਾਇਆ।




# ਪੱਛਮੀ ਬੰਗਾਲ ’ਚ ਭਾਜਪਾ ਨੇਤਾ ਮਿਥੁਨ ਚੱਕਰਵਰਤੀ ਦੇ ਰੋਡ ਸ਼ੋਅ ਦੌਰਾਨ ਪਥਰਾਅ

**■ ਕੱਚ ਦੀਆਂ ਬੋਤਲਾਂ ਸੁੱਟੀਆਂ**



ਮਿਦਨਾਪੁਰ, (ਪੰਜਾਬ ਮੇਲ)- ਪੱਛਮੀ ਬੰਗਾਲ ਦੇ ਮਿਦਨਾਪੁਰ ਸ਼ਹਿਰ ’ਚ ਮੰਗਲਵਾਰ ਅਦਾਕਾਰ ਤੇ ਭਾਜਪਾ ਨੇਤਾ ਮਿਥੁਨ ਚੱਕਰਵਰਤੀ ਦੇ ਰੋਡ ਸ਼ੋਅ ਦੌਰਾਨ ਕੁਝ ਲੋਕਾਂ ਨੇ ਪਥਰਾਅ ਕੀਤਾ, ਜਿਸ ਪਿੱਛੋਂ ਝੜਪ ਹੋ ਗਈ। ਪੁਲਿਸ ਨੇ ਦੱਸਿਆ ਕਿ ਮਿਦਨਾਪੁਰ ਲੋਕ ਸਭਾ ਸੀਟ ਤੋਂ ਭਾਜਪਾ ਦੇ ਉਮੀਦਵਾਰ ਅਗਨੀਮਿੱਤਰਾ ਪਾਲ ਨੇ ਤ੍ਰਿਣਮੂਲ ਕਾਂਗਰਸ ਦੇ ਵਰਕਰਾਂ ’ਤੇ ਜਲੂਸ ਦੌਰਾਨ ਕੱਚ ਦੀਆਂ ਬੋਤਲਾਂ ਤੇ ਪੱਥਰ ਸੁੱਟਣ ਦਾ ਦੋਸ਼ ਲਾਇਆ ਹੈ। ਘਟਨਾ ’ਚ ਚੱਕਰਵਰਤੀ ਤੇ ਪਾਲ ਦੋਵੇਂ ਸੁਰੱਖਿਅਤ ਹਨ। ਰੋਡ ਸ਼ੋਅ ਕੁਲੈਕਟਰੇਟ ਮੋੜ ਤੋਂ ਸ਼ੁਰੂ ਹੋ ਕੇ ਕੇਰਨੀਟੋਲਾ ਵੱਲ ਜਾ ਰਿਹਾ ਸੀ। ਭਾਜਪਾ ਦੇ ਸੈਂਕੜੇ ਸਮਰਥਕਾਂ ਨੇ ਨਾਅਰੇਬਾਜ਼ੀ ਕੀਤੀ। ਚੱਕਰਵਰਤੀ ਤੇ ਪਾਲ ਨੇ ਹੱਥ ਹਿਲਾ ਕੇ ਭੀੜ ਦਾ ਸੁਆਗਤ ਸਵੀਕਾਰ ਕੀਤਾ।

ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਜਿਵੇਂ ਹੀ ਰੋਡ ਸ਼ੋਅ ਸ਼ੇਖਪੁਰਾ ਮੋੜ ’ਤੇ ਪਹੁੰਚਿਆ, ਤਾਂ ਸੜਕ ਕਿਨਾਰੇ ਖੜ੍ਹੇ ਕੁਝ ਲੋਕਾਂ ਨੇ ਜਲੂਸ ’ਤੇ ਪੱਥਰ ਤੇ ਬੋਤਲਾਂ ਸੁੱਟੀਆਂ। ਇਸ ਪਿੱਛੋਂ ਭਾਜਪਾ ਵਰਕਰਾਂ ਨੇ ਜਵਾਬੀ ਕਾਰਵਾਈ ਕੀਤੀ ਤੇ ਝੜਪ ਹੋ ਗਈ।

# ਸਿੱਧੂ ਮੂਸੇਵਾਲਾ ਕਤਲ ਮਾਮਲਾ: ਪਹਿਲੀ ਪੇਸ਼ੀ ’ਤੇ ਪੇਸ਼ ਨਾ ਹੋਏ ਦੋ ਮੁੱਖ ਸਰਕਾਰੀ ਗਵਾਹ



ਮਾਨਸਾ, (ਪੰਜਾਬ ਮੇਲ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਹੋਣ ਤੋਂ ਬਾਅਦ ਪਹਿਲੀ ਪੇਸ਼ੀ ’ਤੇ ਦੋ ਮੁੱਖ ਸਰਕਾਰੀ ਗਵਾਹ ਸੋਮਵਾਰ ਨੂੰ ਆਪਣੇ ਬਿਆਨ ਦਰਜ ਕਰਵਾਉਣ ਲਈ ਮਾਨਸਾ ਦੀ ਹੇਠਲੀ ਅਦਾਲਤ ਵਿਚ ਪੇਸ਼ ਨਹੀਂ ਹੋ ਸਕੇ।

ਜ਼ਿਕਰਯੋਗ ਹੈ ਕਿ ਪੰਜਾਬੀ ਗਾਇਕ ਤੋਂ ਸਿਆਸਤਦਾਨ ਬਣੇ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਲਗਭਗ 24 ਮਹੀਨੇ ਬਾਅਦ ਮਾਨਸਾ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਐੱਚ.ਐੱਸ. ਗਰੇਵਾਲ ਦੀ ਅਦਾਲਤ ਨੇ ਗੈਂਗਸਟਰਾਂ ਲਾਰੈਂਸ ਬਿਸ਼ਨੋਈ ਤੇ ਜੱਗੂ ਸਮੇਤ 27 ਦੋਸ਼ੀਆਂ ਖ਼ਿਲਾਫ਼ ਦੋਸ਼ ਆਇਦ ਕੀਤੇ ਸਨ। ਅਦਾਲਤ ਨੇ ਇਸਤਗਾਸਾ ਧਿਰ ਦੇ ਗਵਾਹਾਂ ਦੇ ਬਿਆਨ ਦਰਜ ਕਰਨ ਦਾ ਹੁਕਮ ਦਿੱਤਾ ਸੀ ਅਤੇ ਉਨ੍ਹਾਂ ਨੂੰ 20 ਮਈ ਲਈ ਤਲਬ ਕੀਤਾ ਸੀ। ਹਾਲਾਂਕਿ, ਇਸਤਗਾਸਾ ਧਿਰ ਵੱਲੋਂ ਸੂਚੀਬੱਧ ਦੋ ਮੁੱਖ ਗਵਾਹ ਅਦਾਲਤ ਵਿਚ ਪੇਸ਼ ਨਹੀਂ ਹੋਏ। ਇਸ ’ਤੇ ਅਦਾਲਤ ਨੇ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ ਅਤੇ ਇਸਤਗਾਸਾ ਧਿਰ ਦੇ ਗਵਾਹਾਂ ਨੂੰ 5 ਜੁਲਾਈ ਲਈ ਮੁੜ ਸੰਮਨ ਜਾਰੀ ਕਰ ਦਿੱਤੇ ਗਏ ਹਨ। ਮੂਸੇਵਾਲਾ ਦੇ ਕਤਲ ਦੀ ਜਾਂਚ ਕਰ ਰਹੀ ਐੱਸ.ਆਈ.ਟੀ. (ਸਿਟ) ਨੇ ਗੈਂਗਸਟਰਾਂ ਲਾਰੈਂਸ ਬਿਸ਼ਨੋਈ, ਕੈਨੇਡਾ ਸਥਿਤ ਗੋਲਡੀ ਬਰਾੜ ਅਤੇ ਜੱਗੂ ਭਗਵਾਨਪੁਰੀਆ ਸਮੇਤ 32 ਮੁਲਜ਼ਮਾਂ ਖ਼ਿਲਾਫ਼ ਚਾਰ ਚਾਰਜਸ਼ੀਟਾਂ ਦਾਇਰ ਕੀਤੀਆਂ ਹਨ, ਜਿਨ੍ਹਾਂ ਵਿਚ ਤਿੰਨ ਸਪਲੀਮੈਂਟਰੀ ਚਾਰਜਸ਼ੀਟਾਂ ਸ਼ਾਮਲ ਹਨ। ਐਡਵੋਕੇਟ ਸਤਿੰਦਰਪਾਲ ਸਿੰਘ, ਜੋ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਦੇ ਵਕੀਲ ਹਨ, ਨੇ ਕਿਹਾ ਕਿ ਇਸਤਗਾਸਾ ਪੱਖ ਨੇ ਜੇਲ੍ਹ ਤੋਂ ਲਾਰੈਂਸ ਬਿਸ਼ਨੋਈ ਦੇ ਇੰਟਰਵਿਊਆਂ ਦੀ ਜਾਂਚ ਬਾਰੇ ਪੁਲਿਸ ਤੋਂ ਸਟੇਟਸ ਰਿਪੋਰਟ ਦੀ ਮੰਗ ਕਰਨ ਲਈ ਅਰਜ਼ੀ ਦਾਇਰ ਕੀਤੀ ਸੀ। ਗੈਂਗਸਟਰ ਜੱਗੂ ਦੇ ਵਕੀਲ ਨੇ ਜਵਾਬ ਦਾਇਰ ਕੀਤਾ ਹੈ, ਪਰ ਬਿਸ਼ਨੋਈ ਦੇ ਵਕੀਲ ਨੇ ਅਜੇ ਤੱਕ ਕੋਈ ਜਵਾਬ ਦਾਖ਼ਲ ਨਹੀਂ ਕੀਤਾ। ਅਦਾਲਤ ਨੇ ਉਸ ਨੂੰ 5 ਜੁਲਾਈ ਤੱਕ ਜਵਾਬ ਦਾਖ਼ਲ ਕਰਨ ਲਈ ਕਿਹਾ ਹੈ।

# ਲੋਕ ਸਭਾ ਚੋਣਾਂ: ਡਾ. ਮਨਮੋਹਨ ਸਿੰਘ, ਅੰਸਾਰੀ, ਅਡਵਾਨੀ ਤੇ ਜੋਸ਼ੀ ਨੇ ਘਰੋਂ ਵੋਟ ਪਾਉਣ ਦੀ ਸਹੂਲਤ ਦਾ ਲਿਆ ਲਾਹਾ



ਨਵੀਂ ਦਿੱਲੀ, (ਪੰਜਾਬ ਮੇਲ)- ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਸਾਬਕਾ ਉਪ ਪ੍ਰਧਾਨ ਮੰਤਰੀ ਐੱਲ.ਕੇ. ਅਡਵਾਨੀ ਅਤੇ ਸਾਬਕਾ ਕੇਂਦਰੀ ਮੰਤਰੀ ਡਾ. ਮੁਰਲੀ ਮਨੋਹਰ ਜੋਸ਼ੀ ਨੇ ਘਰ ਤੋਂ ਵੋਟ ਪਾਉਣ ਦੀ ਸਹੂਲਤ ਦਾ ਇਸਤੇਮਾਲ ਕਰਦਿਆਂ ਆਪੋ-ਆਪਣੀ ਵੋਟ ਪਾਈ। ਇਹ ਜਾਣਕਾਰੀ ਦਿੱਲੀ ਚੋਣ ਕਮਿਸ਼ਨ ਨੇ ਦਿੱਤੀ।

ਦਿੱਲੀ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਨੇ ਵੀਰਵਾਰ ਨੂੰ ਬਜ਼ੁਰਗ ਵੋਟਰਾਂ ਅਤੇ ਦਿਵਿਆਂਗਾਂ ਲਈ ਘਰੋਂ ਵੋਟ ਪਾਉਣ ਦੀ ਸਹੂਲਤ ਦੀ ਸ਼ੁਰੂਆਤ ਕੀਤੀ ਸੀ ਅਤੇ ਇਹ ਸਹੂਲਤ 24 ਮਈ ਤੱਕ ਜਾਰੀ ਰਹੇਗੀ। ਦਫ਼ਤਰ ਵੱਲੋਂ ਸਾਂਝੇ ਕੀਤੇ ਗਏ ਅੰਕੜਿਆਂ ਮੁਤਾਬਕ ਘਰੋਂ ਵੋਟ ਪਾਉਣ ਦੀ ਸਹੂਲਤ ਦਾ ਫਾਇਦਾ ਉਠਾਉਂਦੇ ਹੋਏ ਸ਼ੁੱਕਰਵਾਰ ਨੂੰ ਦਿੱਲੀ ਦੇ ਸਾਰੇ ਸੱਤ ਸੰਸਦੀ ਹਲਕਿਆਂ ਵਿਚੋਂ 1409 ਵੋਟਰਾਂ ਨੇ ਆਪਣੇ

# ਸਾਬਕਾ ਵਿਧਾਇਕ ਦਰਸ਼ਨ ਕੋਟਫੱਤਾ ਸ਼੍ਰੋਮਣੀ ਅਕਾਲੀ ਦਲ ਛੱਡ ਕੇ ‘ਆਪ’ ’ਚ ਸ਼ਾਮਲ

ਚੰਡੀਗੜ੍ਹ, (ਪੰਜਾਬ ਮੇਲ)- ਆਮ ਆਦਮੀ ਪਾਰਟੀ ਨੇ ਬਠਿੰਡਾ ’ਚ ਸ਼੍ਰੋਮਣੀ ਅਕਾਲੀ ਦਲ ’ਚ ਭਾਜਪਾ ਨੂੰ ਵੱਡਾ ਝਟਕਾ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਦਰਸ਼ਨ ਸਿੰਘ ਕੋਟਫੱਤਾ ਸ਼੍ਰੋਮਣੀ ਅਕਾਲੀ ਦਲ ਛੱਡ ਕੇ ‘ਆਪ’ ’ਚ ਸ਼ਾਮਲ ਹੋ ਗਏ।

ਦਰਸ਼ਨ ਸਿੰਘ ਕੋਟਫੱਤਾ ਸੇਵਾਮੁਕਤ ਸਰਕਾਰੀ ਮੁਲਾਜ਼ਮ ਹਨ। ਉਹ 2012 ’ਚ ਬਠਿੰਡਾ ਦਿਹਾਤੀ ਤੋਂ ਅਕਾਲੀ ਦਲ ਦੇ ਵਿਧਾਇਕ ਰਹੇ ਚੁੱਕੇ ਹਨ। ਉਨ੍ਹਾਂ ਨੇ 2022 ’ਚ ਭੁੱਚੋ ਮੰਡੀ ਹਲਕੇ ਤੋਂ ਪੰਜਾਬ ਵਿਧਾਨ ਸਭਾ ਚੋਣ ਵੀ ਲੜੀ ਸੀ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ’ਚ ਸ਼੍ਰੋਮਣੀ ਅਕਾਲੀ ਦਲ ਖ਼ਤਮ ਹੋ ਚੁੱਕੀ ਹੈ। ਲੋਕਾਂ ਦਾ ਸ਼੍ਰੋਮਣੀ ਅਕਾਲੀ ਦਲ ਤੋਂ ਵਿਸ਼ਵਾਸ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਾ ਹੈ ਕਿਉਂਕਿ ਹੁਣ ਬਾਦਲ ਦਲ ਭ੍ਰਿਸ਼ਟ ਅਤੇ ਸਵਾਰਥੀ ਲੋਕਾਂ ਨਾਲ ਭਰਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨਫ਼ਰਤ ਤੇ ਧਰੁਵੀਕਰਨ ਦੀ ਰਾਜਨੀਤੀ ਕਰਦੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :**

**www.punjabmailusa.com**



# ਫ਼ਿਰੋਜ਼ਪੁਰ ਹਲਕੇ ’ਚ ਚੁਣਾਵੀ ਮਾਹੌਲ ਗਰਮਾਇਆ

**ਤਲਵੰਡੀ ਭਾਈ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਵਿਚ ਗਰਮੀ ਦੇ ਪਾਰੇ ਨਾਲ ਸਿਆਸੀ ਪਾਰਾ ਵੀ ਚੜ੍ਹ ਗਿਆ ਹੈ। ਜੇਕਰ ਗੱਲ ਫਿਰੋਜ਼ਪੁਰ ਲੋਕ ਸਭਾ ਹਲਕਾ ਦੀ ਕਰੀਏ ਤਾਂ ਇੱਥੋਂ ਦਾ ਚੁਣਾਵੀ ਮੌਸਮ ਕੁਝ ਹੋਰ ਹੀ ਰੰਗ ਦਿਖਾ ਰਿਹਾ ਹੈ। ਇੱਕ ਪਾਸੇ ਇਸ ਖਿੱਤੇ ਵਿਚ ਕਿਸਾਨ ਜਥੇਬੰਦੀਆਂ ਦਾ ਪੂਰਾ ਦਬਦਬਾ ਹੈ, ਜਿਸ ਨੇ ਭਾਜਪਾ ਦੀ ਪੂਰੀ ਜ਼ੋਰ ਅਜ਼ਮਾਇਸ਼ ਕਾਰਵਾਈ ਹੋਈ ਹੈ, ਦੂਜੇ ਪਾਸੇ ਮਾਲਬਰੋਜ਼ ਸ਼ਰਾਬ ਫੈਕਟਰੀ ਵਿਚ ਲੱਗੇ ਪੱਕੇ ਮੋਰਚੇ ਨੇ ਮੌਜੂਦਾ ‘ਆਪ’ ਸਰਕਾਰ ਨੂੰ ਵੀ ਵਖ਼ਤ ਪਾਇਆ ਹੋਇਆ ਹੈ। ਬੇਸ਼ੱਕ ਇਹ ਖਡੂਰ ਸਾਹਿਬ ਹਲਕੇ ਨਾਲ ਸਬੰਧਤ ਹੈ ਪਰ ਇਸ ਮੋਰਚੇ ਦਾ ਸੇਕ ਫ਼ਿਰੋਜ਼ਪੁਰ ਲੋਕ ਸਭਾ ਚੋਣਾਂ ਦੇ ਉਮੀਦਵਾਰਾਂ ਨੂੰ ਝੱਲਣਾ ਪੈ ਰਿਹਾ ਹੈ। ਲੋਕ ਸਭਾ ਹਲਕਾ ਫਿਰੋਜ਼ਪੁਰ ’ਚ ਕੁੱਲ ਅੱਠ ਵਿਧਾਨ ਸਭਾ ਹਲਕੇ, ਫਿਰੋਜ਼ਪੁਰ ਸ਼ਹਿਰੀ, ਫਿਰੋਜ਼ਪੁਰ ਦਿਹਾਤੀ, ਗੁਰੂਹਰਸਹਾਏ, ਫਾਜ਼ਿਲਕਾ, ਅਬੋਹਰ, ਬੱਲੂਆਣਾ, ਮਲੋਟ ਤੇ ਮੁਕਤਸਰ ਸਾਹਿਬ ਸ਼ਾਮਲ ਹਨ। ਅੱਠਾਂ ’ਚੋਂ ਸੱਤ ਵਿਧਾਨ ਸਭਾ ਸੀਟਾਂ ਮੌਜੂਦਾ ‘ਆਪ’ ਸਰਕਾਰ ਦੇ ਖੇਮੇ ’ਚ ਹਨ, ਜਦੋਂਕਿ ਸਿਰਫ਼ ਇਕੋ ਅਬੋਹਰ ਵਿਧਾਨ ਸਭਾ ਤੋਂ ਸੰਦੀਪ ਜਾਖੜ ਕਾਂਗਰਸ ਪਾਰਟੀ ਤੋਂ ਜੇਤੂ ਹਨ।



ਜਗਦੀਪ ਸਿੰਘ, ਨਰਦੇਵ ਸਿੰਘ, ਰਾਣਾ ਗੁਰਮੀਤ ਸਿੰਘ, ਸ਼ੇਰ ਸਿੰਘ ਘੁਬਾਇਆ।

ਜਾਣਕਾਰੀ ਅਨੁਸਾਰ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਆਮ ਆਦਮੀ ਪਾਰਟੀ ਤੋਂ ਜਗਦੀਪ ਸਿੰਘ ਕਾਕਾ ਬਰਾੜ, ਕਾਂਗਰਸ ਦੇ ਸ਼ੇਰ ਸਿੰਘ ਘੁਬਾਇਆ, ਸ਼੍ਰੋਮਣੀ ਅਕਾਲੀ ਦਲ ਦੇ ਨਰਦੇਵ ਸਿੰਘ ਬੌਬੀ ਮਾਨ, ਭਾਜਪਾ ਵੱਲੋਂ ਰਾਣਾ ਗੁਰਮੀਤ ਸਿੰਘ, ਅਕਾਲੀ ਦਲ (ਅੰਮ੍ਰਿਤਸਰ) ਦੇ ਭੁਪਿੰਦਰ ਸਿੰਘ ਭੁੱਲਰ ਚੋਣ ਮੈਦਾਨ ਵਿਚ ਨਿੱਤਰੇ ਹੋਏ ਹਨ। ਇੱਥੇ ਸ਼੍ਰੋਮਣੀ ਅਕਾਲੀ ਦਲ ਲਈ ਕਰੋ ਜਾਂ ਮਾਰੋ ਵਾਲੀ ਸਥਿਤੀ ਪੈਦਾ ਹੋ ਗਈ ਹੈ ਅਤੇ ਆਮ ਆਦਮੀ ਪਾਰਟੀ ਵੀ ਜਿੱਤਣ ਲਈ ਹਰ ਹੀਲਾ ਵਰਤ ਰਹੀ ਹੈ। ਭਾਜਪਾ ਨਾਲੋਂ ਤੋੜ-ਵਿਛੋੜਾ ਹੋਣ ਮਗਰੋਂ ਸ਼ਹਿਰੀ ਵੋਟ ਹਾਸਲ ਕਰਨਾ ਅਕਾਲੀ ਦਲ ਲਈ ਔਖਾ ਕੰਮ ਹੈ। ਇਸੇ ਤਰ੍ਹਾਂ ਭਾਜਪਾ ਲਈ ਪੇਂਡੂ ਅਤੇ ਪੰਥਕ ਵੋਟ ਲੈਣਾ ਚੁਣੌਤੀ ਬਣਿਆ ਹੋਇਆ ਹੈ। ਜੇਕਰ ਕਾਂਗਰਸ ਦੀ ਗੱਲ ਕੀਤੀ ਜਾਵੇ, ਤਾਂ ਪਾਰਟੀ ਨੂੰ ਪੁਰਾਣੀ ਲੀਡਰਸ਼ਿਪ ਦੀ ਘਾਟ ਰੜਕੇਗੀ, ਕਿਉਂਕਿ ਦੋ ਵੱਡੇ ਸਿਆਸੀ ਚਿਹਰੇ ਰਾਣਾ ਗੁਰਮੀਤ ਸਿੰਘ ਅਤੇ ਸੁਨੀਲ ਜਾਖੜ ਭਾਜਪਾ ਦੀ ਕਮਾਨ ਸੰਭਾਲੀ ਬੈਠੇ ਹਨ।

# ਆਨੰਦਪੁਰ ਸਾਹਿਬ ਹਲਕੇ ਅੰਦਰ ਬਾਹਰੀ ਉਮੀਦਵਾਰਾਂ ਦੀ ਚਰਚਾ

**ਬੰਗਾ, (ਪੰਜਾਬ ਮੇਲ)-** ਇਸ ਵਾਰ ਚੋਣ ਪ੍ਰਚਾਰ ਦੌਰਾਨ ਆਨੰਦਪੁਰ ਸਾਹਿਬ ਹਲਕੇ ਅੰਦਰ ਬਾਹਰੀ ਉਮੀਦਵਾਰਾਂ ਦੀ ਚਰਚਾ ਹੋ ਰਹੀ ਹੈ। ਬਸਪਾ ਉਮੀਦਵਾਰ ਜਸਵੀਰ ਸਿੰਘ ਗੜ੍ਹੀ ਅਤੇ ਭਾਜਪਾ ਉਮੀਦਵਾਰ ਸੁਭਾਸ਼ ਸ਼ਰਮਾ ਵਲੋਂ ਖ਼ੁਦ ਨੂੰ ਹਲਕੇ ਦਾ ਉਮੀਦਵਾਰ ਦੱਸਿਆ ਜਾ ਰਿਹਾ ਹੈ ਤੇ ਵਿਰੋਧੀ ਧਿਰਾਂ ਦੇ ਉਮੀਦਵਾਰਾਂ ਨੂੰ ਬਾਹਰਲੇ ਦੱਸਦਿਆਂ ਆਲੋਚਨਾ ਕੀਤੀ ਜਾ ਰਹੀ ਹੈ। ਸ਼੍ਰੀ ਗੜ੍ਹੀ ਨੇ ਕਿਹਾ ਕਿ ਕਾਂਗਰਸ ਵਲੋਂ ਵਿਜੈਇੰਦਰ ਸਿੰਗਲਾ ਹਲਕਾ ਸੰਗਰੂਰ ਤੋਂ ਲਿਆਂਦੇ ਗਏ ਹਨ, ਜਦੋਂਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਹਲਕਾ ਪਟਿਆਲਾ ਤੋਂ ਲਿਆ ਕੇ ਉਮੀਦਵਾਰ ਬਣਾਇਆ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਪ੍ਰੇਮ ਸਿੰਘ ਚੰਦੂਮਾਜਰਾ ਨੇ 2014 ’ਚ ਇੱਥੋਂ ਚੋਣ ਜਿੱਤ ਕੇ ਆਪਣੇ ਅਖਤਿਆਰੀ ਫੰਡ ’ਚੋਂ ਬਹੁਤੀਆਂ ਗ੍ਰਾਂਟਾਂ ਦੀ ਵੰਡ ਆਪਣੇ ਜੱਦੀ ਹਲਕਾ ਘਨੌਰ ’ਚ ਕੀਤੀ ਸੀ। ਉਨ੍ਹਾਂ ‘ਆਪ’ ਦੇ ਮਲਵਿੰਦਰ ਸਿੰਘ ਕੰਗ ਨੂੰ ਵੀ ਮਹਾਰਾਸ਼ਟਰ ਸੂਬੇ ਦੇ ਪਿਛੋਕੜ ਵਾਲਾ ਦੱਸਿਆ।

ਭਾਜਪਾ ਦੇ ਸੁਭਾਸ਼ ਸ਼ਰਮਾ ਨੇ ਕਿਹਾ ਕਿ ਉਹ ਮੁਹਾਲੀ ’ਚ ਲੰਬੇ ਅਰਸੇ ਤੋਂ ਰਹਿ ਰਹੇ ਹਨ ਅਤੇ ਸਦਾ ਇਸ ਹਲਕੇ ਦੀ ਸੇਵਾ ਲਈ ਸਮਰਪਿਤ ਰਹਿਣਗੇ। ਕਾਂਗਰਸ ਦੇ ਵਿਜੈਇੰਦਰ ਸਿੰਗਲਾ ਨੇ ਕਿਹਾ ਕਿ ਚੋਣਾਂ ’ਚ ਉਮੀਦਵਾਰ ਦੀ ਨਹੀਂ, ਪਾਰਟੀ ਦੀ ਜਿੱਤ ਹੁੰਦੀ ਹੈ। ਪ੍ਰੇਮ ਸਿੰਘ ਚੰਦੂਮਾਜਰਾ ਦਾ ਕਹਿਣਾ ਸੀ ਕਿ ਆਨੰਦਪੁਰ ਸਾਹਿਬ ਹਲਕਾ ਉਨ੍ਹਾਂ ਦਾ ਆਪਣਾ ਹਲਕਾ ਹੈ। ਆਮ ਆਦਮੀ ਪਾਰਟੀ ਦੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਉਹ ਆਨੰਦਪੁਰ ਸਾਹਿਬ ਦੇ ਹਲਕਾ ਇੰਚਾਰਜ ਵਜੋਂ ਪਹਿਲਾਂ ਹੀ ਸੇਵਾ ਨਿਭਾ ਰਹੇ ਹਨ।

ਇਸ ਦੇ ਨਾਲ ਹੀ ਆਨੰਦਪੁਰ ਸਾਹਿਬ ਦੇ ਉਮੀਦਵਾਰਾਂ ਵਲੋਂ ਇੱਕ ਦੂਜੇ ਤੋਂ ਵੱਧ ਪੜ੍ਹੇ ਲਿਖੇ ਹੋਣ ਦੇ ਵੀ ਦਾਅਵੇ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚੋਂ ਭਾਜਪਾ ਉਮੀਦਵਾਰ ਡਾ. ਸੁਭਾਸ਼ ਸ਼ਰਮਾ ਵਲੋਂ ਚੋਣ ਪ੍ਰਚਾਰ ’ਚ ਅਰਥ ਸ਼ਾਸਤਰ ’ਚ ਪੀ.ਐੱਚ.ਡੀ. ਅਤੇ ਹਾਈ ਕੋਰਟ ’ਚ ਵਕਾਲਤ ਕਰਨ ਦਾ ਉਚੇਚੇ ਤੌਰ ’ਤੇ ਜ਼ਿਕਰ ਹੋ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਦੱਸਿਆ ਕਿ ਉਨ੍ਹਾਂ ਨੇ ਦੋ ਐੱਮ.ਏ. ਕੀਤੀਆਂ ਹੋਈਆਂ ਹਨ।

‘ਆਪ’ ਦੇ ਮਲਵਿੰਦਰ ਸਿੰਘ ਕੰਗ ਵਲੋਂ ਵੀ ਆਪਣੀ ਵਿੱਦਿਅਕ ਯੋਗਤਾ ਐੱਮ.ਏ., ਐੱਲ.ਐੱਲ.ਬੀ. ਨੂੰ ਉਭਾਰਿਆ ਗਿਆ ਹੈ। ਕਾਂਗਰਸੀ ਉਮੀਦਵਾਰ ਵਿਜੈਇੰਦਰ ਸਿੰਗਲਾ ਦੀ ਵਿੱਦਿਅਕ ਯੋਗਤਾ ਵਿਚ ਕੰਪਿਊਟਰ ਸਾਇੰਸ ਦੇ ਬੀ.ਈ. ਡਿਗਰੀ ਕੋਰਸ ਨੂੰ ਦਰਜ ਕੀਤਾ ਗਿਆ ਹੈ। ਬਸਪਾ ਦੇ ਜਸਵੀਰ ਸਿੰਘ ਗੜ੍ਹੀ ਦੀ ਵਿੱਦਿਅਕ ਯੋਗਤਾ ਪਬਲਿਕ ਅਡਮਨਿਸਟਰੇਸ਼ਨ ’ਚ ਐੱਮ.ਏ. ਲਿਖੀ ਗਈ ਹੈ।

# ਅਕਾਲੀ ਦਲ ਤੇ ਸੀ.ਪੀ.ਐੱਮ. ਨੇ ਕਪੂਰੀ ਮੋਰਚੇ ਤੱਕ ਇਕੱਠਿਆਂ ਚੋਣ ਲੜੀ

**ਪਟਿਆਲਾ, (ਪੰਜਾਬ ਮੇਲ)-** 1997 ਤੋਂ ਬਾਅਦ ਪੰਜਾਬ ਵਿਚ ਖੱਬੇ ਪੱਖੀ ਲਹਿਰ ਦੇ ਲਾਲ ਝੰਡੇ ਲੋਪ ਹੋਣੇ ਸ਼ੁਰੂ ਹੋ ਗਏ। ਬੇਸ਼ੱਕ ਹਰਕ੍ਰਿਸ਼ਨ ਸਿੰਘ ਸੁਰਜੀਤ ਦੇ ਹੁੰਦਿਆਂ ਇਸ ਲਹਿਰ ਦੀ ਦਿੱਲੀ ਵਿਚ ਪੂਰੀ ਗੂੰਜ ਰਹੀ ਪਰ ਪੰਜਾਬ ਵਿਚ ਇਹ ਖ਼ਾਮੋਸ਼ ਹੁੰਦੀ ਗਈ। ਪ੍ਰਾਪਤ ਵੇਰਵਿਆਂ ਅਨੁਸਾਰ 1980ਵਿਆਂ ਤੱਕ ਸੀ.ਪੀ.ਐੱਮ. ਅਕਾਲੀ ਦਲ ਨਾਲ ਵੀ ਹਮ ਖ਼ਿਆਲੀ ਰਹੀ ਹੈ, ਜਦੋਂਕਿ ਸੀ.ਪੀ.ਆਈ. ਕਾਂਗਰਸ ਨਾਲ ਸਮਝੌਤਾ ਕਰਕੇ ਚੋਣਾਂ ਲੜਦੀ ਰਹੀ, ਜਿਵੇਂ ਕਿ 1980 ਵਿਚ ਰਾਜਪੁਰਾ ਤੋਂ ਪ੍ਰੋ. ਬਲਵੰਤ ਸਿੰਘ, ਚੰਦ ਸਿੰਘ ਚੋਪੜਾ, ਸਰਬਣ ਸਿੰਘ ਚੀਮਾ, ਹਰਬੰਸ ਬੀਕਾ, ਦਰਸ਼ਨ ਸਿੰਘ ਝਬਾਲ ਸਮੇਤ ਸੀ.ਪੀ.ਐੱਮ. ਦੇ 8 ਵਿਧਾਇਕ ਰਹੇ। 1992 ਵਿਚ ਅਕਾਲੀਆਂ ਦੇ ਬਾਈਕਾਟ ਸਮੇਂ ਤਰਸੇਮ ਯੋਧਾ ਵਿਧਾਇਕ ਬਣਿਆ। ਚੋਣ ਇਤਿਹਾਸ ਇਹ ਵੀ ਕਹਿੰਦਾ ਹੈ ਕਿ 1977 ਵਿਚ ਫਿਲੌਰ ਤੋਂ ਸੀ.ਪੀ.ਐੱਮ. ਦਾ ਮਾਸਟਰ ਭਗਤ ਰਾਮ ਸੰਸਦ ਮੈਂਬਰ ਬਣਿਆ ਸੀ। 2004 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਤੇ ਖੱਬੇ ਪੱਖੀਆਂ ਨੇ ਮਿਲ ਕੇ ਚੋਣਾਂ ਲੜੀਆਂ ਸਨ। ਇਸੇ ਸਾਲ ਬਠਿੰਡਾ ਲੋਕ ਸਭਾ ਸੀਟ ਤੋਂ ਅਕਾਲੀ-ਭਾਜਪਾ ਗੱਠਜੋੜ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੇ ਕਾਂਗਰਸ-ਸੀ.ਪੀ.ਆਈ. ਦੇ ਸਾਂਝੇ ਉਮੀਦਵਾਰ ਕੁਸ਼ਲ ਭੌਰਾ ਨੂੰ ਹਰਾਇਆ ਸੀ। ਇਸ ਤੋਂ ਬਾਅਦ ਦੋਵਾਂ ਪਾਰਟੀਆਂ ਦਾ ਗੱਠਜੋੜ ਟੁੱਟ ਗਿਆ। ਪੰਜਾਬ ਵਿਚ ਕਾਂਗਰਸ ਅਤੇ ਸੀ.ਪੀ.ਆਈ. ਦੇ ਗੱਠਜੋੜ ਦਾ ਕਾਰਨ ਸੀ.ਪੀ.ਆਈ. ਦੇ ਵੱਡੇ ਆਗੂ ਹਰਕਿਸ਼ਨ ਸਿੰਘ ਸੁਰਜੀਤ ਸਨ, ਜੋ ਪੰਜਾਬ ਨਾਲ ਸਬੰਧਤ ਸਨ। ਕਾਮਰੇਡ ਸੁਰਜੀਤ 1992 ਤੋਂ 2005 ਤੱਕ ਸੀ.ਪੀ.ਆਈ. ਦੇ ਜਨਰਲ ਸਕੱਤਰ ਰਹੇ। 2004 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਉਨ੍ਹਾਂ ਦੀ ਸਿਹਤ ਵਿਗੜਨ ਲੱਗੀ ਅਤੇ 2008 ਵਿਚ ਉਨ੍ਹਾਂ ਦੀ ਮੌਤ ਹੋ ਗਈ। ਹਾਲਾਂਕਿ 2007 ਵਿਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਨੇ ਸੂਬੇ ਵਿਚ ਇਕੱਲਿਆਂ ਹੀ ਚੋਣਾਂ ਲੜਨੀਆਂ ਸ਼ੁਰੂ ਕਰ ਦਿੱਤੀਆਂ ਸਨ। ਉਂਜ 2004 ਵਿਚ ਖੱਬੇ ਪੱਖੀਆਂ ਦੀਆਂ ਭਾਰਤ ਵਿਚ 63 ਲੋਕ ਸਭਾ ਸੀਟਾਂ ਆਈਆਂ ਸਨ, ਉਸ ਵੇਲੇ ਸ਼ਰਤਾਂ ਦੇ ਆਧਾਰ ’ਤੇ ਕਾਂਗਰਸ ਸਰਕਾਰ ਨੂੰ ਸਮਰਥਨ ਦਿੱਤਾ ਸੀ। ਸੀ.ਪੀ.ਐੱਮ. ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਉਨ੍ਹਾਂ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਸਮਝੌਤਾ ਹੁੰਦਾ ਸੀ ਤੇ ਕਪੂਰੀ ਦਾ ਮੋਰਚਾ ਲਾਉਣ ਵਿਚ ਵੀ ਸੀ.ਪੀ.ਐੱਮ. ਦੀ ਵੱਡੀ ਭੂਮਿਕਾ ਰਹੀ। ਸੀ.ਪੀ.ਆਈ. ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਕਾਂਗਰਸ ਨਾਲ ਸਮਝੌਤਾ ਰਿਹਾ ਹੈ ਪਰ ਫਿਰ ਵੀ ਉਨ੍ਹਾਂ ਖੱਬੇ ਪੱਖੀ ਵਿਚਾਰਧਾਰਾ ਨੂੰ ਨਹੀਂ ਤਿਆਗਿਆ।



# ਅੰਮ੍ਰਿਤਸਰ ਲੋਕ ਸਭਾ ਹਲਕੇ 'ਚ 7 ਪ੍ਰਮੁੱਖ ਪਾਰਟੀਆਂ ਦੇ ਕੁੱਲ 30 ਉਮੀਦਵਾਰ ਚੋਣ ਮੈਦਾਨ 'ਚ

- 4 ਔਰਤ ਉਮੀਦਵਾਰ ਵੀ ਸ਼ਾਮਲ
- ਡਾ. ਓਬਰਾਏ ਨੇ ਹੁਣ ਤੱਕ 355 ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਵਾਰਸਾਂ ਤੱਕ ਪਹੁੰਚਾਏ



ਕੁਲਦੀਪ ਸਿੰਘ ਧਾਲੀਵਾਲ, ਗੁਰਜੀਤ ਸਿੰਘ ਔਜਲਾ, ਅਨਿਲ ਜੋਸ਼ੀ, ਤਰਨਜੀਤ ਸਿੰਘ ਸੰਧੂ।

ਅੰਮ੍ਰਿਤਸਰ, (ਪੰਜਾਬ ਮੇਲ)- ਨਾਮਜ਼ਦਗੀ ਪੱਤਰ ਵਾਪਸ ਲੈਣ ਦਾ ਆਖਰੀ ਦਿਨ ਲੰਘਣ ਮਗਰੋਂ ਅੰਮ੍ਰਿਤਸਰ ਲੋਕ ਸਭਾ ਹਲਕੇ ਵਾਸਤੇ ਹੁਣ ਸੱਤ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਸਮੇਤ ਕੁੱਲ 30 ਉਮੀਦਵਾਰ ਮੈਦਾਨ ਵਿਚ ਹਨ, ਜਿਨ੍ਹਾਂ ਵਿਚ ਚਾਰ ਔਰਤਾਂ ਵੀ ਸ਼ਾਮਲ ਹਨ। ਪ੍ਰਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਨਿਲ ਜੋਸ਼ੀ, ਆਮ ਆਦਮੀ ਪਾਰਟੀ ਵੱਲੋਂ ਕੁਲਦੀਪ ਸਿੰਘ ਧਾਲੀਵਾਲ, ਕਾਂਗਰਸ ਵੱਲੋਂ ਗੁਰਜੀਤ ਸਿੰਘ ਔਜਲਾ, ਭਾਜਪਾ ਵੱਲੋਂ ਤਰਨਜੀਤ ਸਿੰਘ ਸੰਧੂ ਸਮੁੰਦਰੀ, ਬਸਪਾ ਵੱਲੋਂ ਵਿਸ਼ਾਲ ਸਿੱਧੂ, ਮਾਨ ਦਲ ਵੱਲੋਂ ਇਮਾਨ ਸਿੰਘ ਮਾਨ ਅਤੇ ਸੀ.ਪੀ.ਆਈ. ਦੀ ਉਮੀਦਵਾਰ ਦਸਵਿੰਦਰ ਕੌਰ ਸ਼ਾਮਿਲ ਹਨ। ਇਸ ਕਾਰਨ ਇਸ ਹਲਕੇ ਵਿਚ ਬਹੁਕੋਣਾ ਮੁਕਾਬਲਾ ਹੋਵੇਗਾ ਲੇਕਿਨ ਜੇਕਰ ਸਿਆਸੀ ਮਾਹਿਰਾਂ ਦੀ ਮੰਨੀ ਜਾਵੇ, ਤਾਂ ਮੁਕਾਬਲਾ ਚਾਰ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਵਿਚਾਲੇ ਹੀ ਹੋਵੇਗਾ। ਇਨ੍ਹਾਂ ਵਿਚ ਭਾਜਪਾ, ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਸ਼ਾਮਿਲ ਹੈ। ਚਾਰੋਂ ਹੀ ਸਿਆਸੀ ਧਿਰਾਂ ਦੇ ਉਮੀਦਵਾਰਾਂ ਵੱਲੋਂ ਆਪੋ-ਆਪਣੀ ਜਿੱਤ ਵਾਸਤੇ ਲਗਾਤਾਰ ਸਖਤ ਮਿਹਨਤ ਕੀਤੀ ਜਾ ਰਹੀ ਹੈ। ਚੋਣ ਪ੍ਰਚਾਰ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੋ ਵਾਰ ਪਾਰਟੀ ਉਮੀਦਵਾਰ ਅਨਿਲ ਜੋਸ਼ੀ ਦੇ ਹੱਕ ਵਿਚ ਹਲਕੇ ਦਾ ਦੌਰਾ ਕਰ ਗਏ ਹਨ। 'ਆਪ' ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਦੇ ਹੱਕ ਵਿਚ ਹਾਲ ਹੀ ਵਿਚ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਵੱਲੋਂ ਰੋਡ ਸ਼ੋਅ ਕੀਤਾ ਗਿਆ ਹੈ। ਕਾਂਗਰਸ ਤੇ ਭਾਜਪਾ ਦੇ ਉਮੀਦਵਾਰ ਵੱਲੋਂ ਫਿਲਹਾਲ ਆਪਣੇ ਪੱਧਰ 'ਤੇ ਹੀ ਚੋਣ ਪ੍ਰਚਾਰ ਕੀਤਾ ਜਾ ਰਿਹਾ ਪਰ ਆਉਣ ਵਾਲੇ ਦਿਨਾਂ ਵਿਚ ਕਾਂਗਰਸ ਤੇ ਭਾਜਪਾ ਦੇ ਵੱਡੇ ਆਗੂ ਵੀ ਚੋਣ ਪ੍ਰਚਾਰ ਲਈ ਇੱਥੇ ਪੁੱਜਣਗੇ। ਇਸ ਵੇਲੇ ਚੋਣ ਪਿੜ ਵਿਚ ਚਾਰ ਔਰਤਾਂ ਵੀ ਉਮੀਦਵਾਰ ਵਜੋਂ ਨਿੱਤਰੀਆਂ ਹੋਈਆਂ ਹਨ, ਜਿਨ੍ਹਾਂ ਵਿਚੋਂ ਇੱਕ ਸੀ.ਪੀ.ਆਈ. ਦੀ ਦਸਵਿੰਦਰ ਕੌਰ, ਜੋ ਪਹਿਲਾਂ ਵੀ ਲੋਕ ਸਭਾ ਚੋਣ ਲੜ ਚੁੱਕੇ ਹਨ, 'ਆਪ' ਦੀ ਨਰਿੰਦਰ ਕੌਰ, ਆਜ਼ਾਦ ਉਮੀਦਵਾਰ ਵੱਜੋਂ ਸ਼ਰਨਜੀਤ ਕੌਰ ਤੇ ਨੀਲਮ ਸ਼ਾਮਿਲ ਹਨ। ਇਸ ਵਾਰ ਕੁੱਲ 18 ਉਮੀਦਵਾਰ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਇਨ੍ਹਾਂ ਸਾਰਿਆਂ ਨੂੰ ਜ਼ਿਲ੍ਹਾ ਚੋਣ ਅਧਿਕਾਰੀ ਵੱਲੋਂ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਗਏ। ਇਨ੍ਹਾਂ ਵਿਚ ਸ਼ਾਮਿਲ ਸ਼ਾਮ ਲਾਲ ਗਾਂਧੀ ਤੇ ਬਾਲ ਕ੍ਰਿਸ਼ਨ ਸ਼ਰਮਾ ਕਈ ਵਾਰ ਪਹਿਲਾਂ ਵੀ ਚੋਣ ਲੜ ਚੁੱਕੇ ਹਨ। ਇਸ ਵੇਲੇ ਭਾਵੇਂ ਸਖਤ ਗਰਮੀ ਪੈ ਰਹੀ ਪਰ ਇਸ ਦੇ ਬਾਵਜੂਦ ਚੋਣ ਪ੍ਰਚਾਰ ਦਾ ਪਿੜ ਵੀ ਲਗਾਤਾਰ ਭਖ ਰਿਹਾ ਹੈ। ਵਧੇਰੇ ਪੈ ਰਹੀ ਗਰਮੀ ਨੂੰ ਧਿਆਨ ਵਿਚ ਰੱਖਦਿਆਂ ਸਿਆਸੀ ਉਮੀਦਵਾਰਾਂ ਵੱਲੋਂ ਚੋਣ ਪ੍ਰਚਾਰ ਦੀ ਰਣਨੀਤੀ ਵਿਚ ਵੀ ਤਬਦੀਲੀ ਕੀਤੀ ਗਈ ਹੈ। ਦੁਪਹਿਰ ਵੇਲੇ ਹੋਣ ਵਾਲੇ ਚੋਣ ਜਲਸਿਆਂ ਦੀ ਗਿਣਤੀ ਵਿਚ ਕਮੀ ਕੀਤੀ ਗਈ ਹੈ ਅਤੇ ਇਸ ਦੇ ਬਦਲੇ ਸ਼ਾਮ ਵੇਲੇ ਚੋਣ ਗਤੀਵਿਧੀ ਤੇਜ਼ ਕੀਤੀ ਗਈ ਹੈ। ਹਫਤੇ ਦੇ ਆਖਰੀ ਦਿਨਾਂ ਜਾਂ ਛੁੱਟੀ ਵਾਲੇ ਦਿਨਾਂ ਵਿਚ ਸਵੇਰ ਵੇਲੇ ਜਨਤਕ ਥਾਵਾਂ 'ਤੇ ਜਾ ਕੇ ਉਮੀਦਵਾਰਾਂ ਵੱਲੋਂ ਸਵੇਰ ਦੀ ਸੈਰ ਕਰਨ ਵਾਲੇ ਲੋਕਾਂ ਨਾਲ ਮੁਲਾਕਾਤ ਕਰਕੇ ਚੋਣ ਪ੍ਰਚਾਰ ਕੀਤਾ ਜਾ ਰਿਹਾ।

## ਅਕਾਲੀ ਦਲ ਵੱਲੋਂ ਰਵੀਕਰਨ ਸਿੰਘ ਕਾਹਲੋਂ ਨੂੰ ਪਾਰਟੀ 'ਚੋਂ ਕੱਢਣ ਦਾ ਐਲਾਨ

**ਚੰਡੀਗੜ੍ਹ**, (ਪੰਜਾਬ ਮੇਲ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਵਿਰੋਧੀ ਸਰਗਰਮੀਆਂ 'ਤੇ ਸਖ਼ਤ ਫ਼ੈਸਲਾ ਲੈਂਦਿਆਂ ਪਾਰਟੀ ਦੇ ਜਨਰਲ ਸਕੱਤਰ ਅਤੇ ਯੂਥ ਅਕਾਲੀ ਦਲ ਮਾਝਾ ਜ਼ੋਨ ਦੇ ਪ੍ਰਧਾਨ ਰਵੀਕਰਨ ਸਿੰਘ ਕਾਹਲੋਂ ਨੂੰ ਸ਼੍ਰੋਮਣੀ ਅਕਾਲੀ ਦਲ 'ਚੋਂ ਕੱਢਣ ਦਾ ਐਲਾਨ ਕੀਤਾ। ਦੱਸਣਯੋਗ ਹੈ ਕਿ ਰਵੀਕਰਨ ਸਿੰਘ ਕਾਹਲੋਂ 'ਤੇ ਅਕਾਲੀ ਵਰਕਰਾਂ ਵਲੋਂ ਲਗਾਤਾਰ ਪਾਰਟੀ ਪ੍ਰਧਾਨ ਨੂੰ ਇਹ ਰਿਪੋਰਟਾਂ ਭੇਜੀਆਂ ਜਾ ਰਹੀਆਂ ਸਨ ਕਿ ਸ. ਕਾਹਲੋਂ ਪਾਰਟੀ ਦੀ ਪਿੱਠ 'ਚ ਛੁਰਾ ਮਾਰ ਰਹੇ ਹਨ ਅਤੇ ਪਾਰਟੀ ਦੇ ਉਲਟ ਕੰਮ ਕਰ ਰਹੇ ਹਨ। ਪਾਰਟੀ ਵਰਕਰਾਂ ਅਨੁਸਾਰ ਇਹ ਵੀ ਪਤਾ ਲੱਗਾ ਸੀ ਕਿ ਪਿੱਛੇ ਜਿਹੇ ਸ. ਕਾਹਲੋਂ ਨੇ 'ਆਪ' ਆਗੂਆਂ ਨਾਲ ਮੀਟਿੰਗਾਂ ਕੀਤੀਆਂ ਸਨ ਤੇ ਆਮ ਆਦਮੀ ਪਾਰਟੀ 'ਚ ਜਾਣ ਦੀ ਕੋਸ਼ਿਸ਼ ਵੀ ਕੀਤੀ ਸੀ। ਪਾਰਟੀ ਵਰਕਰਾਂ ਨੇ ਕਿਹਾ ਕਿ ਇਹ ਖ਼ੁਦ ਵੀ ਪਾਰਟੀ ਦੇ ਉਲਟ ਚੱਲ ਰਿਹਾ ਸੀ ਤੇ ਪਾਰਟੀ ਦੇ ਹੋਰ ਆਗੂਆਂ ਨੂੰ ਵੀ ਅਜਿਹਾ ਕਰਨ ਲਈ ਉਕਸਾਉਂਦਾ ਰਿਹਾ ਸੀ।

# ਲੋਕ ਸਭਾ ਚੋਣਾਂ : ਜ਼ਿਆਦਾਤਰ ਉਮੀਦਵਾਰਾਂ ਨੂੰ ਸਤਾਉਣ ਲੱਗੀ ਚੋਣ ਫ਼ੰਡ ਦੇ ਲਿਫ਼ਾਫਿਆਂ ਦੀ ਤੋਟ !




ਐੱਸ.ਏ.ਐੱਸ. ਨਗਰ (ਮੁਹਾਲੀ), (ਪੰਜਾਬ ਮੇਲ)- ਲੋਕ ਸਭਾ ਚੋਣਾਂ ਵਿਚ ਸਮੁੱਚੀਆਂ ਪਾਰਟੀਆਂ ਦੇ ਜ਼ਿਆਦਾਤਰ ਉਮੀਦਵਾਰਾਂ ਨੂੰ ਲੋਕਾਂ ਵੱਲੋਂ ਚੋਣ ਫ਼ੰਡ ਦੇ ਲਿਫ਼ਾਫਿਆਂ ਦੀ ਤੋਟ ਸਤਾ ਰਹੀ ਹੈ। ਉਮੀਦਵਾਰਾਂ ਨੂੰ ਲੱਡੂਆਂ ਤੇ ਸਿੱਕਿਆਂ ਨਾਲ ਤੋਲ-ਤੁਲਾਈ ਕਰਨ ਦਾ ਵਰਤਾਰਾ ਵੀ ਨਾਮਾਤਰ ਰਹਿ ਗਿਆ ਹੈ। ਹੋਰ ਤਾਂ ਹੋਰ ਉਮੀਦਵਾਰਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਚੋਣ ਪ੍ਰਚਾਰ ਦੌਰਾਨ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਵੀ ਪੱਲਿਉਂ ਕਰਨਾ ਪੈ ਰਿਹਾ ਹੈ। ਜਾਣਕਾਰੀ ਅਨੁਸਾਰ ਹੁਣ ਲੋਕਾਂ ਵੱਲੋਂ ਉਮੀਦਵਾਰਾਂ ਨੂੰ ਫ਼ੰਡ ਦੇਣ ਦੀ ਪਿਰਤ ਬਿਲਕੁੱਲ ਘੱਟ ਗਈ ਹੈ। ਪਹਿਲਾਂ ਹਰ ਚੋਣ ਸਮੇਂ ਤਕਰੀਬਨ ਹਰ ਪਿੰਡ ਵਿਚ ਪਾਰਟੀ ਅਤੇ ਉਮੀਦਵਾਰਾਂ ਦੇ ਸਥਾਨਕ ਸਮਰਥਕ ਆਪਣੇ ਵਿੱਤ ਅਨੁਸਾਰ ਪਿੰਡ ਵਿਚੋਂ ਮਾਇਆ ਇਕੱਤਰ ਕਰਕੇ ਕੁੱਝ ਨਾ ਕੁੱਝ ਰਾਸ਼ੀ ਵਾਲਾ ਲਿਫ਼ਾਫਾ ਪਿੰਡ ਆਏ ਹਰ ਪਾਰਟੀ ਦੇ ਉਮੀਦਵਾਰ ਨੂੰ ਭੇਟ ਕਰਦੇ ਸਨ।

ਇਸੇ ਤਰ੍ਹਾਂ ਤਕਰੀਬਨ ਹਰ ਪਿੰਡ ਵਿਚ ਆਪੋ-ਆਪਣੇ ਉਮੀਦਵਾਰ ਨੂੰ ਸਿੱਕਿਆਂ ਅਤੇ ਲੱਡੂਆਂ ਨਾਲ ਤੋਲੇ ਜਾਣਾ ਆਮ ਗੱਲ ਸੀ। ਇੱਕ-ਇੱਕ ਉਮੀਦਵਾਰ ਕਈ ਵਾਰ ਰੋਜ਼ਾਨਾ ਦਰਜਨ ਵਾਰ ਤੱਕੜੀ ਵਿਚ ਤੁਲਦਾ ਸੀ। ਸਿੱਕੇ ਉਮੀਦਵਾਰ ਦੀ ਗੱਡੀ ਵਿਚ ਰੱਖੇ ਹੁੰਦੇ ਸਨ ਤੇ ਪਿੰਡ ਵਾਸੀ ਉਸ ਦੇ ਬਰਾਬਰ ਦਾ ਫੰਡ ਉਮੀਦਵਾਰ ਨੂੰ ਦੇ ਦਿੰਦੇ ਸਨ। ਲੱਡੂਆਂ ਨਾਲ ਤੋਲੇ ਜਾਣ ਸਮੇਂ ਲੱਡੂ ਮੌਕੇ 'ਤੇ ਹਾਜ਼ਰ ਲੋਕਾਂ ਨੂੰ ਵੰਡ ਦਿੱਤੇ ਜਾਂਦੇ ਸਨ। ਚੋਣ ਪ੍ਰਚਾਰ ਦੌਰਾਨ ਜਿੱਥੇ ਵੀ ਦੁਪਹਿਰ ਦਾ ਸਮਾਂ ਹੁੰਦਾ ਸੀ, ਸਬੰਧਿਤ ਪਿੰਡਾਂ ਵਾਲੇ ਉਮੀਦਵਾਰਾਂ ਤੇ ਉਨ੍ਹਾਂ ਦੇ ਨਾਲ ਆਏ ਕਾਫ਼ਲੇ ਲਈ ਖਾਣੇ ਦਾ ਪ੍ਰਬੰਧ ਵੀ ਕਰਦੇ ਸਨ। ਹੁਣ ਇਹ ਸਾਰਾ ਕੁੱਝ ਚੋਣ ਦ੍ਰਿਸ਼ 'ਚੋਂ ਗਾਇਬ ਹੋ ਗਿਆ ਹੈ। ਉਮੀਦਵਾਰਾਂ ਨੂੰ ਆਪਣੇ ਪੱਲਿਉਂ ਹੀ ਸਾਰਾ ਖ਼ਰਚਾ ਕਰਨਾ ਪੈ ਰਿਹਾ ਹੈ। ਜਿੱਥੇ ਉਮੀਦਵਾਰ ਨਹੀਂ ਖਰਚ ਰਿਹਾ, ਉੱਥੇ ਉਸ ਦੀ ਪਾਰਟੀ ਦੇ ਵਿਧਾਨ ਸਭਾ ਹਲਕਿਆਂ ਦੇ ਵਿਧਾਇਕ ਜਾਂ ਹਲਕਾ ਇੰਚਾਰਜਾਂ ਵੱਲੋਂ ਇਹ ਸਾਰਾ ਖਰਚਾ ਚੁੱਕਿਆ ਜਾ ਰਿਹਾ ਹੈ। ਫ਼ੰਡਾਂ ਦੇ ਲਿਫ਼ਾਫੇ ਦੇਣ ਅਤੇ ਤੋਲ ਤੁਲਾਈ ਦੀ ਬੰਦ ਹੋ ਰਹੀ ਪਿਰਤ ਬਾਰੇ ਪੇਂਡੂ ਹਲਕਿਆਂ ਦੀ ਦਲੀਲ ਹੈ ਕਿ ਹੁਣ ਰਾਜਨੀਤੀ ਵਿਚ ਸੇਵਾ ਘੱਟ ਤੇ ਮੇਵਾ ਵੱਧ ਹੈ, ਦੂਜਾ ਮਹਿੰਗਾਈ ਦੀ ਮਾਰ ਕਾਰਨ ਆਪਣੇ ਪਰਿਵਾਰਾਂ ਦੇ ਖਰਚੇ ਚਲਾਉਣੇ ਔਖੇ ਹੋਏ ਪਏ ਹਨ ਤੇ ਤੀਜਾ ਉਮੀਦਵਾਰਾਂ ਤੇ ਪਾਰਟੀਆਂ ਦੀ ਗਿਣਤੀ ਬਹੁਤ ਵਧ ਗਈ ਹੈ।



# ਸਿਨਸਿਨਾਟੀ, ਓਹਾਇਓ ਵਿਖੇ ਸਿੱਖ ਯੂਥ ਸਿਮਪੋਜ਼ੀਅਮ 2024 ਦਾ ਆਯੋਜਨ



**ਸਿਨਸਿਨਾਟੀ, (ਪੰਜਾਬ ਮੇਲ)-** ਸਾਲਾਨਾ ਸਿੱਖ ਯੂਥ ਸਿਮਪੋਜ਼ੀਅਮ 2024 ਦੇ ਸਥਾਨਕ ਪੱਧਰ ਦੇ ਭਾਸ਼ਣ ਮੁਕਾਬਲੇ ਲਈ ਅਮਰੀਕਾ ਦੇ ਸੂਬੇ ਓਹਾਇਓ ਦੇ ਸਿਨਸਿਨਾਟੀ, ਡੇਟਨ ਅਤੇ ਨੇੜਲੇ ਸ਼ਹਿਰਾਂ ਤੋਂ ਸਿੱਖ ਬੱਚੇ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਇਕੱਠੇ ਹੋਏ। ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਦੀ ਸਰਪ੍ਰਸਤੀ ਹੇਠ ਆਯੋਜਿਤ ਪ੍ਰੋਗਰਾਮ ਵਿਚ 6 ਸਾਲ ਤੋਂ ਲੈ ਕੇ 22 ਸਾਲ ਤੱਕ ਦੇ 50 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ।

ਇਸ ਸਮਾਗਮ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ 4 ਮਹੀਨੇ ਪਹਿਲਾਂ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਬੱਚਿਆਂ ਨੇ ਉਸ ਦੇ ਵਿਚੋਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ।

ਇਸ ਸਾਲ ਪਹਿਲੇ ਗਰੁੱਪ ਨੂੰ "ਮਾਈ ਗੁਰੂਜ਼ ਬਲੈਸਿੰਗਜ਼", ਦੂਜੇ ਨੂੰ "ਟੀਚਿੰਗ ਸਿੱਖ ਹੈਰੀਟੇਜ ਟੂ ਯੂਥ", ਤੀਜੇ ਨੂੰ "20 ਮਿੰਟ ਗਾਈਡ ਟੂ ਦ ਸਿੱਖ ਫੇਥ" ਅਤੇ ਚੌਥੇ ਨੂੰ "ਕਲੈਸ਼ ਆਫ ਕਲਚਰ" ਪੁਸਤਕ ਦਿੱਤੀ ਗਈ। 1984 ਦੇ ਘੱਲੂਘਾਰੇ ਅਤੇ ਕਤਲੇਆਮ ਦੀ 40ਵੀਂ ਵਰ੍ਹੇਗੰਢ ਨੂੰ ਸਮਰਪਿਤ ਪੰਜਵੇਂ ਗਰੁੱਪ ਦਾ ਵਿਸ਼ਾ "1984 ਦਾ ਘੱਲੂਘਾਰਾ ਅਤੇ ਉਸ ਤੋਂ ਬਾਦ ਦਾ ਸਿੱਖ ਸੰਘਰਸ਼" ਰੱਖਿਆ ਗਿਆ ਹੈ।

ਹਰ ਸਾਲ ਵਾਂਗ ਸਿਮਪੋਜ਼ੀਅਮ ਦੀ ਆਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਆਪਣੇ ਉਦਘਾਟਣੀ ਭਾਸ਼ਣ ਵਿਚ ਡਾ. ਕਿਰਨਪਾਲ ਸਿੰਘ ਸੰਘਾ ਨੇ ਭਾਗ ਲੈਣ ਨੌਜਵਾਨਾਂ, ਪਰਿਵਾਰ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਦੱਸਿਆ, "ਸਿਨਸਿਨਾਟੀ ਵਿਖੇ ਸਿਮਪੋਜ਼ੀਅਮ ਦੇ ਆਯੋਜਨ ਦਾ ਇਹ 20ਵਾਂ ਸਾਲ ਹੈ। 2023 ਦੀ ਸਿੱਖ ਕੋਲੀਸ਼ਨ ਦੀ ਰਿਪੋਰਟ ਅਨੁਸਾਰ ਲਗਭਗ 80 ਸਿੱਖ ਨੌਜਵਾਨਾਂ ਨਾਲ ਸਕੂਲ ਵਿਚ ਦੂਜੇ ਬੱਚਿਆਂ ਵਲੋਂ ਧੱਕੇਸ਼ਾਹੀ ਹੁੰਦੀ ਹੈ। ਸਿਮਪੋਜ਼ੀਅਮ 'ਚ ਭਾਗ ਲੈਣ ਵਾਲੇ ਬੱਚਿਆਂ ਦਾ ਆਤਮ ਵਿਸ਼ਵਾਸ ਵਧੇਗਾ ਅਤੇ ਉਹ ਸਾਡੇ ਭਵਿੱਖ ਦੇ ਆਗੂ ਬਣ ਸਕਣਗੇ।"

ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਪੁਰਸਕਾਰ ਅਤੇ ਕਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ। ਹਰੇਕ ਗਰੁੱਪ ਦੇ ਜੇਤੂ ਬੱਚੇ ਓਹਾਇਓ ਅਤੇ ਪੈਨਸਿਲਵੇਨੀਆ ਸੂਬੇ ਦੇ ਹੋਰਨਾਂ ਸ਼ਹਿਰਾਂ ਦੇ ਜੇਤੂਆਂ ਨਾਲ ਕਲੀਵਲੈਂਡ ਵਿਖੇ ਹੋਣ ਵਾਲੇ ਰਾਜ ਪੱਧਰੀ ਮੁਕਾਬਲਿਆਂ ਵਿਚ ਭਾਗ ਲੈਣਗੇ। ਇਸ ਮੌਕੇ ਮਰਹੂਮ ਜੈਪਾਲ ਸਿੰਘ ਨੂੰ ਵੀ ਯਾਦ ਕੀਤਾ ਗਿਆ, ਜਿਸ ਨੇ ਸਿੱਖ ਨੌਜਵਾਨਾਂ ਨੂੰ ਸਾਲ ਦਰ ਸਾਲ ਨਿਰਸਵਾਰਥ ਅਤੇ ਪੂਰੀ ਤਨਦੇਹੀ ਨਾਲ ਸਿੱਖਿਆ ਅਤੇ ਮਾਰਗਦਰਸ਼ਨ ਦਿੱਤਾ।

ਭਾਈਚਾਰੇ ਦੇ ਸੀਨੀਅਰ ਮੈਂਬਰ ਅਤੇ ਜੱਜ ਦੀ ਸੇਵਾ ਕਰ ਰਹੇ ਤਰਲੋਚਨ ਸਿੰਘ ਸੰਧਾਵਾਲੀਆ ਨੇ ਇਸ ਸਮਾਗਮ ਦੀ ਸਫਲਤਾ ਲਈ ਬੱਚਿਆਂ, ਅਧਿਆਪਕਾਂ, ਮਾਪਿਆਂ, ਸੇਵਾਦਾਰਾਂ ਅਤੇ ਪ੍ਰਬੰਧਕਾ ਦਾ ਧੰਨਵਾਦ ਕੀਤਾ ਅਤੇ ਵਧਾਈ ਦਿੱਤੀ। ਉਨ੍ਹਾਂ ਕਿਹਾ, "ਛੋਟੇ ਬੱਚਿਆਂ ਨੇ ਅੱਜ ਵੱਡੇ ਸੰਦੇਸ਼ ਦਿੱਤੇ, ਭਾਗ ਲੈਣ ਵਾਲੇ ਸਾਰੇ ਬੱਚੇ ਜੇਤੂ ਹਨ। ਮੈਂ ਆਸ ਕਰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਗੁਰੂ ਸਾਹਿਬ ਇਨ੍ਹਾਂ ਬੱਚਿਆਂ ਨੂੰ ਹੋਰ ਗਿਆਨ ਦੇਣ ਅਤੇ ਗੁਰੂ ਨਾਨਕ ਦੀ ਫੁਲਵਾੜੀ ਨੂੰ ਹੋਰ ਵੱਡਾ ਅਤੇ ਸੁੰਦਰ ਬਣਾਉਣ।"

# ਭਾਰਤੀ-ਅਮਰੀਕੀ ਵੀਨਾ ਅਈਅਰ ਡਿਸਟ੍ਰਿਕਟ ਜੱਜ ਨਿਯੁਕਤ



ਵੀਨਾ ਅਈਅਰ ਤੇ ਜੈਨੀਫਰ ਵਰਡੇਜਾ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਗਵਰਨਰ ਟਿਮ ਵਾਲਜ਼ ਨੇ ਭਾਰਤੀ ਮੂਲ ਦੀ ਔਰਤ ਵੀਨਾ ਅਈਅਰ ਤੇ ਜੈਨੀਫਰ ਵਰਡੇਜਾ ਨੂੰ ਮਿਨੀਸੋਟਾ ਦੇ ਸੈਕਿੰਡ ਜੂਡੀਸ਼ੀਅਲ ਡਿਸਟ੍ਰਿਕਟ ਵਿਚ ਡਿਸਟ੍ਰਿਕਟ ਕੋਰਟ ਜੱਜ ਨਿਯੁਕਤ ਕੀਤਾ ਹੈ। ਗਵਰਨਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ "ਮੈਨੂੰ ਵੀਨਾ ਅਈਅਰ ਨੂੰ ਰਮਸੇਅ ਕਾਊਂਟੀ ਬੈਂਚ ਦੀ ਜੱਜ ਨਿਯੁਕਤ ਕਰਨ ਵਿਚ ਮਾਣ ਮਹਿਸੂਸ ਹੋ ਰਿਹਾ ਹੈ। ਉਸ ਦੇ ਪਿਛਲੇ ਤਜ਼ਰਬੇ ਤੇ ਉਸ ਦੀ ਸਾਡੀ ਨਿਆਇਕ ਪ੍ਰਣਾਲੀ ਪ੍ਰਤੀ ਸਮਝ ਤੋਂ ਮੈਨੂੰ ਇਹ ਪੂਰਨ ਵਿਸ਼ਵਾਸ ਹੈ ਕਿ ਉਹ ਨਿਰਪੱਖ ਤੇ ਇਕ ਸੰਤੁਲਿਤ ਜੱਜ ਦੀ ਭੂਮਿਕਾ ਨਿਭਾਵੇਗੀ।" ਇਸ ਸਮੇਂ ਅਈਅਰ ਇਮੀਗਰਾਂਟ ਲਾਅ ਸੈਂਟਰ ਆਫ ਮਿਨੀਸੋਟਾ ਦੀ ਕਾਰਜਕਾਰੀ ਡਾਇਰੈਕਟਰ ਹੈ। ਉਹ ਮਿਨੀਸੋਟਾ ਕੋਰਟ ਆਫ ਅਪੀਲਜ਼, ਸੁਸਾਨ ਬਰਕ ਫੋਰਥ ਜੁਡੀਸ਼ੀਅਲ ਡਿਸਟ੍ਰਿਕਟ ਦੇ ਮਾਣਯੋਗ ਨਟਾਲੀ ਹਡਸਨ ਤੇ ਯੂ.ਐੱਸ. ਡਿਸਟ੍ਰਿਕਟ ਕੋਰਟ ਨਾਰਦਰਨ ਡਿਸਟ੍ਰਿਕਟ ਇਲੀਨੋਇਸ ਦੇ ਮੈਥੀਊ ਕੈਨਲੀ ਦੇ ਲਾਅ ਕਲਰਕ ਵਜੋਂ ਵੀ ਕੰਮ ਕਰ ਚੁੱਕੀ ਹੈ।

# ਲੰਡਨ-ਸਿੰਗਾਪੁਰ ਉਡਾਣ 'ਚ ਝਟਕਿਆਂ ਕਾਰਨ ਯਾਤਰੀ ਦੀ ਮੌਤ; ਕਈ ਜ਼ਖਮੀ

**ਬੈਂਕਾਕ, (ਪੰਜਾਬ ਮੇਲ)-** ਸਿੰਗਾਪੁਰ ਏਅਰਲਾਈਨਜ਼ ਨੇ ਕਿਹਾ ਕਿ ਲੰਡਨ-ਸਿੰਗਾਪੁਰ ਉਡਾਣ 'ਚ ਟਰਬਿਊਲੈਂਸ (ਝਟਕੇ) ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖ਼ਮੀ ਹੋ ਗਏ। ਹੀਥਰੋ ਤੋਂ ਸਿੰਗਾਪੁਰ ਦੀ ਫਲਾਈਟ ਐੱਸ.ਕਿਉ321 ਨੂੰ ਬੈਂਕਾਕ ਵੱਲ ਮੋੜਿਆ ਗਿਆ ਅਤੇ ਬਾਅਦ ਦੁਪਹਿਰ 3.45 ਵਜੇ ਸੁਵਰਨਭੂਮੀ ਉਤਾਰਿਆ ਗਿਆ। ਏਅਰਲਾਈਨ ਨੇ ਕਿਹਾ ਕਿ ਜਹਾਜ਼ ਬੋਇੰਗ 777-300ਈਆਰ ਵਿਚ ਕੁੱਲ 211 ਯਾਤਰੀ ਅਤੇ 18 ਚਾਲਕ ਦਲ ਦੇ ਮੈਂਬਰ ਸਵਾਰ ਸਨ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com









# ਭਾਰਤੀ ਭਾਈਚਾਰਾ ਹਰ ਅਹੁਦੇ ਲਈ ਚੋਣ ਲੜੇ : ਕਾਂਗਰਸਮੈਨ ਰਾਜਾ ਕ੍ਰਿਸ਼ਨਮੂਰਤੀ





ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਭਾਰਤੀ ਮੂਲ ਦੇ ਪ੍ਰਭਾਵਸ਼ਾਲੀ ਕਾਂਗਰਸਮੈਨ ਰਾਜਾ ਕ੍ਰਿਸ਼ਨਮੂਰਤੀ ਨੇ ਦੇਸ਼ ਭਰ ਤੋਂ ਇੱਥੇ ਆਏ ਭਾਰਤੀ ਭਾਈਚਾਰੇ ਦੇ ਲੋਕਾਂ ਨੂੰ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਉਹ ਹਰ ਅਹੁਦੇ ਲਈ ਚੋਣ ਲੜਨ। ਹਰ ਪੱਧਰ ਅਤੇ ਉਨ੍ਹਾਂ ਨੂੰ ਕਦੇ ਵੀ ਵੋਟਿੰਗ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਡੈਮੋਕ੍ਰੇਟਿਕ ਥਿੰਕ-ਟੈਂਕ 'ਇੰਡੀਅਨ ਅਮਰੀਕਨ ਇਮਪੈਕਟ' ਦੇ ਸਾਲਾਨਾ ਸਮਾਗਮ ਲਈ ਇੱਥੇ ਇਕੱਠੇ ਹੋਏ ਭਾਰਤੀ ਅਮਰੀਕੀਆਂ ਨੂੰ ਸੰਬੋਧਨ ਕਰਦਿਆਂ ਕ੍ਰਿਸ਼ਨਾਮੂਰਤੀ ਨੇ ਕਿਹਾ, "ਸਾਨੂੰ ਵੋਟ ਪਾਉਣੀ ਹੋਵੇਗੀ। ਕੀ ਇੱਥੇ ਮੌਜੂਦ ਹਰ ਕੋਈ ਆਉਣ ਵਾਲੀਆਂ ਚੋਣਾਂ ਵਿਚ ਵੋਟ ਪਾਵੇਗਾ? ਕਿਉਂਕਿ ਅਸੀਂ ਸਾਰਾ ਦਿਨ ਰਾਜਨੀਤੀ ਦੀਆਂ ਗੱਲਾਂ ਕਰ ਸਕਦੇ ਹਾਂ, ਪਰ ਰਾਜਨੀਤੀ ਦਾ ਹਿੱਸਾ ਬਣਨਾ ਵੱਖਰੀ ਗੱਲ ਹੈ। ਯਾਦ ਰੱਖੋ ਰਾਜਨੀਤੀ ਸਿਰਫ ਇੱਕ ਨਾਮ ਨਹੀਂ ਬਲਕਿ ਇੱਕ ਕਿਰਿਆ ਹੈ ਅਤੇ ਅਸੀਂ ਇਸ ਸਾਲ ਰਾਜਨੀਤੀ ਵਿਚ ਹਿੱਸਾ ਲੈਣਾ ਹੈ। ਅਸੀਂ ਵੋਟ ਪਾਉਣੀ ਹੈ।"

ਹਾਊਸ ਆਫ ਰਿਪ੍ਰਜ਼ੈਂਟੇਟਿਵ ਵਿਚ ਸ਼ਿਕਾਗੋ ਦੀ ਨੁਮਾਇੰਦਗੀ ਕਰਨ ਵਾਲੇ ਕਾਂਗਰਸਮੈਨ ਨੇ ਕਿਹਾ, "ਦੂਜੀ ਗੱਲ ਇਹ ਹੈ ਕਿ ਸਾਨੂੰ ਆਪਣੇ ਨਾਲੋਂ ਜ਼ਿਆਦਾ ਸਿਆਸੀ ਮੁੱਦਿਆਂ ਲਈ ਕੰਮ ਕਰਨਾ ਪਵੇਗਾ। ਸਾਨੂੰ ਆਪਣੇ ਸਥਾਨਕ ਮੰਦਰਾਂ ਦਾ ਸਮਰਥਨ ਕਰਨਾ ਹੋਵੇਗਾ। ਸਾਨੂੰ ਸਥਾਨਕ ਮਸਜ਼ਿਦਾਂ ਦਾ ਸਮਰਥਨ ਕਰਨਾ ਹੋਵੇਗਾ। ਸਾਨੂੰ ਆਪਣੀਆਂ ਸਥਾਨਕ ਗੈਰ-ਮੁਨਾਫ਼ਾ ਸੰਸਥਾਵਾਂ ਦਾ ਸਮਰਥਨ ਕਰਨ ਦੀ ਲੋੜ ਹੈ। ਮੈਨੂੰ ਉਮੀਦ ਹੈ ਕਿ ਤੁਸੀਂ ਅਜਿਹਾ ਕਰੋਗੇ।" ਉਸ ਨੇ ਕਿਹਾ, "ਮੈਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਤੁਸੀਂ ਡੈਮੋਕਰੇਟ ਹੋ, ਰਿਪਬਲਿਕਨ ਜਾਂ ਆਜ਼ਾਦ। ਬਸ ਇਹ ਸਮਝੋ ਕਿ ਤੁਹਾਨੂੰ ਆਪਣੇ ਦੇਸ਼ ਦੇ ਪ੍ਰਸ਼ਾਸਨਿਕ ਮਾਮਲਿਆਂ ਵਿਚ ਹਿੱਸਾ ਲੈਣ ਦੀ ਜ਼ਰੂਰਤ ਹੈ ਅਤੇ ਹੁਣ ਅਜਿਹਾ ਕਰਨ ਦਾ ਸਮਾਂ ਆ ਗਿਆ ਹੈ।"

ਕ੍ਰਿਸ਼ਨਾਮੂਰਤੀ ਨੇ ਕਿਹਾ, "ਮੇਰੀ ਤੀਜੀ ਅਤੇ ਆਖਰੀ ਗੱਲ ਇਹ ਹੈ ਕਿ ਇਹ ਹਰ ਪੱਧਰ 'ਤੇ ਅਹੁਦਿਆਂ ਲਈ ਚੋਣ ਲੜਨ ਦਾ ਸਮਾਂ ਹੈ।" ਇਸੇ ਈਵੈਂਟ 'ਚ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਇਕ ਦਿਨ ਪਹਿਲਾਂ ਕਿਹਾ ਸੀ ਕਿ ਅਮਰੀਕਾ 'ਚ ਚੁਣੇ ਹੋਏ ਅਹੁਦਿਆਂ 'ਤੇ ਭਾਰਤੀ-ਅਮਰੀਕੀਆਂ ਦੀ ਨੁਮਾਇੰਦਗੀ ਬਹੁਤ ਘੱਟ ਹੈ। ਕ੍ਰਿਸ਼ਨਮੂਰਤੀ ਨੇ ਕਿਹਾ, "ਇਸ ਲਈ ਮੈਨੂੰ ਉਮੀਦ ਹੈ ਕਿ ਵੱਧ ਤੋਂ ਵੱਧ ਲੋਕ ਚੋਣ ਲੜਨ ਬਾਰੇ ਸੋਚਣਗੇ।" ਤੁਸੀਂ ਸਿਟੀ ਕੌਂਸਲ ਲਈ ਚੋਣ ਲੜ ਸਕਦੇ ਹੋ, ਰਾਜ ਵਿਧਾਨ ਸਭਾ ਲਈ ਚੋਣ ਲੜ ਸਕਦੇ ਹੋ ਜਾਂ ਸੈਨੇਟ ਲਈ ਚੋਣ ਲੜ ਸਕਦੇ ਹੋ। ਤੁਸੀਂ ਕਾਂਗਰਸ ਲਈ ਲੜੋ।"

# ਭਾਰਤੀ-ਅਮਰੀਕੀ ਸੰਸਦ ਮੈਂਬਰ ਰੋ ਖੰਨਾ ਭਵਿੱਖ 'ਚ ਲੜ ਸਕਦੇ ਨੇ ਅਮਰੀਕੀ ਰਾਸ਼ਟਰਪਤੀ ਚੋਣ !



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਪ੍ਰਤੀਨਿਧੀ ਸਭਾ ਦੇ ਭਾਰਤੀ ਅਮਰੀਕੀ ਮੈਂਬਰਾਂ ਦਾ ਮੰਨਣਾ ਹੈ ਕਿ ਭਾਰਤੀ ਅਮਰੀਕੀ ਸੰਸਦ ਮੈਂਬਰ ਰੋ ਖੰਨਾ (47) ਭਵਿੱਖ ਵਿਚ ਅਮਰੀਕੀ ਰਾਸ਼ਟਰਪਤੀ ਦੀ ਚੋਣ ਲੜ ਸਕਦੇ ਹਨ। ਏ.ਬੀ.ਸੀ. ਦੀ ਰਾਸ਼ਟਰੀ ਪੱਤਰਕਾਰ ਜ਼ੋਹਰੀਨ ਸ਼ਾਹ ਨੇ ਇੱਥੇ 'ਇੰਡੀਅਨ ਅਮੇਰਿਕਨ ਇੰਪੈਕਟ' ਸੰਮੇਲਨ ਦੌਰਾਨ ਪੈਨਲ ਚਰਚਾ ਦੌਰਾਨ ਪੁੱਛਿਆ, "ਕੀ ਰੋ ਖੰਨਾ ਰਾਸ਼ਟਰਪਤੀ ਅਹੁਦੇ ਲਈ ਚੋਣ ਲੜ ਰਹੇ ਹਨ?" ਉਸਨੇ ਪੈਨਲ ਦੇ ਮੈਂਬਰਾਂ ਨੂੰ ਕਿਹਾ, "ਹਾਂ" ਜਾਂ "ਨਾ" ਵਿਚ ਜਵਾਬ ਦੇਣ ਲਈ ਕਿਹਾ। ਸੰਸਦ ਮੈਂਬਰ ਪ੍ਰਮਿਲਾ ਜੈਪਾਲ ਅਤੇ ਸ਼੍ਰੀ ਥਾਣੇਦਾਰ ਨੇ ਇਸ ਸਵਾਲ ਦਾ ਜਵਾਬ 'ਹਾਂ' ਵਿਚ ਦਿੱਤਾ।

ਖੰਨਾ ਕੈਲੀਫੋਰਨੀਆ ਦੇ 17ਵੇਂ ਕਾਂਗਰੇਸ਼ਨਲ ਜ਼ਿਲ੍ਹੇ ਦੀ ਨੁਮਾਇੰਦਗੀ ਕਰਦਾ ਹੈ, ਜਿਸ ਵਿਚ ਸਿਲੀਕਾਨ ਵੈਲੀ ਸ਼ਾਮਲ ਹੈ। ਖੰਨਾ ਨੇ ਇਹ ਵੀ ਕਿਹਾ, "ਕਿਸੇ ਨੂੰ ਭਵਿੱਖ ਬਾਰੇ ਕੁਝ ਨਹੀਂ ਪਤਾ।" ਪ੍ਰਮਿਲਾ ਨੇ ਕਿਹਾ, "ਜਵਾਬ 'ਹਾਂ' ਹੈ। ਅਸੀਂ ਸਾਰੇ ਜਾਣਦੇ ਹਾਂ।" ਅਮਰੀਕੀ ਪ੍ਰਤੀਨਿਧੀ ਸਭਾ ਦੀ ਸਭ ਤੋਂ ਸੀਨੀਅਰ ਭਾਰਤੀ-ਅਮਰੀਕੀ ਮੈਂਬਰ ਐਮੀ ਬੇਰਾ ਨੇ ਕਿਹਾ, "ਆਓ ਦੇਖੀਏ ਕੀ ਹੁੰਦਾ ਹੈ।" ਸ਼ਾਹ ਨੇ ਪੁੱਛਿਆ, 'ਕਿਸੇ ਭਾਰਤੀ-ਅਮਰੀਕੀ ਸੰਸਦ ਮੈਂਬਰ ਨੂੰ ਰਾਸ਼ਟਰਪਤੀ ਚੁਣੇ ਜਾਣ ਤੋਂ ਪਹਿਲਾਂ ਸਾਨੂੰ ਕਿੰਨੇ ਸਾਲ ਲੱਗਣਗੇ।" ਜਵਾਬ ਵਿਚ ਡਾ: ਬੇਰਾ ਨੇ ਕਿਹਾ, "ਇਹ ਇੱਕ ਦਹਾਕੇ ਤੋਂ ਵੀ ਘੱਟ ਸਮੇਂ ਵਿਚ ਹੋ ਜਾਵੇਗਾ।" ਜੈਪਾਲ ਨੇ ਕਿਹਾ, "ਇਹ ਬਹੁਤ ਜਲਦੀ ਹੋ ਜਾਵੇਗਾ।" ਖੰਨਾ ਨੇ ਜਵਾਬ ਦਿੱਤਾ, "ਇਹ ਇੱਕ ਦਹਾਕੇ ਦੇ ਅੰਦਰ ਹੋਵੇਗਾ"। ਜਦੋਂਕਿ ਥਾਣੇਦਾਰ ਨੇ ਕਿਹਾ, "ਇਹ ਚਾਰ ਸਾਲਾਂ ਵਿਚ ਹੋ ਜਾਵੇਗਾ। ਜਦੋਂ ਉਸ ਦੀ ਮਨਪਸੰਦ ਭਾਰਤੀ ਫਿਲਮਾਂ ਬਾਰੇ ਪੁੱਛਿਆ ਗਿਆ, ਤਾਂ ਥਾਣੇਦਾਰ ਨੇ ਜਵਾਬ ਦਿੱਤਾ, "ਕਭੀ ਖ਼ੁਸ਼ੀ ਕਭੀ ਗ਼ਮ"। ਖੰਨਾ ਨੇ 'ਮਿਸਟਰ ਇੰਡੀਆ' ਅਤੇ ਜੈਪਾਲ ਨੇ 'ਲਗਾਨ' ਦਾ ਨਾਂ ਲਿਆ, ਜਦਕਿ ਬੇਰਾ ਨੇ ਕਿਹਾ ਕਿ ਉਸ ਨੇ ਕੋਈ ਹਿੰਦੀ ਫਿਲਮ ਨਹੀਂ ਦੇਖੀ ਹੈ। ਇਸ ਤੋਂ ਬਾਅਦ ਉਨ੍ਹਾਂ ਨੂੰ ਪੁੱਛਿਆ ਗਿਆ, "ਤੁਸੀਂ ਆਪਣੀ ਜ਼ਿੰਦਗੀ 'ਤੇ ਆਧਾਰਿਤ ਫਿਲਮ 'ਚ ਕਿਸ ਨੂੰ ਨਿਭਾਉਂਦੇ ਹੋਏ ਦੇਖਣਾ ਚਾਹੋਗੇ, ਬਾਲੀਵੁੱਡ ਐਕਟਰ ਜਾਂ ਹਾਲੀਵੁੱਡ ਐਕਟਰ', ਜਵਾਬ 'ਚ ਬੇਰਾ ਨੇ ਦੇਵ ਪਟੇਲ, ਜੈਪਾਲ ਨੇ ਮਿੰਡੀ ਕਲਿੰਗ ਅਤੇ ਖੰਨਾ ਨੂੰ ਪੁੱਛਿਆ ਕਾਲ ਪੇਨ ਦਾ ਨਾਮ ਲਿਆ।

# ਸਾਬਕਾ ਰਾਸ਼ਟਰਪਤੀ ਟਰੰਪ ਦੇ ਵਕੀਲ ਨੇ ਆਪਣੇ-ਆਪ ਨੂੰ ਨਿਰਦੋਸ਼ ਦੱਸਿਆ, ਪਟੀਸ਼ਨ ਦਾਇਰ

■ 2020 ਚੋਣ ਨਤੀਜਿਆਂ 'ਚ ਵਿਘਨ ਪਾਉਣ ਦਾ ਮਾਮਲਾ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਸਾਬਕਾ ਵਕੀਲ ਜੌਹਨ ਈਸਟਮੈਨ ਨੇ ਇਕ ਪਟੀਸ਼ਨ ਦਾਇਰ ਕਰਕੇ 2020 ਦੀਆਂ ਚੋਣਾਂ ਦੀ ਪ੍ਰਮਾਣਿਕਤਾ ਨੂੰ ਰੋਕਣ ਦੇ ਮਾਮਲੇ ਵਿਚ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ। ਉਨ੍ਹਾਂ ਨੇ ਮੈਰੀਕੋਪਟ ਕਾਊਂਟੀ ਕੋਰਟ ਵਿਚ ਪੇਸ਼ ਹੋ ਕੇ ਅਪੀਲ ਦਾਇਰ ਕੀਤੀ। ਜੌਹਨ ਈਸਟਮੈਨ ਉਨ੍ਹਾਂ 18 ਵਿਅਕਤੀਆਂ ਵਿਚ ਸ਼ਾਮਲ ਹਨ, ਜਿਨ੍ਹਾਂ ਵਿਰੁੱਧ ਐਰੀਜ਼ੋਨਾ 'ਚ ਪਿਛਲੇ ਮਹੀਨੇ ਤਕਰੀਬਨ 4 ਸਾਲ ਪਹਿਲਾਂ ਚੋਣਾਂ ਨਤੀਜਿਆਂ ਵਿਚ ਵਿਘਣ ਪਾਉਣ ਦੇ ਮਾਮਲੇ ਵਿਚ ਦੋਸ਼ ਲਾਏ ਗਏ ਹਨ ਤੇ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਹੋ ਕੇ ਜਵਾਬ ਦੇਣ ਲਈ ਕਿਹਾ ਗਿਆ ਹੈ। ਇਨ੍ਹਾਂ ਵਿਰੁੱਧ ਸਾਜ਼ਿਸ਼ ਰਚਣ, ਜਾਅਲਸਾਜ਼ੀ ਤੇ ਧੋਖਾਦੇਹੀ ਸਮੇਤ ਕੁੱਲ 9 ਅਪਰਾਧਿਕ ਦੋਸ਼ ਲਾਏ ਗਏ ਹਨ। ਜੇਕਰ ਇਹ ਦੋਸ਼ ਸਿੱਧ ਹੋ ਜਾਂਦੇ ਹਨ, ਤਾਂ ਉਨ੍ਹਾਂ ਨੂੰ ਜੇਲ੍ਹ ਦੀ ਹਵਾ ਖਾਣੀ ਪੈ ਸਕਦੀ ਹੈ। ਸੁਣਵਾਈ ਉਪਰੰਤ ਈਸਟਮੈਨ ਨੇ ਕਿਹਾ ਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਮੇਰੇ ਵਿਰੁੱਧ ਦੋਸ਼ ਆਇਦ ਨਹੀਂ ਹੋਣੇ ਚਾਹੀਦੇ।



ਡੋਨਲਡ ਟਰੰਪ ਦੇ ਸਾਬਕਾ ਵਕੀਲ ਜੌਹਨ ਈਸਟਮੈਨ ਅਦਾਲਤ 'ਚ ਪੇਸ਼ ਹੋਣ ਲਈ ਜਾਂਦੇ ਹੋਏ।


## MATRIMONIAL

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

## ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

## ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10", ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

## MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

## MATRIMONIAL

Lovepreet Singh Gill, 26 yrs old, 5'11". US citizen, own small trucking company, living in Sacramento CA

## MATRIMONIAL

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

## MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਅਮਰੀਕਾ ਅਗਲੇ ਸਾਲ 4 ਲੱਖ ਭਾਰਤੀਆਂ ਨੂੰ ਦੇ ਸਕਦੈ ਨਾਗਰਿਕਤਾ!

- 2030 ਤੱਕ ਅਮਰੀਕਾ 'ਚ ਸਭ ਤੋਂ ਵੱਡਾ ਪ੍ਰਵਾਸੀ ਭਾਈਚਾਰਾ ਬਣ ਜਾਣਗੇ ਪ੍ਰਵਾਸੀ ਭਾਰਤੀ
- ਭਾਰਤੀ ਕਾਰੋਬਾਰੀਆਂ ਦਾ ਨਿਵੇਸ਼ 40 ਅਰਬ ਡਾਲਰ
- ਪ੍ਰਸ਼ਾਸਨ ਵਿਚ ਵੀ ਭਾਰਤੀਆਂ ਦਾ ਦਬਦਬਾ

ਵਾਸ਼ਿੰਗਟਨ, (ਪੰਜਾਬ ਮੇਲ)- ਹਾਲ ਹੀ ਵਿਚ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਦੁਆਰਾ ਜਾਰੀ ਕੀਤੀ ਗਈ ਸਾਲਾਨਾ ਪ੍ਰਗਤੀ ਰਿਪੋਰਟ ਅਨੁਸਾਰ ਅਮਰੀਕਾ ਨੇ ਸਾਲ 2023 ਵਿਚ 8.7 ਲੱਖ ਵਿਦੇਸ਼ੀ ਨਾਗਰਿਕਾਂ ਨੂੰ ਅਮਰੀਕੀ ਨਾਗਰਿਕਤਾ ਪ੍ਰਦਾਨ ਕੀਤੀ। ਇਨ੍ਹਾਂ ਵਿਚੋਂ 59,100 ਲੋਕ ਭਾਰਤੀ ਹਨ। ਇਹ ਮੈਕਸੀਕੋ (1.1 ਲੱਖ) ਤੋਂ ਬਾਅਦ ਦੂਜਾ ਸਭ ਤੋਂ ਵੱਡਾ ਨੰਬਰ ਹੈ।

ਅਮਰੀਕੀ ਜਨਗਣਨਾ ਬਿਊਰੋ ਦੇ ਇਮੀਗ੍ਰੇਸ਼ਨ ਮਾਹਿਰ ਅਤੇ ਨਿਊਯਾਰਕ ਦੇ ਮੇਅਰ ਅਧਿਕਾਰੀ ਜੌਹਨ ਪਰਡਿਊ ਮੁਤਾਬਕ ਅਗਲੇ ਸਾਲ ਅਮਰੀਕੀ ਨਾਗਰਿਕਤਾ ਹਾਸਲ ਕਰਨ ਵਾਲੇ ਭਾਰਤੀ ਸਿਖਰ 'ਤੇ ਹੋਣਗੇ। ਉਨ੍ਹਾਂ ਮੁਤਾਬਕ 2025 'ਚ ਗ੍ਰੀਨ ਕਾਰਡ ਹੋਲਡਰ ਭਾਰਤੀਆਂ ਦੀ ਗਿਣਤੀ 4 ਲੱਖ ਤੋਂ ਵੱਧ ਹੋ ਜਾਵੇਗੀ ਅਤੇ ਇਸ ਰਾਹੀਂ ਇਹ ਸਾਰੇ ਲੋਕ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਦੇ ਯੋਗ ਹੋ ਜਾਣਗੇ। ਗੌਰਤਲਬ ਹੈ ਕਿ ਚੀਨੀ ਅਮਰੀਕੀਆਂ ਤੋਂ ਬਾਅਦ ਭਾਰਤੀ ਅਮਰੀਕੀ ਉਥੇ ਰਹਿਣ ਵਾਲਾ ਦੂਜਾ ਸਭ ਤੋਂ ਵੱਡਾ ਨਸਲੀ ਸਮੂਹ ਹੈ। ਹਾਲਾਂਕਿ, ਜਿਸ ਰਫਤਾਰ ਨਾਲ ਭਾਰਤੀ ਉੱਥੇ ਵੱਧ ਰਹੇ ਹਨ, ਉਸ ਕਾਰਨ ਮੰਨਿਆ ਜਾ ਰਿਹਾ ਹੈ ਕਿ ਸਾਲ 2030 ਤੱਕ ਪ੍ਰਵਾਸੀ ਭਾਰਤੀ ਅਮਰੀਕਾ ਵਿਚ ਸਭ ਤੋਂ ਵੱਡਾ ਪ੍ਰਵਾਸੀ ਭਾਈਚਾਰਾ ਬਣ ਜਾਵੇਗਾ।

ਹੁਣ ਤੱਕ 'ਭਾਰਤੀ ਡਾਇਸਪੋਰਾ' ਵਿੱਚ ਸਿਰਫ਼ ਉਨ੍ਹਾਂ ਭਾਰਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ, ਜੋ ਦੂਜੇ ਦੇਸ਼ਾਂ ਵਿਚ ਪੱਕੇ ਤੌਰ 'ਤੇ ਵਸ ਗਏ ਹਨ, ਭਾਵ ਭਾਰਤੀ ਮੂਲ ਦੇ ਭਾਰਤੀ। ਪਰ ਇਸਦੀ ਪਰਿਭਾਸ਼ਾ ਨੂੰ ਗੈਰ-ਨਿਵਾਸੀ ਭਾਰਤੀ (ਐੱਨ.ਆਰ.ਆਈਜ਼) ਨੂੰ ਵੀ ਸ਼ਾਮਲ ਕਰਨ ਲਈ ਹੋਰ ਵਿਸਤਾਰ ਕੀਤਾ ਗਿਆ ਹੈ। ਇਸ ਤਰ੍ਹਾਂ ਇਸ ਨੂੰ ਹੁਣ 'ਓਵਰਸੀਜ਼ ਇੰਡੀਅਨ' (ਓ.ਆਈ.) ਦਾ ਨਾਂ ਦਿੱਤਾ ਗਿਆ ਹੈ। ਇਸ ਸਮੇਂ ਅਮਰੀਕਾ ਵਿਚ ਕੁੱਲ 45 ਲੱਖ 'ਓਵਰਸੀਜ਼ ਇੰਡੀਅਨ' ਰਹਿੰਦੇ ਹਨ। ਹਾਲਾਂਕਿ ਇਹ ਅਮਰੀਕਾ ਦੀ ਕੁੱਲ ਆਬਾਦੀ ਦਾ ਸਿਰਫ 1.35 ਫੀਸਦੀ ਹੈ, ਪਰ ਉਨ੍ਹਾਂ ਦਾ ਯੋਗਦਾਨ, ਖਾਸ ਕਰਕੇ ਉਥੋਂ ਦੀ ਆਰਥਿਕਤਾ ਵਿਚ ਬਹੁਤ ਵੱਡਾ ਹੈ। ਇਹ ਭਾਰਤੀ ਅਮਰੀਕਾ ਦੇ ਮਾਲੀਏ ਵਿਚ 6 ਫੀਸਦੀ ਤੋਂ ਵੱਧ ਯੋਗਦਾਨ ਪਾਉਂਦੇ ਹਨ। ਇੱਥੇ ਦੱਸ ਦਈਏ ਕਿ ਓਵਰਸੀਜ਼ ਇੰਡੀਅਨਜ਼ ਨੂੰ ਹੁਣ 'ਓਵਰਸੀਜ਼ ਇੰਡੀਅਨ' ਕਿਹਾ ਜਾਂਦਾ ਹੈ। ਇਸ ਵਿਚ ਪ੍ਰਵਾਸੀ ਭਾਰਤੀ ਅਤੇ ਭਾਰਤੀ ਦੋਵੇਂ ਸ਼ਾਮਲ ਮੰਨੇ ਜਾਂਦੇ ਹਨ।

ਭਾਰਤੀ ਉਦਯੋਗ ਸੰਘ (ਸੀ.ਆਈ.ਆਈ.-ਇੰਡੀਆ) ਨੇ ਅਮਰੀਕਾ ਵਿਚ ਭਾਰਤੀ ਕੰਪਨੀਆਂ ਦੀਆਂ ਵਪਾਰਕ ਗਤੀਵਿਧੀਆਂ 'ਤੇ ਇੱਕ ਸਰਵੇਖਣ ਰਿਪੋਰਟ 'ਇੰਡੀਅਨ ਰੂਟਸ, ਅਮਰੀਕਨ ਸੋਇਲ' (2023) ਜਾਰੀ ਕੀਤੀ ਹੈ। ਹਰ ਦੋ ਸਾਲ ਬਾਅਦ ਜਾਰੀ ਹੋਣ ਵਾਲੀ ਇਹ ਰਿਪੋਰਟ ਦੱਸਦੀ ਹੈ ਕਿ ਅਮਰੀਕਾ ਦੀ ਧਰਤੀ 'ਤੇ ਭਾਰਤੀਆਂ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਹਨ, ਖਾਸ ਕਰਕੇ ਕਾਰੋਬਾਰ 'ਚ। ਮਾਰਚ ਵਿਚ ਜਾਰੀ ਤਾਜ਼ਾ ਰਿਪੋਰਟ ਮੁਤਾਬਕ ਇਸ ਸਰਵੇਖਣ ਵਿਚ ਅਮਰੀਕਾ ਵਿਚ ਕੰਮ ਕਰ ਰਹੀਆਂ 163 ਵੱਡੀਆਂ ਭਾਰਤੀ ਕੰਪਨੀਆਂ ਨੂੰ ਸ਼ਾਮਲ ਕੀਤਾ ਗਿਆ ਸੀ।

ਇਨ੍ਹਾਂ ਕੰਪਨੀਆਂ ਨੇ ਅਮਰੀਕਾ ਵਿਚ 40 ਬਿਲੀਅਨ ਡਾਲਰ ਦਾ ਨਿਵੇਸ਼ ਕੀਤਾ ਹੈ, ਜੋ ਭਾਰਤੀ ਮੁਦਰਾ ਵਿਚ 3.35 ਲੱਖ ਕਰੋੜ ਰੁਪਏ ਦੇ ਬਰਾਬਰ ਹੈ। ਇਹ ਸਾਲ 2023-24 (ਲਗਭਗ 20 ਲੱਖ ਕਰੋੜ ਰੁਪਏ) ਵਿਚ ਭਾਰਤ ਵਿਚ ਇਕੱਠੇ ਕੀਤੇ ਕੁੱਲ ਜੀ.ਐੱਸ.ਟੀ. ਮਾਲੀਏ ਦਾ ਲਗਭਗ 18 ਪ੍ਰਤੀਸ਼ਤ ਹੈ। ਉਨ੍ਹਾਂ ਦੇ ਕਾਰੋਬਾਰ ਕਾਰਨ 4.25 ਲੱਖ ਲੋਕਾਂ ਲਈ ਸਿੱਧੇ ਰੁਜ਼ਗਾਰ ਦੇ ਮੌਕੇ ਪੈਦਾ ਹੋਏ, ਜਦਕਿ ਲੱਖਾਂ ਹੋਰਾਂ ਨੂੰ ਅਸਿੱਧੇ ਤੌਰ 'ਤੇ ਕੰਮ ਮਿਲ ਰਿਹਾ ਹੈ। ਰਿਪੋਰਟ ਮੁਤਾਬਕ ਇਨ੍ਹਾਂ ਕੰਪਨੀਆਂ ਨੇ ਆਰ ਐਂਡ ਡੀ 'ਤੇ ਇਕ ਅਰਬ ਡਾਲਰ ਤੋਂ ਜ਼ਿਆਦਾ ਦਾ ਨਿਵੇਸ਼ ਵੀ ਕੀਤਾ ਹੈ। ਇਨ੍ਹਾਂ ਵਿਚੋਂ ਕੁੱਲ 40 ਫ਼ੀਸਦੀ ਕੰਪਨੀਆਂ ਸਿਰਫ਼ ਸਿਹਤ ਸੰਭਾਲ ਅਤੇ ਆਈ.ਟੀ. ਦੇ ਖੇਤਰ ਵਿਚ ਕੰਮ ਕਰਦੀਆਂ ਹਨ।

ਯੂਨੀਕੋਰਨ ਸਟਾਰਟਅੱਪ ਉਹ ਹੈ, ਜਿਸਦਾ ਮੁੱਲ ਇੱਕ ਬਿਲੀਅਨ ਡਾਲਰ ਨੂੰ ਪਾਰ ਕਰਦਾ ਹੈ। ਅਮਰੀਕਾ ਵਿਚ ਕੁੱਲ ਯੂਨੀਕੋਰਨ ਸਟਾਰਟਅੱਪਸ ਵਿਚੋਂ 44 ਫੀਸਦੀ ਦੀ ਸਥਾਪਨਾ ਪ੍ਰਵਾਸੀਆਂ ਦੁਆਰਾ ਕੀਤੀ ਗਈ ਹੈ ਅਤੇ ਇਨ੍ਹਾਂ ਵਿਚ ਵੀ ਭਾਰਤੀ ਸਭ ਤੋਂ ਅੱਗੇ ਹਨ। ਵਰਲਡ ਆਫ਼ ਸਟੈਟਿਸਟਿਕਸ ਦੇ ਅਨੁਸਾਰ ਉੱਥੇ 90 ਯੂਨੀਕੋਰਨ ਸਟਾਰਟਅੱਪਸ ਓਵਰਸੀਜ਼ ਇੰਡੀਅਨਜ਼ ਦੀ ਮਲਕੀਅਤ ਹਨ, ਜਦੋਂਕਿ ਇਜ਼ਰਾਈਲੀ ਪ੍ਰਵਾਸੀ 64 ਯੂਨੀਕੋਰਨਾਂ ਦੇ ਨਾਲ ਦੂਜੇ ਸਥਾਨ 'ਤੇ ਹਨ। ਅਮਰੀਕਾ ਵਿਚ ਰਹਿਣ ਵਾਲੇ ਵਿਦੇਸ਼ੀ ਭਾਰਤੀਆਂ ਦਾ ਹੀ ਨਹੀਂ, ਸਗੋਂ ਭਾਰਤ ਤੋਂ ਅਮਰੀਕਾ ਪੜ੍ਹਨ ਲਈ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦਾ ਵੀ ਅਮਰੀਕੀ ਅਰਥਚਾਰੇ ਵਿਚ ਬਹੁਤ ਵੱਡਾ ਯੋਗਦਾਨ ਹੈ। ਸਟੇਟ ਬਿਊਰੋ ਆਫ਼ ਐਜੂਕੇਸ਼ਨਲ ਐਂਡ ਕਲਚਰਲ ਦੀ 2022-23 ਦੀ ਰਿਪੋਰਟ ਦੇ ਅਨੁਸਾਰ, ਭਾਰਤੀ ਵਿਦਿਆਰਥੀ ਹਰ ਸਾਲ ਅਮਰੀਕੀ ਅਰਥਵਿਵਸਥਾ ਵਿਚ 7.7 ਬਿਲੀਅਨ ਪੌਂਡ ਦਾ ਯੋਗਦਾਨ ਪਾਉਂਦੇ ਹਨ।




### ਏਸ਼ੀਆਈ ਲੋਕਾਂ ਵਿਚ ਭਾਰਤੀ ਦੂਜੇ ਨੰਬਰ 'ਤੇ ਹਨ

| | |
|---|---|
| ਚੀਨ | 54.35 ਲੱਖ |
| ਭਾਰਤ | 44.60 ਲੱਖ |
| ਫ਼ਿਲੀਪੀਨਜ਼ | 40.37 ਲੱਖ |
| ਪਾਕਿਸਤਾਨ | 5.44 ਲੱਖ |
| ਬੰਗਲਾਦੇਸ਼ | 1.85 ਲੱਖ |

# ਅਮਰੀਕਾ 'ਚ ਹਿੰਦੂ ਸਟੱਡੀਜ਼ ਕੋਰਸ 'ਚ ਵਿਦਿਆਰਥੀਆਂ ਦੀ ਗਿਣਤੀ ਵਧੀ

- ਇਸ ਸਾਲ ਰਿਕਾਰਡ 40 ਫੀਸਦੀ ਗੋਰੇ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਭਾਰਤੀ ਸੰਸਕ੍ਰਿਤੀ ਦੀ ਭਰੋਸੇਯੋਗਤਾ ਅਤੇ ਲੋਕਪ੍ਰਿਅਤਾ ਵਧ ਰਹੀ ਹੈ। ਅਮਰੀਕਾ ਦੀ ਹਿੰਦੂ ਯੂਨੀਵਰਸਿਟੀ ਅਤੇ ਅੰਤਰਰਾਸ਼ਟਰੀ ਹਿੰਦੂ ਯੂਨੀਵਰਸਿਟੀ ਵਿਚ ਹਿੰਦੂ ਅਧਿਐਨ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਪਿਛਲੇ ਦਸ ਸਾਲਾਂ ਵਿਚ ਲਗਭਗ ਚਾਰ ਗੁਣਾ ਵਧੀ ਹੈ। 2014 ਵਿਚ ਇਨ੍ਹਾਂ ਦੋਵਾਂ ਯੂਨੀਵਰਸਿਟੀਆਂ ਵਿਚ 3699 ਵਿਦਿਆਰਥੀਆਂ ਦਾ ਦਾਖਲਾ ਹੋਇਆ, ਜੋ 2024 ਵਿਚ ਵੱਧ ਕੇ 14296 ਹੋ ਗਿਆ। ਇਨ੍ਹਾਂ ਵਿਚੋਂ ਇਸ ਸਾਲ ਰਿਕਾਰਡ 40 ਯਾਨੀ 5,970 ਵਿਦਿਆਰਥੀ ਗੋਰੇ ਹਨ। ਹਿੰਦੂ ਅਧਿਐਨ ਵਿਚ ਸੰਸਕ੍ਰਿਤ, ਭਗਵਤ ਗੀਤਾ, ਹਿੰਦੂ ਸੰਸਕ੍ਰਿਤੀ ਦਾ ਇਤਿਹਾਸ ਅਤੇ ਹਿੰਦੂ ਗ੍ਰੰਥਾਂ ਦੇ ਚਾਰ ਸਾਲਾ ਕੋਰਸ ਹਨ।

ਇਨ੍ਹਾਂ ਦੋਵਾਂ ਯੂਨੀਵਰਸਿਟੀਆਂ ਦੇ ਅਮਰੀਕਾ ਦੇ 50 ਰਾਜਾਂ ਦੇ 80 ਸ਼ਹਿਰਾਂ ਵਿਚ ਕੇਂਦਰ ਵੀ ਹਨ। ਇਨ੍ਹਾਂ ਵਿਚੋਂ 15 ਹਜ਼ਾਰ ਦੇ ਕਰੀਬ ਅਧਿਆਪਕ ਸਾਲ ਭਰ ਵਰਕਸ਼ਾਪ ਵੀ ਲਗਾਉਂਦੇ ਹਨ। ਇਸ ਤੋਂ ਇਲਾਵਾ ਧਰਮ ਸੱਭਿਅਤਾ ਫਾਊਂਡੇਸ਼ਨ (ਡੀ.ਸੀ.ਐੱਫ.) ਨੇ ਦੱਖਣੀ ਕੈਲੀਫੋਰਨੀਆ ਯੂਨੀਵਰਸਿਟੀ (ਯੂ.ਐੱਸ.ਸੀ.) ਅਤੇ ਕਲੇਰਮੌਂਟ ਲਿੰਕਨ ਯੂਨੀਵਰਸਿਟੀ ਦੇ ਨਾਲ ਇਸ ਸੈਸ਼ਨ ਲਈ ਦੋ ਖੋਜ ਕੇਂਦਰ ਵੀ ਸ਼ੁਰੂ ਕੀਤੇ ਹਨ। ਯੂ.ਐੱਸ.ਸੀ. ਦੇ ਪ੍ਰਧਾਨ ਮੈਕਸ ਨਿਕਿਆਸ ਅਨੁਸਾਰ ਅਗਲੇ ਸੈਸ਼ਨ ਤੋਂ ਚੀਨ ਅਤੇ ਜਾਪਾਨ ਦੇ ਵਿਦਿਆਰਥੀਆਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ। ਹਿੰਦੂ ਸਟੱਡੀਜ਼ ਵਿਚ ਮਾਸਟਰ ਅਤੇ ਪੀ.ਐੱਚ.ਡੀ. ਕਰਨ ਤੋਂ ਬਾਅਦ ਵਿਦਿਆਰਥੀ ਯੂਰਪ ਅਤੇ ਏਸ਼ੀਆ ਵਿਚ ਵਿਦਿਅਕ ਸੰਸਥਾਵਾਂ ਵਿਚ ਜਾਂਦੇ ਹਨ।

ਇੱਥੋਂ ਤੱਕ ਕਿ ਹਾਰਵਰਡ, ਯੇਲ, ਐੱਮ.ਆਈ.ਟੀ., ਬ੍ਰਾਊਨ ਅਤੇ ਕੋਲੰਬੀਆ ਵਰਗੀਆਂ ਵੱਕਾਰੀ ਯੂਨੀਵਰਸਿਟੀਆਂ ਵਿਚ ਵੀ ਦੋ ਸਾਲ ਪਹਿਲਾਂ ਹਿੰਦੂ ਅਧਿਐਨ ਦੇ ਕੋਰਸ ਸ਼ੁਰੂ ਕੀਤੇ ਗਏ ਹਨ। ਇਨ੍ਹਾਂ ਵਿਚ ਅਮਰੀਕਾ ਵਿਚ ਵਸੇ ਭਾਰਤੀਆਂ ਦੀ ਦੂਜੀ ਅਤੇ ਤੀਜੀ ਪੀੜ੍ਹੀ ਦੇ ਬੱਚੇ ਹਿੰਦੂ ਸਟੱਡੀਜ਼ ਦੇ ਕੋਰਸ ਕਰ ਰਹੇ ਹਨ। ਹਾਰਵਰਡ ਵਿਚ ਹਿੰਦੂ ਸਟੱਡੀਜ਼ ਦੇ ਵਿਦਿਆਰਥੀ ਮਯੰਕ ਸ਼ਰਮਾ ਨੇ ਕਿਹਾ ਕਿ ਮੇਨ ਸਟਰੀਮ ਦੀਆਂ ਯੂਨੀਵਰਸਿਟੀਆਂ ਵਿਚ ਵੀ ਭਾਰਤੀ ਸੱਭਿਆਚਾਰ ਨਾਲ ਸਬੰਧਤ ਕੋਰਸ ਉਪਲਬਧ ਹੋਣ ਕਾਰਨ ਵਿਦਿਆਰਥੀਆਂ ਨੂੰ ਹੁਣ ਭਾਰਤ ਨਹੀਂ ਜਾਣਾ ਪੈਂਦਾ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਪਾਕਿਸਤਾਨ 'ਚ ਇਕ ਹੋਰ ਪੱਤਰਕਾਰ ਦੇ ਗੋਲੀ ਮਾਰ ਕੇ ਕਤਲ

- ਮਈ ਮਹੀਨੇ 'ਚ ਕਿਸੇ ਪੱਤਰਕਾਰ ਦੀ ਦੂਜੀ ਟਾਰਗੇਟ ਕਿਲਿੰਗ ਤੇ ਸਾਲ 2024 'ਚ ਚੌਥੀ ਘਟਨਾ



**ਗੁਰਦਾਸਪੁਰ, (ਪੰਜਾਬ ਮੇਲ)-** ਪਾਕਿਸਤਾਨ ਦੇ ਪੰਜਾਬ ਸੂਬੇ ਦੇ ਮੁਜ਼ੱਫਰਗੜ੍ਹ ਇਲਾਕੇ ਵਿਚ ਮੇਹਰ ਅਸ਼ਫਾਕ ਸਿਆਲ ਨਾਮਕ ਪੱਤਰਕਾਰ ਦੀ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਸ ਘਟਨਾ 'ਚ ਉਹ ਜ਼ਖਮੀ ਹੋ ਗਿਆ ਸੀ, ਪਰ ਹਸਪਤਾਲ 'ਚ ਉਸ ਦੀ ਮੌਤ ਹੋ ਗਈ। ਸਰਹੱਦ ਪਾਰ ਦੇ ਸੂਤਰਾਂ ਅਤੇ ਇੰਟਰਨੈਸ਼ਨਲ ਫੈਡਰੇਸ਼ਨ ਆਫ ਜਰਨਲਿਸਟਸ ਦੇ ਅਨੁਸਾਰ, ਸਿਆਲ, ਜੋ ਡੇਲੀ ਨਿਊਜ਼ ਲਈ ਕੰਮ ਕਰਦਾ ਸੀ, ਨੂੰ ਖੇਤਰ ਵਿਚ ਯਾਤਰਾ ਕਰਦੇ ਸਮੇਂ ਕਈ ਵਾਰ ਗੋਲੀ ਮਾਰੀ ਗਈ ਸੀ। ਆਈ.ਐੱਫ.ਜੇ. ਨੇ ਆਪਣੀ ਰਿਪੋਰਟ ਵਿਚ ਸਿਆਲ ਦੇ ਭਰਾ ਮੁਹੰਮਦ ਇਸਹਾਕ ਦੇ ਹਵਾਲੇ ਨਾਲ ਕਿਹਾ ਕਿ ਸਿਆਲ 'ਤੇ ਉਸ ਸਮੇਂ ਹਮਲਾ ਹੋਇਆ, ਜਦੋਂ ਉਹ ਦੋਵੇਂ ਮੁਜ਼ੱਫਰਗੜ੍ਹ ਸ਼ਹਿਰ ਜਾ ਰਹੇ ਸਨ।

ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਪੱਤਰਕਾਰ ਦੇ ਨੇੜੇ ਆ ਕੇ ਉਸ ਦਾ ਮੋਟਰਸਾਈਕਲ ਰੋਕ ਲਿਆ ਅਤੇ ਪੱਤਰਕਾਰ ਦੇ ਪੇਟ ਵਿਚ ਕਈ ਗੋਲੀਆਂ ਮਾਰੀਆਂ। ਮੁਹੰਮਦ ਇਸਹਾਕ ਨੇ ਇਹ ਵੀ ਦਾਅਵਾ ਕੀਤਾ ਕਿ ਹਮਲਾਵਰਾਂ ਨੇ ਭੱਜਣ ਤੋਂ ਪਹਿਲਾਂ ਹਵਾ ਵਿਚ ਕਈ ਗੋਲੀਆਂ ਚਲਾਈਆਂ। ਸੂਤਰਾਂ ਮੁਤਾਬਕ ਸਿਆਲ ਨੂੰ ਦੱਖਣੀ ਮੁਜ਼ੱਫਰਗੜ੍ਹ ਦੇ ਡੀ.ਐੱਚ.ਕਿਊ ਹਸਪਤਾਲ ਲਿਜਾਇਆ ਗਿਆ। ਰਿਪੋਰਟ ਮੁਤਾਬਕ ਸਿਆਲ ਨਾਲ ਇਹ ਘਟਨਾ ਮਈ 'ਚ ਕਿਸੇ ਪੱਤਰਕਾਰ ਦੀ ਦੂਜੀ ਟਾਰਗੇਟ ਕਿਲਿੰਗ ਅਤੇ ਸਾਲ 2024 'ਚ ਚੌਥੀ ਘਟਨਾ ਹੈ। ਇਸ ਤੋਂ ਪਹਿਲਾਂ 3 ਮਈ ਨੂੰ ਮੁਹੰਮਦ ਸਿੱਦੀਕੀ ਮੈਂਗਲ ਦੀ ਅਣਪਛਾਤੇ ਵਿਅਕਤੀ ਵੱਲੋਂ ਕੀਤੇ ਧਮਾਕੇ ਵਿਚ ਮੌਤ ਹੋ ਗਈ ਸੀ। ਪੱਤਰਕਾਰ ਸਗੀਰ ਅਹਿਮਦ ਲਾਰ ਦੀ 14 ਮਾਰਚ ਨੂੰ ਪੰਜਾਬ ਵਿਚ ਇੱਕ ਫਾਰਮੇਸੀ ਵਿਚ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਜਦੋਂਕਿ ਪਾਕਪਟਨ ਦੀ ਪੱਤਰਕਾਰ ਤਾਹਿਰਾ ਨੋਸ਼ੀਨ ਰਾਣਾ ਦੀ ਲਾਸ਼ 11 ਮਾਰਚ ਨੂੰ ਸੂਬੇ ਦੇ ਉੱਤਰ ਵਿਚ ਮਿਲੀ ਸੀ।

ਇਸ ਦੌਰਾਨ ਇਸਲਾਮਾਬਾਦ ਹਾਈ ਕੋਰਟ (ਆਈ.ਐੱਚ.ਸੀ.) ਦੇ ਜਸਟਿਸ ਮੋਹਸਿਨ ਅਖਤਰ ਕਿਆਨੀ ਨੇ ਕਸ਼ਮੀਰੀ ਕਵੀ ਅਤੇ ਪੱਤਰਕਾਰ ਅਹਿਮਦ ਫਰਹਾਦ ਸ਼ਾਹ ਦੇ ਅਗਵਾ ਵਿਚ ਰਾਜ ਦੀਆਂ ਖੁਫੀਆ ਏਜੰਸੀਆਂ ਦੀ ਕਥਿਤ ਭੂਮਿਕਾ ਬਾਰੇ ਰੱਖਿਆ ਸਕੱਤਰ ਤੋਂ ਰਿਪੋਰਟ ਮੰਗੀ ਹੈ। ਸ਼ਾਹ ਨੂੰ ਕਥਿਤ ਤੌਰ 'ਤੇ ਉਨ੍ਹਾਂ ਦੇ ਘਰ ਤੋਂ ਅਗਵਾ ਕਰ ਲਿਆ ਗਿਆ ਸੀ। ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਅਧਿਕਾਰੀਆਂ ਤੋਂ ਉਸ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਹੈ। ਉਸੇ ਦਿਨ, ਸ਼ਾਹ ਦੀ ਪਤਨੀ ਦੁਆਰਾ ਆਈ.ਐੱਚ.ਸੀ. ਵਿਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਵਿਚ ਬੇਨਤੀ ਕੀਤੀ ਗਈ ਸੀ ਕਿ ਉਸ ਨੂੰ ਲੱਭ ਕੇ ਅਦਾਲਤ ਵਿਚ ਪੇਸ਼ ਕੀਤਾ ਜਾਵੇ ਅਤੇ ਉਸ ਦੇ ਲਾਪਤਾ ਹੋਣ ਲਈ ਜ਼ਿੰਮੇਵਾਰ ਲੋਕਾਂ ਦੀ ਪਛਾਣ ਕੀਤੀ ਜਾਵੇ ਤੇ ਜਾਂਚ ਕੀਤੀ ਜਾਵੇ ਅਤੇ ਮੁਕੱਦਮਾ ਚਲਾਇਆ ਜਾਵੇ।

ਜਸਟਿਸ ਕਿਆਨੀ ਨੇ ਅੱਗੇ ਟਿੱਪਣੀ ਕੀਤੀ ਕਿ ਸਾਲ ਵਿਚ ਹੁਣ ਤੱਕ ਦਰਜ ਕੀਤੇ ਗਏ ਲਾਪਤਾ ਵਿਅਕਤੀਆਂ ਦੇ ਕਿਸੇ ਵੀ ਕੇਸ ਦੀ ਜਾਂਚ ਪੂਰੀ ਨਹੀਂ ਹੋਈ ਹੈ। ਉਨ੍ਹਾਂ ਕਿਹਾ ਕਿ ਪੂਰਾ ਦੇਸ਼ ਜਾਣਦਾ ਹੈ ਕਿ ਕੌਣ ਕੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਕਿੰਨਾ ਸ਼ਾਨਦਾਰ ਸਿਸਟਮ ਹੈ, ਇਕ ਲਾਪਤਾ ਵਿਅਕਤੀ ਵਾਪਸ ਆ ਕੇ ਕੁਝ ਨਹੀਂ ਕਹਿ ਸਕਦਾ। ਜਦੋਂ ਲਾਪਤਾ ਵਿਅਕਤੀ ਸਾਹਮਣੇ ਆਉਂਦਾ ਹੈ, ਤਾਂ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਚੁੱਪ ਰਹਿਣ ਲਈ ਕਿਹਾ ਜਾਂਦਾ ਹੈ। ਜਸਟਿਸ ਕਿਆਨੀ ਨੇ ਕਿਹਾ ਕਿ ਜ਼ਬਰਦਸਤੀ ਲਾਪਤਾ ਹੋਣ ਵਿਰੁੱਧ ਕਾਨੂੰਨ ਹੋਣਾ ਚਾਹੀਦਾ ਹੈ ਅਤੇ ਇਸ ਪ੍ਰਥਾ ਵਿਚ ਸ਼ਾਮਲ ਲੋਕਾਂ ਨੂੰ ਫਾਂਸੀ ਦਿੱਤੀ ਜਾਣੀ ਚਾਹੀਦੀ ਹੈ।

## ਬਰਤਾਨੀਆ ਅਦਾਲਤ ਵੱਲੋਂ ਜੂਲੀਅਨ ਅਸਾਂਜ ਨੂੰ ਅਮਰੀਕਾ ਹਵਾਲਗੀ ਖ਼ਿਲਾਫ਼ ਅਪੀਲ ਕਰਨ ਦੀ ਇਜਾਜ਼ਤ

**ਲੰਡਨ, (ਪੰਜਾਬ ਮੇਲ)-** ਬਰਤਾਨੀਆ ਦੀ ਇੱਕ ਅਦਾਲਤ ਨੇ ਅੱਜ ਨਿਰਦੇਸ਼ ਦਿੱਤੇ ਹਨ ਕਿ ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜ ਜਾਸੂਸੀ ਦੇ ਦੋਸ਼ ਹੇਠ ਖੁਦ ਨੂੰ ਅਮਰੀਕਾ ਹਵਾਲੇ ਕਰਨ ਦੇ ਹੁਕਮਾਂ ਖ਼ਿਲਾਫ਼ ਅਪੀਲ ਕਰ ਸਕਦੇ ਹਨ। ਹਾਈ ਕੋਰਟ ਦੇ ਦੋ ਜੱਜਾਂ ਨੇ ਕਿਹਾ ਕਿ ਅਸਾਂਜ ਕੋਲ ਬਰਤਾਨੀਆ ਸਰਕਾਰ ਦੇ ਹਵਾਲਗੀ ਦੇ ਹੁਕਮਾਂ ਨੂੰ ਚੁਣੌਤੀ ਦੇਣ ਦਾ ਆਧਾਰ ਹੈ। ਹਾਈ ਕੋਰਟ ਦੇ ਇਸ ਫ਼ੈਸਲੇ ਮਗਰੋਂ ਅਸਾਂਜ ਲਈ ਅਪੀਲ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ, ਜਿਸ ਕਾਰਨ ਇਹ ਕਾਨੂੰਨੀ ਲੜਾਈ ਸਾਲਾਂ ਤੱਕ ਖਿੱਚੀ ਜਾ ਸਕਦੀ ਹੈ। ਅਸਾਂਜ 'ਤੇ ਜਾਸੂਸੀ ਦੇ 17 ਦੋਸ਼ ਅਤੇ ਤਕਰੀਬਨ 15 ਸਾਲ ਪਹਿਲਾਂ ਉਸ ਦੀ ਵੈੱਬਸਾਈਟ 'ਤੇ ਅਮਰੀਕੀ ਦਸਤਾਵੇਜ਼ਾਂ ਦੇ ਪ੍ਰਕਾਸ਼ਨ ਨੂੰ ਲੈ ਕੇ ਕੰਪਿਊਟਰ ਦੀ ਦੁਰਵਰਤੋਂ ਦਾ ਦੋਸ਼ ਹੈ। ਅਸਾਂਜ ਨੇ ਸੱਤ ਸਾਲ ਤੱਕ ਲੰਡਨ 'ਚ ਇਕੁਆਡੋਰ ਦੇ ਦੂਤਾਵਾਸ 'ਚ ਸ਼ਰਨ ਲੈਣ ਮਗਰੋਂ ਪਿਛਲੇ ਪੰਜ ਸਾਲ ਬਰਤਾਨੀਆ ਦੀ ਜੇਲ੍ਹ 'ਚ ਬਿਤਾਏ ਹਨ।

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਕੈਨੇਡਾ ਦਾ ਵੀਜ਼ਾ ਤੇ ਪੀ.ਆਰ. ਦਿਵਾਉਣ ਲਈ ਫਰਜ਼ੀ ਏਜੰਟ ਵੱਲੋਂ ਭੈਣ-ਭਰਾ ਨਾਲ 74 ਲੱਖ ਦੀ ਠੱਗੀ; ਗ੍ਰਿਫ਼ਤਾਰ



**ਪਾਇਲ (ਪੰਜਾਬ ਮੇਲ)-** ਪਾਇਲ ਪੁਲਿਸ ਨੂੰ ਉਸ ਸਮੇਂ ਵੱਡੀ ਸਫ਼ਲਤਾ ਮਿਲੀ, ਜਦੋਂ ਉਸ ਨੇ ਭੈਣ-ਭਰਾ ਨੂੰ ਕੈਨੇਡਾ ਭੇਜਣ ਦੇ ਨਾਂ 'ਤੇ 74 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਇਕ ਫਰਜ਼ੀ ਟਰੈਵਲ ਏਜੰਟ ਨੂੰ ਗ੍ਰਿਫ਼ਤਾਰ ਕੀਤਾ। ਬਾਅਦ 'ਚ ਮੁਲਜ਼ਮ ਦੀ ਪਛਾਣ ਸੁਖਦੀਪ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਪਿੰਡ ਢਢੋਗਲ, ਤਹਿਸੀਲ ਧੂਰੀ ਜ਼ਿਲ੍ਹਾ ਸੰਗਰੂਰ ਵਜੋਂ ਹੋਈ ਹੈ।

ਇਸ ਸਬੰਧੀ ਸ਼ਿਕਾਇਤਕਰਤਾ ਠਾਕੁਰ ਸਿੰਘ ਮੰਡੇਰ ਤੇ ਜਸਮੀਨ ਕੌਰ ਪੁੱਤਰੀ ਦਰਸ਼ਨ ਸਿੰਘ (ਦੋਵੇਂ ਭੈਣ-ਭਰਾ) ਵਾਸੀ ਪਿੰਡ ਜਰਗ, ਥਾਣਾ ਪਾਇਲ, ਜ਼ਿਲ੍ਹਾ ਲੁਧਿਆਣਾ ਨੇ ਪੰਜਾਬ ਪੁਲਿਸ ਦੇ ਪਬਲਿਕ ਸ਼ਿਕਾਇਤ ਪੋਰਟਲ 'ਤੇ ਸ਼ਿਕਾਇਤ ਨੰਬਰ 264245 ਮਿਤੀ 20.11.2023 ਦਰਜ ਕਰਵਾਈ ਕਿ ਮੁਲਜ਼ਮ ਸੁਖਦੀਪ ਸਿੰਘ ਤੇ ਉਸ ਦੀ ਪਤਨੀ ਰਮਨਦੀਪ ਕੌਰ ਨੇ ਉਨ੍ਹਾਂ ਦੀ 3 ਕਿੱਲੇ ਜ਼ਮੀਨ ਵਿਕਵਾ ਕੇ ਉਸ ਨੂੰ ਤੇ ਉਸ ਦੀ ਭੈਣ ਜਸਮੀਨ ਕੌਰ ਨੂੰ ਕੈਨੇਡਾ ਤੋਂ 10 ਸਾਲ ਦਾ ਮਲਟੀਪਲ ਵਿਜ਼ਟਰ ਵੀਜ਼ਾ ਤੇ ਵਰਕ ਪਰਮਿਟ ਤੇ ਇਕ ਸਾਲ ਦੇ ਅੰਦਰ ਹੀ ਪੀ.ਆਰ. ਲੈ ਕੇ ਦੇਣ ਲਈ ਲਿਖਤੀ ਸਮਝੌਤਾ ਕਰਕੇ 74 ਲੱਖ ਰੁਪਏ ਲੈ ਲਏ ਸਨ।

ਬਾਅਦ 'ਚ ਉਨ੍ਹਾਂ ਨੂੰ ਧੋਖਾਧੜੀ ਦਾ ਉਸ ਸਮੇਂ ਪਤਾ ਲੱਗਾ, ਜਦੋਂ ਉਸ ਦੀ ਭੈਣ ਜੈਸਮੀਨ ਕੌਰ ਨੂੰ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਦਿੱਲੀ ਤੋਂ ਇਮੀਗ੍ਰੇਸ਼ਨ ਵਿਭਾਗ ਦੇ ਅਧਿਕਾਰੀਆਂ ਨੇ 14 ਸਤੰਬਰ, 2023 ਤੇ 12 ਅਕਤੂਬਰ, 2023 ਨੂੰ 2 ਵਾਰ ਇਹ ਕਹਿ ਕੇ ਵਾਪਸ ਭੇਜ ਦਿੱਤਾ ਕਿ ਤੁਸੀਂ ਇਸ ਵੀਜ਼ੇ 'ਤੇ ਕੈਨੇਡਾ ਨਹੀਂ ਜਾ ਸਕਦੇ ਕਿਉਂਕਿ ਇਹ ਵੀਜ਼ਾ ਗਲਤ ਹੈ। ਬਾਅਦ 'ਚ ਉਨ੍ਹਾਂ ਨੇ ਮੁਲਜ਼ਮਾਂ ਤੋਂ ਵਾਰ-ਵਾਰ 74 ਲੱਖ ਰੁਪਏ ਵਾਪਸ ਕਰਨ ਦੀ ਮੰਗ ਕੀਤੀ ਪਰ ਉਨ੍ਹਾਂ ਨੇ ਨਾ ਤਾਂ ਰਕਮ ਵਾਪਸ ਕੀਤੀ ਤੇ ਨਾ ਹੀ ਪਾਸਪੋਰਟ ਤੇ ਹੋਰ ਸਬੰਧਤ ਦਸਤਾਵੇਜ਼ ਦਿੱਤੇ। ਇਸ ਦਰਖ਼ਾਸਤ ਦੀ ਪੜਤਾਲ ਡੀ.ਐੱਸ.ਪੀ. ਪਾਇਲ ਵਲੋਂ ਕਰਨ ਉਪਰੰਤ ਮੁਲਜ਼ਮਾਂ ਸੁਖਦੀਪ ਸਿੰਘ ਤੇ ਰਮਨਦੀਪ ਕੌਰ ਵਿਰੁੱਧ ਧਾਰਾ 406, 420 ਆਈ.ਪੀ.ਸੀ. ਤੇ ਇਮੀਗਰੇਸ਼ਨ ਐਕਟ 24 ਤਹਿਤ ਮਾਮਲਾ ਦਰਜ ਕਰਕੇ ਅੱਗੇ ਜਾਂਚ ਸ਼ੁਰੂ ਕੀਤੀ ਗਈ।

ਇਸ ਸਬੰਧੀ ਥਾਣਾ ਪਾਇਲ ਦੇ ਐੱਸ.ਐੱਚ.ਓ. ਸਬ-ਇੰਸਪੈਕਟਰ ਸਤਨਾਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਲਜ਼ਮ ਸੁਖਦੀਪ ਸਿੰਘ ਨੂੰ ਇਲਾਕਾ ਮੈਜਿਸਟ੍ਰੇਟ ਦੀ ਅਦਾਲਤ 'ਚ ਪੇਸ਼ ਕਰਕੇ ਹੋਰ ਪੁੱਛਗਿੱਛ ਲਈ ਪੁਲਿਸ ਰਿਮਾਂਡ ਲਿਆ ਗਿਆ ਹੈ।

## ਕੈਨੇਡਾ 'ਚ ਕੌਮਾਂਤਰੀ ਵਿਦਿਆਰਥੀਆਂ 'ਤੇ ਲਾਈਆਂ ਜਾ ਰਹੀਆਂ ਪਾਬੰਦੀਆਂ ਹੋ ਰਹੀਆਂ ਸਖ਼ਤ

- ਗ੍ਰੈਜੂਏਸ਼ਨ ਤੋਂ ਬਾਅਦ ਕੀਤੀ ਜਾਣ ਵਾਲੀ ਉਚੇਰੀ ਸਿੱਖਿਆ ਵਾਲੇ ਕਿੱਤੇ ਨਾਲ ਸਬੰਧਤ ਹੀ ਮਿਲੇਗਾ ਵਰਕ ਪਰਮਿਟ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੇ ਆਵਾਸ ਵਿਭਾਗ ਵਲੋਂ ਕੌਮਾਂਤਰੀ ਵਿਦਿਆਰਥੀਆਂ 'ਤੇ ਲਾਈਆਂ ਜਾ ਰਹੀਆਂ ਪਾਬੰਦੀਆਂ ਨੂੰ ਹੋਰ ਸਖ਼ਤ ਕਰਦੇ ਹੋਏ ਹੁਣ ਉਨ੍ਹਾਂ ਨੂੰ ਪੋਸਟ ਗ੍ਰੈਜੂਏਸ਼ਨ ਦੌਰਾਨ ਮਿਲਣ ਵਾਲਾ ਓਪਨ ਵਰਕ ਪਰਮਿਟ ਸਿਰਫ਼ ਉਸੇ ਕਿੱਤੇ ਨਾਲ ਸਬੰਧਤ ਹੋਵੇਗਾ, ਜਿਸ ਵਿਚ ਉਹ ਉਚੇਰੀ ਸਿੱਖਿਆ ਗ੍ਰਹਿਣ ਕਰ ਰਹੇ ਹੋਣਗੇ।

ਆਵਾਸ ਮੰਤਰੀ ਮਾਈ ਮਿਲਰ ਨੇ ਇਸ ਵੱਲ ਇਸ਼ਾਰਾ ਦੋ ਹਫ਼ਤੇ ਪਹਿਲਾਂ ਕਰ ਦਿੱਤਾ ਸੀ। ਉਦੋਂ ਤੋਂ ਹੋਰ ਵਿਚਾਰਾਂ ਕੀਤੇ ਜਾਣ ਤੋਂ ਬਾਅਦ ਇਹ ਫੈਸਲਾ ਲੈ ਲਿਆ ਗਿਆ ਹੈ, ਜਿਸ ਦਾ ਐਲਾਨ ਕਿਸੇ ਵੇਲੇ ਵੀ ਕੀਤਾ ਜਾ ਸਕਦਾ ਹੈ। ਮੰਤਰੀ ਨੇ ਇਸ ਬਾਰੇ ਗੱਲ ਕਰਦੇ ਹੋਏ ਕਿਹਾ ਕਿ ਦੇਸ਼ ਵਿਚ ਆਏ ਹੋਏ ਵਿਦੇਸ਼ੀ ਲੋਕਾਂ ਨੂੰ ਪੱਕਾ ਕਰਨ ਨੂੰ ਪਹਿਲ ਦਿੱਤੀ ਜਾਵੇਗੀ। ਇਨ੍ਹਾਂ ਵਿਚ ਜ਼ਿਆਦਾਤਰ ਸਿਹਤ ਸੇਵਾਵਾਂ, ਵਪਾਰ, ਟਰਾਂਸਪੋਰਟ, ਖੇਤੀ ਤੇ ਬੁਨਿਆਦੀ ਸੇਵਾਵਾਂ ਵਿਚ ਕੰਮ ਕਰਦੇ ਲੋਕ ਸ਼ਾਮਲ ਹੋਣਗੇ। ਉਨ੍ਹਾਂ ਦੱਸਿਆ ਕਿ ਸੈਕੰਡਰੀ ਤੋਂ ਬਾਅਦ ਇੱਥੇ ਉਚੇਰੀ ਸਿੱਖਿਆ ਦੀ ਪੜ੍ਹਾਈ ਕਰਨ ਲਈ ਆਉਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਨੂੰ ਦਸ ਸਾਲਾਂ ਤੋਂ ਦਿੱਤੀ ਜਾ ਰਹੀ ਕੋਈ ਵੀ ਕੰਮ ਕਰਨ ਦੀ ਆਗਿਆ (ਓਪਨ ਵਰਕ

## ਮਾਲੀਵਾਲ ਕੁੱਟਮਾਰ ਮਾਮਲਾ: ਦਿੱਲੀ ਪੁਲਿਸ ਵੱਲੋਂ ਕੇਜਰੀਵਾਲ ਦੀ ਰਿਹਾਇਸ਼ ਤੋਂ ਬਿਭਵ ਕੁਮਾਰ ਗ੍ਰਿਫ਼ਤਾਰ



**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਸਹਿਯੋਗੀ ਬਿਭਵ ਕੁਮਾਰ ਨੂੰ ਦਿੱਲੀ ਪੁਲਿਸ ਨੇ 'ਆਪ' ਸੰਸਦ ਮੈਂਬਰ ਸਵਾਤੀ ਮਾਲੀਵਾਲ 'ਤੇ ਕਥਿਤ ਹਮਲੇ ਦੇ ਮਾਮਲੇ 'ਚ ਗ੍ਰਿਫ਼ਤਾਰ ਕਰ ਲਿਆ। ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਬਿਭਵ ਕੁਮਾਰ ਨੂੰ ਦਿੱਲੀ ਪੁਲਿਸ ਦੀ ਟੀਮ ਨੇ ਬਾਅਦ ਦੁਪਹਿਰ ਕਰੀਬ ਮੁੱਖ ਮੰਤਰੀ ਦੀ ਰਿਹਾਇਸ਼ ਤੋਂ ਚੁੱਕਿਆ। ਉਸ ਨੂੰ ਪੁੱਛ-ਪੜਤਾਲ ਲਈ ਥਾਣੇ

# ਗੋਪੀ ਨੇ ਸੈਲਾਨੀ ਵਜੋਂ ਪੁਲਾੜ 'ਚ ਜਾਣ ਵਾਲਾ ਪਹਿਲਾ ਭਾਰਤੀ ਬਣਨ 'ਤੇ ਜਤਾਈ ਖੁਸ਼ੀ

- ਰਾਕੇਸ਼ ਸ਼ਰਮਾ ਤੋਂ ਬਾਅਦ ਪੁਲਾੜ 'ਚ ਜਾਣ ਵਾਲਾ ਦੂਜਾ ਭਾਰਤੀ ਬਣਿਆ ਗੋਪੀ
- ਪੁਲਾੜ 'ਚ ਸਫਲਤਾਪੂਰਵਕ ਪੁੱਜੀ ਬਲੂ ਓਰਿਜਨ ਦੀ ਉਡਾਣ



ਟੈਕਸਸ 'ਚ ਗੋਪੀ ਥੋਟਾਕੁਰਾ ਪੁਲਾੜ ਮਿਸ਼ਨ 'ਤੇ ਜਾਣ ਵਾਲੇ ਹੋਰ ਸਾਥੀਆਂ ਨਾਲ।

**ਹਿਊਸਟਨ, 20 ਮਈ (ਪੰਜਾਬ ਮੇਲ)-** ਪਾਇਲਟ ਗੋਪੀ ਥੋਟਾਕੁਰਾ ਨੇ ਕਿਹਾ ਹੈ ਕਿ ਉਸ ਨੂੰ ਐਮਾਜ਼ੋਨ ਦੇ ਬਾਨੀ ਜੈੱਫ ਬੇਜ਼ੋਸ ਦੇ ਬਲੂ ਓਰਿਜਨ ਦੇ ਐੱਨ.ਐੱਸ.-25 ਮਿਸ਼ਨ 'ਤੇ ਇਕ ਸੈਲਾਨੀ ਵਜੋਂ ਪੁਲਾੜ 'ਚ ਜਾਣ ਵਾਲਾ ਪਹਿਲਾ ਭਾਰਤੀ ਬਣਨ 'ਤੇ ਮਾਣ ਹੈ। ਥੋਟਾਕੁਰਾ (30) ਅਤੇ ਪੰਜ ਹੋਰ ਮੈਂਬਰਾਂ ਨੂੰ ਲੈ ਕੇ ਗਈ ਬਲੂ ਓਰਿਜਨ ਦੀ ਸੱਤਵੀਂ ਉਡਾਣ ਸਫਲਤਾਪੂਰਬਕ ਪੁਲਾੜ 'ਚ ਪੁੱਜੀ। ਐੱਨ.ਐੱਸ.-25 ਐਤਵਾਰ ਸਵੇਰੇ ਪੱਛਮੀ ਟੈਕਸਸ 'ਚ ਲਾਂਚ ਸਾਈਟ ਵਨ ਤੋਂ ਰਵਾਨਾ ਹੋਈ ਸੀ। ਉਹ 1984 'ਚ ਭਾਰਤੀ ਫ਼ੌਜ ਦੇ ਵਿੰਗ ਕਮਾਂਡਰ ਰਾਕੇਸ਼ ਸ਼ਰਮਾ ਤੋਂ ਬਾਅਦ ਪੁਲਾੜ 'ਚ ਜਾਣ ਵਾਲੇ ਪਹਿਲੇ ਭਾਰਤੀ ਪੁਲਾੜ ਸੈਲਾਨੀ ਅਤੇ ਦੂਜੇ ਭਾਰਤੀ ਬਣ ਗਏ ਹਨ।

ਬਲੂ ਓਰਿਜਨ ਵੱਲੋਂ 'ਐਕਸ' 'ਤੇ ਪੋਸਟ ਕੀਤੇ ਗਏ ਵੀਡੀਓ 'ਚ ਥੋਟਾਕੁਰਾ ਨੂੰ ਪੁਲਾੜ ਵਾਹਨ ਤੋਂ ਇਹ ਆਖਦਿਆਂ ਸੁਣਿਆ ਗਿਆ, "ਭਾਰਤ ਪੁਲਾੜ 'ਚ।" ਉਨ੍ਹਾਂ ਹੱਥ 'ਚ ਇਕ ਛੋਟਾ ਭਾਰਤੀ ਝੰਡਾ ਵੀ ਫੜਿਆ ਹੋਇਆ ਹੈ। ਆਂਧਰਾ ਪ੍ਰਦੇਸ਼ 'ਚ ਜਨਮੇ ਉੱਦਮੀ ਅਤੇ ਪਾਇਲਟ ਥੋਟਾਕੁਰਾ ਨੂੰ ਇਕ ਬੈਨਰ ਫੜੇ ਹੋਏ ਵੀ ਦੇਖਿਆ ਗਿਆ, ਜਿਸ 'ਤੇ ਲਿਖਿਆ ਸੀ, "ਮੈਂ ਸਾਡੇ ਸਥਾਈ ਗ੍ਰਹਿ ਲਈ ਇਕ ਵਾਤਾਵਰਨ ਯੋਧਾ ਹਾਂ।" ਉਨ੍ਹਾਂ ਨਾਲ ਪੁਲਾੜ 'ਚ ਗਏ ਹੋਰ ਮੈਂਬਰਾਂ 'ਚ ਮੈਸਨ ਐਂਜੇਲ, ਸਿਲਵੇਨ ਚਿਰੌਨ, ਕੈਨੇਥ ਐੱਲ. ਹੈੱਸ, ਕੈਰੋਲ ਸ਼ਾਲੇਰ ਅਤੇ ਹਵਾਈ ਫ਼ੌਜ ਦੇ ਸਾਬਕਾ ਕੈਪਟਨ ਐੱਡ ਡਵਾਈਟ ਸ਼ਾਮਲ ਹਨ। ਡਵਾਈਟ ਨੂੰ 1961 'ਚ ਰਾਸ਼ਟਰਪਤੀ ਜੌਹਨ ਐੱਫ ਕੈਨੇਡੀ ਵੱਲੋਂ ਦੇਸ਼ ਦੇ ਪਹਿਲੇ ਸਿਆਹਫ਼ਾਮ ਪੁਲਾੜ ਯਾਤਰੀ ਵਜੋਂ ਚੁਣਿਆ ਗਿਆ ਸੀ ਪਰ ਉਸ ਨੂੰ ਕਦੇ ਪੁਲਾੜ 'ਚ ਉਡਾਣ ਭਰਨ ਦਾ ਮੌਕਾ ਨਹੀਂ ਮਿਲਿਆ ਸੀ। ਨਿਊ ਸ਼ੈਪਰਡ (ਐੱਨ.ਐੱਸ.) ਹੁਣ ਤੱਕ 37 ਵਿਅਕਤੀਆਂ ਨੂੰ ਪੁਲਾੜ 'ਚ ਲਿਜਾ ਚੁੱਕਿਆ ਹੈ।

# 1970 ਦਹਾਕੇ ਦੌਰਾਨ 3 ਹਜ਼ਾਰ ਮੌਤਾਂ ਵਾਲੀ ਦਹਾਕਿਆਂ ਪੁਰਾਣੀ ਘਟਨਾ ਲਈ ਪੀ.ਐੱਮ. ਸੁਨਕ ਵੱਲੋਂ ਮੰਗੀ ਮੁਆਫ਼ੀ



**ਲੰਡਨ, (ਪੰਜਾਬ ਮੇਲ)-** ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਸੋਮਵਾਰ ਨੂੰ ਸਰਕਾਰ ਨੂੰ ਸੌਂਪੀ ਜਾਂਚ ਰਿਪੋਰਟ ਵਿਚ ਨੈਸ਼ਨਲ ਹੈਲਥ ਸਰਵਿਸ (ਐੱਨ.ਐੱਚ.ਐੱਸ.) 'ਤੇ 1970 ਦੇ ਦਹਾਕੇ 'ਚ ਮਰੀਜ਼ਾਂ ਨੂੰ ਸੰਕਰਮਿਤ ਖ਼ੂਨ ਚੜ੍ਹਾਉਣ ਦੇ ਮੁੱਦੇ ਨੂੰ ਦਬਾਏ ਜਾਣ ਦਾ ਦੋਸ਼ ਲਗਾਏ ਜਾਣ ਤੋਂ ਬਾਅਦ ਸੋਮਵਾਰ ਨੂੰ ਮੁਆਫ਼ੀ ਮਗੀ। ਜਾਂਚ ਕਮੇਟੀ ਦੇ ਪ੍ਰਧਾਨ ਸਰ ਬ੍ਰਾਇਨ ਲੈਂਗਸਟਾਫ ਦੁਆਰਾ ਇਸ ਮੁੱਦੇ 'ਤੇ ਆਪਣਾ ਤਿੱਖਾ ਫ਼ੈਸਲਾ ਸੁਣਾਉਣ ਤੋਂ ਕੁਝ ਘੰਟਿਆਂ ਬਾਅਦ ਹਾਊਸ ਆਫ ਕਾਮਨਜ਼ ਵਿਚ ਬੋਲਦੇ ਹੋਏ ਪੀ.ਐੱਮ. ਸੁਨਕ ਨੇ ਕਿਹਾ ਕਿ ਜਾਂਚ ਵਿਚ ਦਰਸਾਏ ਗਏ "ਅਸਫਲਤਾਵਾਂ ਅਤੇ ਇਨਕਾਰ" ਨੇ ਬ੍ਰਿਟੇਨ ਲਈ ਸ਼ਰਮਨਾਕ ਦਿਨ ਹੈ।

ਬ੍ਰਿਟੇਨ ਵਿਚ ਦੂਸ਼ਿਤ ਖ਼ੂਨ ਦੇ ਮਾਮਲੇ ਦੀ ਜਾਂਚ ਵਿਚ ਸੋਮਵਾਰ ਨੂੰ ਪਾਇਆ ਗਿਆ ਕਿ ਅਧਿਕਾਰੀਆਂ ਅਤੇ ਜਨਤਕ ਸਿਹਤ ਸੇਵਾ ਦੀ ਜਾਣਕਾਰੀ ਦੇ ਬਾਵਜੂਦ ਹਜ਼ਾਰਾਂ ਮਰੀਜ਼ਾਂ ਨੂੰ ਦੂਸ਼ਿਤ ਖ਼ੂਨ ਦੁਆਰਾ ਘਾਤਕ ਲਾਗ ਲੱਗ ਗਈ। ਬ੍ਰਿਟੇਨ ਵਿਚ ਲਗਭਗ 3,000 ਲੋਕ 1970 ਅਤੇ 1990 ਦੇ ਦਹਾਕੇ ਦੇ ਆਰੰਭ ਵਿਚ ਐੱਚ.ਆਈ.ਵੀ. ਜਾਂ ਹੈਪੇਟਾਈਟਸ ਨਾਲ ਸੰਕਰਮਿਤ ਖ਼ੂਨ ਚੜ੍ਹਾਉਣ ਨਾਲ ਮਰੇ। ਇਸ ਘਟਨਾ ਨੂੰ 1948 ਤੋਂ ਬਾਅਦ ਬ੍ਰਿਟੇਨ ਦੀ ਸਰਕਾਰ ਦੁਆਰਾ ਸੰਚਾਲਿਤ ਨੈਸ਼ਨਲ ਹੈਲਥ ਸਰਵਿਸ (ਐੱਨ.ਐੱਚ.ਐੱਸ.) ਦੇ ਇਤਿਹਾਸ ਵਿਚ ਸਭ ਤੋਂ ਘਾਤਕ ਤਬਾਹੀ ਮੰਨਿਆ ਜਾਂਦਾ ਹੈ। ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੰਬੋਧਿਤ ਕਰਦੇ ਹੋਏ, ਸੁਨਕ ਨੇ ਕਿਹਾ, "ਮੈਨੂੰ ਇਹ ਸਮਝਣਾ ਲਗਭਗ ਅਸੰਭਵ ਲੱਗਦਾ ਹੈ ਕਿ ਇਹ ਕਿਵੇਂ ਮਹਿਸੂਸ ਕੀਤਾ ਹੋਣਾ ਚਾਹੀਦਾ ਹੈ... ਮੈਂ 1970 ਦੇ ਦਹਾਕੇ ਦੀ ਮੌਜੂਦਾ ਅਤੇ ਹਰ ਸਰਕਾਰ ਦੀ ਤਰਫੋਂ ਦਿਲੋਂ ਅਤੇ ਸਪੱਸ਼ਟ ਤੌਰ 'ਤੇ ਮੁਆਫ਼ੀ ਮੰਗਣਾ ਚਾਹੁੰਦਾ ਹਾਂ।"

## ਬ੍ਰਾਜ਼ੀਲ 'ਚ ਹੋਵੇਗਾ ਮਹਿਲਾ ਵਿਸ਼ਵ ਕੱਪ ਫੁੱਟਬਾਲ-2027




**ਬੈਂਕਾਕ, (ਪੰਜਾਬ ਮੇਲ)-** ਮਹਿਲਾ ਵਿਸ਼ਵ ਕੱਪ ਫੁੱਟਬਾਲ 2027 ਵਿਚ ਬ੍ਰਾਜ਼ੀਲ ਵਿਚ ਹੋਵੇਗਾ। ਫੀਫਾ ਦੇ ਮੈਂਬਰਾਂ ਨੇ ਦੱਖਣੀ ਅਮਰੀਕੀ ਦੇਸ਼ ਨੂੰ ਤਰਜੀਹ ਦੇਣ ਤੋਂ ਬ੍ਰਾਜ਼ੀਲ ਵਿਸ਼ਵ ਕੱਪ ਦੀ ਮੇਜ਼ਬਾਨੀ ਕਰੇਗਾ। ਫੀਫਾ ਕਾਂਗਰਸ ਨੇ ਬ੍ਰਾਜ਼ੀਲ ਦੇ ਹੱਕ ਵਿਚ 119 ਵੋਟਾਂ ਪਾਈਆਂ, ਜਦੋਂ ਕਿ ਸਾਂਝੇ ਯੂਰਪੀਅਨ ਦਾਅਵੇ ਦੇ ਹੱਕ 'ਚ 78 ਵੋਟਾਂ ਪਈਆਂ। ਅਮਰੀਕਾ ਅਤੇ ਮੈਕਸੀਕੋ ਨੇ ਪਿਛਲੇ ਮਹੀਨੇ ਸਾਂਝੇ ਪ੍ਰਸਤਾਵ ਨੂੰ ਵਾਪਸ ਲੈ ਲਿਆ ਸੀ, ਜਦੋਂ ਕਿ ਦੱਖਣੀ ਅਫਰੀਕਾ ਨੇ ਨਵੰਬਰ ਵਿਚ ਆਪਣਾ ਦਾਅਵਾ ਵਾਪਸ ਲੈ ਲਿਆ ਸੀ। ਪਹਿਲੀ ਵਾਰ ਮਹਿਲਾ ਫੁੱਟਬਾਲ ਵਿਸ਼ਵ ਕੱਪ ਦੱਖਣ ਅਮਰੀਕੀ ਦੇਸ਼ 'ਚ ਹੋ ਰਿਹਾ ਹੈ। ਟੂਰਨਾਮੈਂਟ ਪਹਿਲੀ ਵਾਰ 1991 ਵਿਚ ਖੇਡਿਆ ਗਿਆ ਸੀ।

# ਸਲੋਹ ਸ਼ਹਿਰ ’ਚ ਬਲਵਿੰਦਰ ਸਿੰਘ ਢਿੱਲੋਂ ਨੇ ਪਹਿਲਾ ਸਿੱਖ ਮੇਅਰ ਬਣ ਰਚਿਆ ਇਤਿਹਾਸ





**ਸਲੋਹ, (ਪੰਜਾਬ ਮੇਲ)-** ਸਥਾਨਕ ਸ਼ਹਿਰ ਸਲੋਹ ਵਿਚ ਕੰਜ਼ਰਵੇਟਿਵ ਪਾਰਟੀ ਦੇ ਕੌਂਸਲਰ ਬਲਵਿੰਦਰ ਸਿੰਘ ਢਿੱਲੋਂ ਨੇ ਪਹਿਲੇ ਸਿੱਖ ਮੇਅਰ ਬਣ ਕੇ ਇਤਿਹਾਸ ਰਚ ਦਿੱਤਾ ਹੈ। ਸਲੋਹ ਵਿਚ ਕੰਜ਼ਰਵੇਟਿਵ ਪਾਰਟੀ ਤੇ ਲਿਬਰਲ ਡੈਮੋਕਰੇਟਸ ਪਾਰਟੀਆਂ ਵਿਚ ਆਪਸੀ ਗਠਜੋੜ ਸਰਕਾਰ ਹੈ ਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਕੌਂਸਲਰ ਬਲਵਿੰਦਰ ਸਿੰਘ ਢਿੱਲੋਂ ਨੂੰ ਮੇਅਰ ਬਣਾਇਆ ਗਿਆ ਹੈ।

ਬਲਵਿੰਦਰ ਢਿੱਲੋਂ ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਕੋਟ ਜਸਪਤ ਦੇ ਰਹਿਣ ਵਾਲੇ ਹਨ, ਜੋ ਕਰੀਬ 50 ਸਾਲ ਪਹਿਲਾਂ ਪੰਜਾਬ ਤੋਂ ਇੰਗਲੈਂਡ ਆਏ ਸਨ। ਸਲੋਹ ਦੇ ਮੇਅਰ ਦਫ਼ਤਰ ਵਿਚ ਹੋਈ ਮੇਅਰ ਚੋਣ ਦੌਰਾਨ ਕੌਂਸਲਰ ਢਿੱਲੋਂ ਨੇ ਲੇਬਰ ਦੇ ਕੌਂਸਲਰ ਡਾਰ ਨੂੰ ਸ਼ਿਕਸਤ ਦਿੱਤੀ ਸੀ। ਇਸ ਮੌਕੇ ਲੇਬਰ ਦੇ 18 ਕੌਂਸਲਰਾਂ ਵਿਚੋਂ 16 ਮੈਂਬਰ ਹੀ ਹਾਜ਼ਰ ਰਹੇ।

ਇਸ ਉਪਰੰਤ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਮੇਅਰ ਕੌਂਸਲਰ ਬਲਵਿੰਦਰ ਸਿੰਘ ਢਿੱਲੋਂ ਤੇ ਲਿਬਰਲ ਡੈਮੋਕਰੇਟਸ ਦੇ ਡਿਪਟੀ ਮੇਅਰ ਕੌਂਸਲਰ ਅਸੀਮ ਨਵੀਦ ਵੱਲੋਂ ਸਰਕਾਰੀ ਭੇਦ ਗੁਪਤ ਰੱਖਣ ਦੀ ਰਸਮ ਅਦਾ ਕੀਤੀ ਗਈ। ਸਲੋਹ ਸ਼ਹਿਰ ਅੰਦਰ ਬੀਤੇ ਕਈ ਸਾਲਾਂ ਤੋਂ ਲੇਬਰ ਪਾਰਟੀ ਦਾ ਬਹੁਮਤ ਬਰਕਰਾਰ ਰਿਹਾ ਹੈ ਪਰ ਬੀਤੇ ਵਰ੍ਹੇ ਹੋਈਆ ਚੋਣਾਂ ਦੌਰਾਨ ਕੰਜ਼ਰਵੇਟਿਵ ਪਾਰਟੀ ਦੇ 21 ਕੌਂਸਲਰ, ਲੇਬਰ ਪਾਰਟੀ ਦੇ 18 ਕੌਂਸਲਰ ਤੇ 3 ਲਿਬਰਲ ਡੈਮੋਕਰੇਟਸ ਕੌਂਸਲਰ ਜਿੱਤੇ ਸਨ ਤੇ ਕੰਜ਼ਰਵੇਟਿਵ ਪਾਰਟੀ ਤੇ ਲਿਬਰਲ ਡੈਮੋਕਰੇਟਸ ਪਾਰਟੀਆਂ ਨੇ ਆਪਸੀ ਗਠਜੋੜ ਕਰਕੇ ਲੇਬਰ ਕਬਜ਼ੇ ਵਾਲੇ ਸ਼ਹਿਰ ਵਿਚ ਸਰਕਾਰ ਬਣਾ ਕੇ ਇਤਿਹਾਸ ਰਚਿਆ ਸੀ।

ਇਸ ਮੌਕੇ ਸਲੋਹ ਦੇ ਕੌਂਸਲਰਾਂ ਤੋਂ ਇਲਾਵਾ ਸਾਬਕਾ ਕੌਂਸਲਰ ਗੁਰਦੀਪ ਸਿੰਘ ਗਰੇਵਾਲ, ਜਸਵੰਤ ਸਿੰਘ ਢਿੱਲੋਂ, ਕੌਂਸਲਰ ਇਸਰਤ ਸ਼ਾਹ, ਸਾਬਕਾ ਮੇਅਰ ਮੇਵਾ ਸਿੰਘ ਮਾਨ ਤੇ ਰਵੀ ਬੌਲਾਨੀਆ ਸਮੇਤ ਵੱਡੀ ਗਿਣਤੀ ਵਿੱਚ ਰਿਸ਼ਤੇਦਾਰ ਤੇ ਦੋਸਤ ਹਾਜ਼ਰ ਸਨ। ਇਸ ਮੌਕੇ ਲੇਬਰ ਪਾਰਟੀ ਦੇ ਐੱਮ.ਪੀ. ਤਨਮਨਜੀਤ ਸਿੰਘ ਢੇਸੀ ਵੀ ਮੌਜੂਦ ਸਨ।

# ਭਾਰਤੀਆਂ ਨੂੰ ਵੀਜ਼ਾ ਮੁਕਤ ਐਂਟਰੀ ਦੇਵੇਗਾ ਰੂਸ; ਜਲਦ ਹੋਵੇਗਾ ਐਲਾਨ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਅਤੇ ਰੂਸ ਦੀ ਦੋਸਤੀ ਵਿੱਚ ਇੱਕ ਹੋਰ ਅਧਿਆਏ ਜੋੜਦੇ ਹੋਏ ਰੂਸ ਨੇ ਭਾਰਤੀਆਂ ਲਈ ਇੱਕ ਵਿਸ਼ੇਸ਼ ਯੋਜਨਾ ਦਾ ਐਲਾਨ ਕੀਤਾ ਹੈ। ਭਾਰਤ ਅਤੇ ਰੂਸ ਦੋਵਾਂ ਦੇਸ਼ਾਂ ਵਿਚਾਲੇ ਯਾਤਰਾ ਨੂੰ ਆਸਾਨ ਬਣਾਉਣ ਲਈ ਵੀਜ਼ਾ ਮੁਕਤ ਸਮਝੌਤੇ ’ਤੇ ਦਸਤਖ਼ਤ ਹੋਣ ਵਾਲੇ ਹਨ। ਇਸ ਦੁਵੱਲੇ ਸਮਝੌਤੇ ’ਤੇ ਰੂਸ ਅਤੇ ਭਾਰਤ ਵਿਚਾਲੇ ਸਲਾਹ-ਮਸ਼ਵਰਾ ਜੂਨ ’ਚ ਸ਼ੁਰੂ ਹੋਵੇਗਾ। ਰੂਸੀ ਮੰਤਰੀ ਨੇ ਕਿਹਾ ਹੈ ਕਿ ਮਾਸਕੋ ਅਤੇ ਨਵੀਂ ਦਿੱਲੀ ਵੀਜ਼ਾ-ਮੁਕਤ ਸਮੂਹ ਟੂਰਿਸਟ ਐਕਸਚੇਂਜ ਸ਼ੁਰੂ ਕਰਕੇ ਆਪਣੇ ਸੈਰ-ਸਪਾਟਾ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਆਰ.ਟੀ. ਨਿਊਜ਼ ਨੇ ਰੂਸੀ ਆਰਥਿਕ ਵਿਕਾਸ ਮੰਤਰਾਲੇ ਦੇ ਬਹੁ-ਪੱਖੀ ਆਰਥਿਕ ਸਹਿਯੋਗ ਅਤੇ ਵਿਸ਼ੇਸ਼ ਪ੍ਰੋਜੈਕਟਾਂ ਦੇ ਵਿਭਾਗ ਦੀ ਡਾਇਰੈਕਟਰ ਨਿਕਿਤਾ ਕੋਂਦ੍ਰਤਯੇਵ ਦੇ ਹਵਾਲੇ ਨਾਲ ਕਿਹਾ, “ਭਾਰਤ ਨਾਲ ਵੀਜ਼ਾ ਮੁਕਤ ਸਮਝੌਤੇ ’ਤੇ ਗੱਲਬਾਤ ਅੰਤਿਮ ਪੜਾਅ ’ਤੇ ਹੈ”। ਇੰਨਾ ਹੀ ਨਹੀਂ, ਕੋਂਡਰਾਤਯੇਵ ਨੇ ਕਿਹਾ ਕਿ ਰੂਸ, ਚੀਨ ਅਤੇ ਈਰਾਨ ਦੇ ਨਾਲ ਪਹਿਲਾਂ ਤੋਂ ਹੀ ਸਥਾਪਿਤ ਵੀਜ਼ਾ-ਮੁਕਤ ਟੂਰਿਸਟ ਐਕਸਚੇਂਜ ਦੀ ਸਫਲਤਾ ਨੂੰ ਦੁਹਰਾਉਣ ਦੀ ਯੋਜਨਾ ਬਣਾ ਰਿਹਾ ਹੈ।

ਰੂਸ ਅਤੇ ਚੀਨ ਨੇ ਪਿਛਲੇ ਸਾਲ 1 ਅਗਸਤ ਨੂੰ ਆਪਣੇ ਵੀਜ਼ਾ ਮੁਕਤ ਸਮੂਹ ਟੂਰਿਸਟ ਐਕਸਚੇਂਜ ਦੀ ਸ਼ੁਰੂਆਤ ਕੀਤੀ ਸੀ। ਇਸੇ ਤਰ੍ਹਾਂ, ਰੂਸ ਅਤੇ ਈਰਾਨ ਵਿਚਕਾਰ ਵੀਜ਼ਾ-ਮੁਕਤ ਸਮੂਹ ਸੈਲਾਨੀ ਆਦਾਨ-ਪ੍ਰਦਾਨ ਉਸੇ ਤਾਰੀਖ ਨੂੰ ਸ਼ੁਰੂ ਹੋਇਆ, ਜਿਸ ਨਾਲ ਸੈਰ-ਸਪਾਟਾ ਸਹਿਯੋਗ ਦੇ ਨਵੇਂ ਯੁੱਗ ਦੀ ਸ਼ੁਰੂਆਤ

# ਯੂ.ਏ.ਈ. ਵੱਲੋਂ 10 ਸਾਲਾ ਬਲੂ ਰੈਜ਼ੀਡੈਂਸ ਵੀਜ਼ਾ ਸ਼ੁਰੂ



**ਦੁਬਈ, (ਪੰਜਾਬ ਮੇਲ)-** ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਪ੍ਰਧਾਨ ਮੰਤਰੀ ਅਤੇ ਦੁਬਈ ਦੇ ਸ਼ਾਸਕ ਸ਼ੇਖ ਮੁਹੰਮਦ ਬਿਨ ਰਾਸ਼ਿਦ ਨੇ 15 ਮਈ ਨੂੰ ਦੇਸ਼ ਲਈ 10 ਸਾਲਾਂ ਲਈ ਬਲੂ ਵੀਜ਼ਾ ਜਾਰੀ ਕਰਨ ਦਾ ਐਲਾਨ ਕੀਤਾ। ਇਹ ਵੀਜ਼ਾ ਉਸ ਵਿਸ਼ੇਸ਼ ਸ਼ਖ਼ਸੀਅਤ ਨੂੰ ਦਿੱਤਾ ਜਾਵੇਗਾ, ਜਿਸ ਨੇ ਵਾਤਾਵਰਨ ਸੁਰੱਖਿਆ ਲਈ ਜ਼ਿਕਰਯੋਗ ਕੰਮ ਕੀਤਾ ਹੈ। ਵਾਤਾਵਰਣ ਪ੍ਰਤੀ ਯੂ.ਏ.ਈ. ਦੀ ਮਜ਼ਬੂਤ ਵਚਨਬੱਧਤਾ ਨੂੰ ਦਰਸਾਉਂਦੇ ਹੋਏ, ਪ੍ਰਧਾਨ ਮੰਤਰੀ ਨੇ ਜ਼ੋਰ ਦਿੱਤਾ, ‘ਸਾਡੀ ਆਰਥਿਕਤਾ ਦੀ ਸਥਿਰਤਾ ਸਾਡੇ ਵਾਤਾਵਰਣ ਦੀ ਸਥਿਰਤਾ ਨਾਲ ਜੁੜੀ ਹੋਈ ਹੈ। ਇਸ ਖੇਤਰ ਵਿਚ ਸਾਡੇ ਦੇਸ਼ ਦਾ ਮਾਰਗ ਸਪੱਸ਼ਟ ਅਤੇ ਇਕਸਾਰ ਹੈ।’

ਮੁਹੰਮਦ ਬਿਨ ਰਾਸ਼ਿਦ ਨੇ ਕੈਬਨਿਟ ਦੀ ਮੀਟਿੰਗ ਦੌਰਾਨ ਵਾਤਾਵਰਣ ਦੀ ਸੁਰੱਖਿਆ, ਅਤਿ-ਆਧੁਨਿਕ ਅੰਤਰਰਾਸ਼ਟਰੀ ਤਕਨਾਲੋਜੀ ਨੂੰ ਅਪਣਾਉਣ ਅਤੇ ਉੱਚ ਸਿੱਖਿਆ ਪ੍ਰਣਾਲੀ ਨੂੰ ਵਧਾਉਣ ਲਈ ਦੇਸ਼ ਦੇ ਦ੍ਰਿੜ੍ਹ ਸੰਕਲਪ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਬਲੂ ਵੀਜ਼ਾ ਦੇਸ਼ ਦੇ ਲੰਬੇ ਸਮੇਂ ਦੇ ਉਦੇਸ਼ਾਂ ਲਈ ਵਾਤਾਵਰਣ ਦੀ ਸੁਰੱਖਿਆ ਅਤੇ ਤਰੱਕੀ ਲਈ ਸ਼ੁਰੂ ਕੀਤਾ ਗਿਆ ਹੈ।

ਯੂ.ਏ.ਈ. ਵਾਤਾਵਰਨ ਚੈਂਪੀਅਨਜ਼ ਲਈ ਇਸ ਸੁਨਹਿਰੀ ਪਹਿਲ ਨੂੰ ਲੈ ਕੇ ਆਇਆ ਹੈ। ਇਸ ਨੂੰ ‘ਬਲੂ ਰੈਜ਼ੀਡੈਂਸੀ’ ਵਜੋਂ ਜਾਣਿਆ ਜਾਂਦਾ ਹੈ। ਇਹ 10-ਸਾਲਾ ਵੀਜ਼ਾ ਵਿਸ਼ੇਸ਼ ਤੌਰ ’ਤੇ ਉਨ੍ਹਾਂ ਵਿਅਕਤੀਆਂ ਲਈ ਤਿਆਰ ਕੀਤਾ ਗਿਆ ਹੈ, ਜਿਨ੍ਹਾਂ ਨੇ ਦੇਸ਼ ਦੇ ਅੰਦਰ ਜਾਂ ਬਾਹਰ ਵਾਤਾਵਰਣ ਸੁਰੱਖਿਆ ਪ੍ਰਤੀ ਬੇਮਿਸਾਲ ਕੰਮ ਜਾਂ ਸਮਰਪਣ ਦਿਖਾਇਆ ਹੈ। ਪਹਿਲਕਦਮੀ ਦਾ ਉਦੇਸ਼ ਵਾਤਾਵਰਣ ਸੁਰੱਖਿਆ ਅਤੇ ਸਥਿਰਤਾ ਪ੍ਰਤੀ ਦੇਸ਼ ਦੀ ਵਚਨਬੱਧਤਾ ਅਨੁਸਾਰ ਯੂ.ਏ.ਈ. ਦੇ ਅੰਦਰ ਅਤੇ ਬਾਹਰ ਸਥਿਰਤਾ ਨੂੰ ਉਤਸ਼ਾਹਿਤ ਕਰਨਾ ਹੈ।

ਬਲੂ ਵੀਜ਼ਾ ਯੂ.ਏ.ਈ. ਵਿਚ ਇੱਕ ਕਿਸਮ ਦਾ ਵਿਸ਼ੇਸ਼ ਨਿਵਾਸੀ ਪਰਮਿਟ ਹੈ। ਸਿਰਫ਼ ਉਹੀ ਲੋਕ ਇਸ ਵੀਜ਼ੇ ਲਈ ਯੋਗ ਹੋਣਗੇ, ਜਿਨ੍ਹਾਂ ਨੇ ਸਮੁੰਦਰੀ ਜੀਵਨ, ਜ਼ਮੀਨੀ-ਆਧਾਰਿਤ ਈਕੋਸਿਸਟਮ, ਹਵਾ ਦੀ ਗੁਣਵੱਤਾ, ਵਾਤਾਵਰਣ-ਅਨੁਕੂਲ ਤਕਨਾਲੋਜੀ, ਸਰਕੂਲਰ ਅਰਥਵਿਵਸਥਾ ਸਮੇਤ ਵੱਖ-ਵੱਖ ਵਾਤਾਵਰਨ ਡੋਮੇਨਾਂ ਵਿਚ ਕਮਾਲ ਦੀ ਵਚਨਬੱਧਤਾ ਅਤੇ ਪ੍ਰਭਾਵ ਦਿਖਾਇਆ ਹੈ।

ਯੋਗ ਵਿਅਕਤੀ ਫੈਡਰਲ ਸਰਟੀਫ਼ਿਕੇਟ ਆਫ਼ ਆਈਡੈਂਟਿਟੀ, ਡਿਪਾਰਟਮੈਂਟ ਆਫ਼ ਸਿਟੀਜ਼ਨਸ਼ਿਪ, ਕਸਟਮਜ਼ ਅਤੇ ਪੋਰਟ ਪ੍ਰੋਟੈਕਸ਼ਨ (ਆਈ.ਸੀ.ਪੀ.) ਅਥਾਰਟੀ ਰਾਹੀਂ ਬਲੂ ਵੀਜ਼ਾ ਲਈ ਅਰਜ਼ੀ ਦੇ ਸਕਦੇ ਹਨ। ਇਨ੍ਹਾਂ ਵਿਭਾਗਾਂ ਨਾਲ ਸਬੰਧਤ ਅਧਿਕਾਰੀ ਵੀ ਇਨ੍ਹਾਂ ਨੂੰ ਨਾਮਜ਼ਦ ਕਰ ਸਕਦੇ ਹਨ। ਬਲੂ ਵੀਜ਼ਾ ਧਾਰਕ ਨੂੰ ਸੰਯੁਕਤ ਅਰਬ ਅਮੀਰਾਤ ਵਿਚ ਲੰਬੇ ਸਮੇਂ ਲਈ ਨਿਵਾਸ, ਵਾਤਾਵਰਨ ਪ੍ਰੋਜੈਕਟਾਂ ਵਿਚ ਸਹਿਯੋਗ ਕਰਨ ਦੇ ਮੌਕੇ, ਫੰਡਿੰਗ ਅਤੇ ਸਰੋਤਾਂ ਤੱਕ ਪਹੁੰਚ ਅਤੇ ਵਾਤਾਵਰਣ ਸੁਰੱਖਿਆ ਵਿਚ

# ਅਮਰੀਕਾ ’ਚ ਭਾਰਤੀ ਵਿਦਿਆਰਥੀਆਂ ਦਾ ਦਬਦਬਾ

- 2024-25 ਦੇ ਸੈਸ਼ਨ ’ਚ ਰਿਕਾਰਡ 5.20 ਲੱਖ ਭਾਰਤੀ ਵਿਦਿਆਰਥੀ ਹੋਣਗੇ ਦਾਖਲ
- ਯੂਨੀਵਰਸਿਟੀਆਂ ’ਚ ਖਾਲੀ ਸੀਟਾਂ ਕਾਰਨ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਕੋਟਾ ਵਧਿਆ

**ਭਾਰਤੀ ਵਿਦਿਆਰਥੀ 10 ਸਾਲਾਂ ਵਿਚ 5 ਗੁਣਾ (ਗਿਣਤੀ ਲੱਖਾਂ ਵਿਚ)**

| | |
|---|---|
| 2019-20 | 1.93* |
| 2020-21 | 1.68 |
| 2021-22 | 2.00 |
| 2022-23 | 2.69 |
| 2023-24 | 3.40 |
| 2024-25 | 5.20 |
| 2029-30 | 10.0 |

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ’ਚ ਭਾਰਤੀ ਵਿਦਿਆਰਥੀਆਂ ਦਾ ਦਬਦਬਾ ਵੱਧਦਾ ਜਾ ਰਿਹਾ ਹੈ। ਅਗਸਤ-ਸਤੰਬਰ ਤੋਂ ਸ਼ੁਰੂ ਹੋਣ ਵਾਲੇ 2024-25 ਦੇ ਸੈਸ਼ਨ ’ਚ ਰਿਕਾਰਡ 5.20 ਲੱਖ ਭਾਰਤੀ ਵਿਦਿਆਰਥੀ ਦਾਖਲ ਹੋਣਗੇ। ਇਹ 2023-24 ਦੇ ਮੁਕਾਬਲੇ 1 ਲੱਖ 80 ਹਜ਼ਾਰ, ਯਾਨੀ 53 ਫੀਸਦੀ ਜ਼ਿਆਦਾ ਹੋਵੇਗਾ। ਰਿਪੋਰਟ ਅਨੁਸਾਰ 2023-24 ਵਿਚ ਭਾਰਤੀ ਵਿਦਿਆਰਥੀ ਅਮਰੀਕਾ ਵਿਚ ਪੜ੍ਹ ਰਹੇ ਕੁੱਲ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਲਗਭਗ ਇੱਕ ਚੌਥਾਈ ਬਣ ਗਏ। ਅਮਰੀਕਾ ’ਚ ਵਿਦੇਸ਼ੀ ਵਿਦਿਆਰਥੀਆਂ ’ਚ ਸਭ ਤੋਂ ਜ਼ਿਆਦਾ ਭਾਰਤੀ ਹਨ। ਇੱਥੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 2030 ਤੱਕ ਵਧ ਕੇ 10 ਲੱਖ ਹੋ ਜਾਵੇਗੀ। ਭਾਰਤੀ ਵਿਦਿਆਰਥੀ ਅਮਰੀਕੀ ਯੂਨੀਵਰਸਿਟੀਆਂ ਲਈ ਆਮਦਨ ਦਾ ਸਭ ਤੋਂ ਵੱਡਾ ਸਰੋਤ ਹਨ। ਭਾਰਤੀ ਵਿਦਿਆਰਥੀ ਯੂਨੀਵਰਸਿਟੀਆਂ ਦੁਆਰਾ ਪ੍ਰਾਪਤ ਫੀਸਾਂ ਦਾ 20 ਫੀਸਦੀ ਅਦਾ ਕਰਦੇ ਹਨ।

ਉੱਚ ਸਿੱਖਿਆ ਪ੍ਰਤੀ ਅਮਰੀਕੀ ਵਿਦਿਆਰਥੀਆਂ ਵਿਚ ਝਿਜਕ ਹੈ। ਵਾਲ ਸਟਰੀਟ ਅਤੇ ਸ਼ਿਕਾਗੋ ਯੂਨੀਵਰਸਿਟੀ ਦੀਆਂ ਰਿਪੋਰਟਾਂ ਅਨੁਸਾਰ 10 ਸਾਲਾਂ ਵਿਚ ਅਮਰੀਕੀ ਵਿਦਿਆਰਥੀਆਂ ਦੇ ਦਾਖਲੇ ਵਿਚ 16 ਫੀਸਦੀ ਦੀ ਗਿਰਾਵਟ ਆਈ ਹੈ। ਜਦੋਂਕਿ ਇਸ ਸਮੇਂ ਦੌਰਾਨ ਅਮਰੀਕਾ ਦੀ ਆਬਾਦੀ ਵਿਚ 8 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਸੀ। ਰਿਪੋਰਟ ਅਨੁਸਾਰ 2030 ਤੱਕ ਅਮਰੀਕੀ ਵਿਦਿਆਰਥੀਆਂ ਦੇ ਦਾਖਲੇ ਵਿਚ 30 ਫੀਸਦੀ ਦੀ ਗਿਰਾਵਟ ਆਉਣ ਦੀ ਸੰਭਾਵਨਾ ਹੈ।

ਸਿੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਬਾਇਡਨ ਸਰਕਾਰ ਵੱਲੋਂ ਵਿਦਿਆਰਥੀ ਸ਼੍ਰੇਣੀ ਐੱਫ ਅਤੇ ਐੱਮ ਵੀਜ਼ਿਆਂ ਲਈ ਅਰਜ਼ੀਆਂ ਹੁਣ ਇਕ ਸਾਲ ਪਹਿਲਾਂ ਦਿੱਤੀਆਂ ਜਾ ਸਕਦੀਆਂ ਹਨ। ਇਸ ਨਾਲ ਵਿਦਿਆਰਥੀਆਂ ਨੂੰ ਅਮਰੀਕਾ ਦਾ ਵੀਜ਼ਾ ਮਿਲਣ ਦੀ ਗਾਰੰਟੀ ਹੋ ਜਾਂਦੀ ਹੈ। ਦੋ ਸਾਲ ਪਹਿਲਾਂ ਤੱਕ ਵਿਦਿਆਰਥੀਆਂ ਨੂੰ 3 ਮਹੀਨੇ ਪਹਿਲਾਂ ਅਪਲਾਈ ਕਰਨਾ ਪੈਂਦਾ ਸੀ। ਅਜਿਹੇ ’ਚ ਵੀਜ਼ਾ ਨੂੰ ਲੈ ਕੇ ਵਿਦਿਆਰਥੀਆਂ ’ਚ ਅਨਿਸ਼ਚਿਤਤਾ ਬਣੀ ਰਹਿੰਦੀ ਸੀ।

# ਗਰਮੀ ਵਧਣ ਨਾਲ ਡੇਂਗੂ ਤੇ ਚਿਕਨਗੁਨੀਆਂ ਦੇ ਕੇਸ ਆਏ ਸਾਹਮਣੇ

- ਸਿਹਤ ਵਿਭਾਗ ਵਲੋਂ ਸਖ਼ਤ ਹਦਾਇਤਾਂ ਜਾਰੀ

**ਅੰਮ੍ਰਿਤਸਰ, (ਪੰਜਾਬ ਮੇਲ)-** ਗਰਮੀ ਕਾਰਨ ਤਾਪਮਾਨ ’ਚ ਵਾਧਾ ਹੁੰਦਿਆਂ ਹੀ ਡੇਂਗੂ ਅਤੇ ਚਿਕਨਗੁਨੀਆਂ ਦੀ ਬੀਮਾਰੀ ਅੰਮ੍ਰਿਤਸਰੀਆਂ ਨੂੰ ਆਪਣੇ ਲਪੇਟ ’ਚ ਲੈਣ ਲੱਗ ਪਈ ਹੈ। ਸਿਹਤ ਵਿਭਾਗ ਵੱਲੋਂ ਬੀਮਾਰੀ ਦੀ ਸ਼ੁਰੂਆਤ ਦੌਰਾਨ ਜ਼ਿਲ੍ਹੇ ਵਿਚ ਚਿਕਨਗੁਨੀਆਂ ਦੇ 3 ਅਤੇ ਡੇਂਗੂ ਦੇ 2 ਪਾਜ਼ੀਟਿਵ ਮਾਮਲੇ ਰਿਪੋਰਟ ਕੀਤੇ ਹਨ, ਜਦਕਿ ਪਿਛਲੇ ਸਾਲ ਚਿਕਨਗੁਨੀਆਂ ਦੇ 531 ਅਤੇ ਡੇਂਗੂ ਦੇ 651 ਮਾਮਲੇ ਰਿਪੋਰਟ ਕੀਤੇ ਗਏ ਸਨ। ਵਿਭਾਗ ਵੱਲੋਂ ਜ਼ਿਲ੍ਹੇ ਵਿਚ ਵੱਖ-ਵੱਖ ਥਾਵਾਂ ’ਤੇ ਡੇਂਗੂ ਅਤੇ ਚਿਕਨਗੁਨੀਆਂ ਦੇ 20 ਹਾਟ ਸਪਾਟ ਕੇਂਦਰ ਬਣਾ ਦਿੱਤੇ ਹਨ।

ਵਿਭਾਗ ਵੱਲੋਂ ਉਕਤ ਬੀਮਾਰੀਆਂ ਨੂੰ ਲੈ ਕੇ ਜਿੱਥੇ ਸਰਕਾਰੀ ਹਸਪਤਾਲਾਂ ਵਿਚ ਮੁਕੰਮਲ ਪ੍ਰਬੰਧ ਕਰਨ ਦਾ ਦਾਅਵਾ ਕੀਤਾ ਗਿਆ ਹੈ, ਉਥੇ ਹੀ ਗਠਿਤ ਵੱਖ-ਵੱਖ ਟੀਮਾਂ ਨੂੰ ਹਦਾਇਤ ਕੀਤੀ ਹੈ ਕਿ ਜਿਸ ਵਿਅਕਤੀ ਦੇ ਘਰ ਵਿਚੋਂ ਡੇਂਗੂ ਦਾ ਲਾਰਵਾ ਮਿਲਦਾ ਹੈ, ਉਸ ਦਾ ਤੁਰੰਤ ਜੁਰਮਾਨੇ ਵਜੋਂ ਚਲਾਨ ਕੱਟਿਆ ਜਾਵੇ। ਇਹ ਬੀਮਾਰੀਆਂ ਅਜਿਹੀਆਂ ਹਨ, ਜਿਨ੍ਹਾਂ ਦਾ ਸਮੇਂ ਸਿਰ ਇਲਾਜ ਨਾ ਕਰਵਾਇਆ ਜਾਵੇ, ਤਾਂ ਇਹ ਜਾਨਲੇਵਾ ਸਾਬਤ ਹੋ ਸਕਦੀਆਂ ਹਨ।

ਜਾਣਕਾਰੀ ਅਨੁਸਾਰ ਮੌਸਮ ਦੇ ਬਦਲਣ ਤੋਂ ਬਾਅਦ ਗਰਮੀ ਕਾਰਨ ਤਾਪਮਾਨ ਵਿਚ ਇਜਾਫਾ ਹੋਣ ਦੇ ਨਾਲ ਹੀ ਡੇਂਗੂ ਵਾਲਾ ਮੱਛਰ ਲੋਕਾਂ ਨੂੰ ਆਪਣੀ ਜਕੜ ਵਿਚ ਲੈਣ ਲੱਗ ਪਿਆ ਹੈ। ਇਹ ਇਕ ਅਜਿਹਾ ਮੱਛਰ ਹੈ, ਜੋ ਸਾਫ ਪਾਣੀ ਵਿਚ ਪੈਦਾ ਹੁੰਦਾ ਹੈ ਅਤੇ ਸਵੇਰ ਅਤੇ ਸ਼ਾਮ ਦੇ ਸਮੇਂ ਕੱਟਦਾ ਹੈ। ਇਸ ਬੀਮਾਰੀ ਦਾ ਜੇਕਰ ਸਮੇਂ ’ਤੇ ਇਲਾਜ ਨਾ ਕਰਵਾਇਆ ਜਾਵੇ, ਤਾਂ ਮਰੀਜ਼ ਦੀ ਜਾਨ ਵੀ ਜਾ ਸਕਦੀ ਹੈ। ਇਸ ਤੋਂ ਇਲਾਵਾ ਚਿਕਨਗੁਨੀਆਂ ਦੀ ਬੀਮਾਰੀ ਵੀ ਤੇਜ਼ੀ ਨਾਲ ਜ਼ਿਲ੍ਹੇ ਵਿਚ ਆਪਣੇ ਪੈਰ ਪਸਾਰ ਰਹੀ ਹੈ। ਇਹ ਬੀਮਾਰੀ ਵੀ ਮੱਛਰ ਦੇ ਕੱਟਣ ਤੋਂ ਬਾਅਦ ਆਪਣਾ ਪ੍ਰਭਾਵ ਦਿਖਾਉਂਦੀ ਹੈ। ਇਹ ਇਕ ਅਜਿਹੀ ਬੀਮਾਰੀ ਹੈ, ਜਿਸ ਦੇ ਲੱਛਣ ਬੇਹੱਦ ਖ਼ਤਰਨਾਕ ਹਨ ਅਤੇ ਮਰੀਜ਼ ਦੇ ਸਰੀਰ ਵਿਚ ਬੇਹੱਦ ਦਰਦਨਾਕ ਦਰਦਾਂ ਨਿਕਲਦੀਆਂ ਹਨ। ਵਿਭਾਗ ਵੱਲੋਂ ਲੋਕਾਂ ਨੂੰ ਡੇਂਗੂ ਅਤੇ ਚਿਕਨਗੁਨੀਆਂ ਦੀ ਬੀਮਾਰੀ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ।

# ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਦੇ ਭਤੀਜੇ ਦਾ ਕਾਤਲ ਗ੍ਰਿਫ਼ਤਾਰ



**ਅੰਮ੍ਰਿਤਸਰ, (ਪੰਜਾਬ ਮੇਲ)-** ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਕਰਤਾਰ ਸਿੰਘ ਭਿੰਡਰਾਂਵਾਲਾ ਦੇ ਭਤੀਜੇ ਬਾਬਾ ਬਲਵਿੰਦਰ ਸਿੰਘ ਦੇ ਕਤਲ ਮਾਮਲੇ ’ਚ ਪੁਲਿਸ ਨੇ 12 ਦਿਨਾਂ ਮਗਰੋਂ ਬਾਬਾ ਬਲਵਿੰਦਰ ਸਿੰਘ ਦੇ ਕਾਤਲ ਨੂੰ ਕਾਬੂ ਕੀਤਾ। ਮਿਲੀ ਜਾਣਕਾਰੀ ਮੁਤਾਬਕ ਇਹ ਕਤਲ ਉਨ੍ਹਾਂ ਦੇ ਸੇਵਾਦਾਰ ਵੱਲੋਂ ਕੀਤਾ ਗਿਆ ਸੀ, ਜੋ ਕਿ ਵਾਰਦਾਤ ਤੋਂ ਬਾਅਦ ਫਰਾਰ ਹੋ ਗਿਆ ਸੀ।

ਐੱਸ.ਐੱਸ.ਪੀ. ਬਟਾਲਾ ਅਸ਼ਵਨੀ ਗੋਟਿਆਲ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਦੋਸ਼ੀ ਨੌਜਵਾਨ ਰਮਨਦੀਪ ਸਿੰਘ ਗੁਰੂਘਰ ਵਿਚ ਬਾਬਾ ਬਲਵਿੰਦਰ ਸਿੰਘ ਨਾਲ ਰਹਿੰਦਾ ਸੀ ਅਤੇ ਉਨ੍ਹਾਂ ਦੀ ਸੇਵਾ-ਸੰਭਾਲ ਦਾ ਕੰਮ ਕਰਦਾ ਸੀ। ਘਟਨਾ ਵਾਲੀ ਰਾਤ ਰਮਨਦੀਪ ਸਿੰਘ, ਬਾਬਾ ਬਲਵਿੰਦਰ ਸਿੰਘ ਦੀ ਮਾਲਿਸ਼ ਕਰ ਰਿਹਾ ਸੀ, ਜਿਸ ਦੌਰਾਨ ਹੀ ਦੋਵਾਂ ਦਾ ਕਿਸੇ ਗੱਲ ’ਤੇ ਝਗੜਾ ਹੋ ਗਿਆ। ਬਾਬਾ ਬਲਵਿੰਦਰ ਸਿੰਘ ਨੇ ਰਮਨਦੀਪ ਨੂੰ ਲੱਤ ਮਾਰ ਦਿੱਤੀ, ਜਿਸ ’ਤੇ ਗੁੱਸੇ ਵਿਚ ਆਕੇ ਰਮਨਦੀਪ ਨੇ ਕਿਰਚ ਨਾਲ ਬਾਬਾ ਬਲਵਿੰਦਰ ਸਿੰਘ ਨੂੰ ਮਾਰ ਦਿੱਤਾ।

ਉਨ੍ਹਾਂ ਦੱਸਿਆ ਕਿ ਵਾਰਦਾਤ ਤੋਂ ਬਾਅਦ ਰਮਨਦੀਪ ਸਿੰਘ ਫਰਾਰ ਹੋ ਗਿਆ ਸੀ। ਬਟਾਲਾ ਪੁਲਿਸ ਨੇ ਦੋਸ਼ੀ ਨੂੰ ਚਿੱਟੀ ਗਰਾਊਂਡ ਦੇ ਨੇੜਿਓਂ ਫੜਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਮੇਂ ਦੌਰਾਨ ਰਮਨਦੀਪ ਵੱਖ-ਵੱਖ ਥਾਵਾਂ ’ਤੇ ਜਾ ਕੇ ਪੁਲਿਸ ਤੋਂ ਲੁਕਦਾ ਰਿਹਾ। ਦੋਸ਼ੀ ਵੱਲੋਂ ਕਤਲ ਕਰਨ ਲਈ ਵਰਤੀ ਗਈ ਕਿਰਚ ਵੀ ਬਰਾਮਦ ਕਰ ਲਈ ਗਈ ਹੈ ਅਤੇ ਕੇਸ ਦਰਜ ਕਰਦੇ ਹੋਏ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਬੀਤੀ 1 ਮਈ ਰਾਤ ਨੂੰ ਕਸਬਾ ਘੁਮਾਣ ਦੇ ਨਜ਼ਦੀਕ ਗੁਰਦੁਆਰਾ ਗੁਰੂ ਰਾਮਦਾਸ ਸਾਹਿਬ ਜੀ ਅਠਵਾਲ ਪੁਲ ’ਤੇ ਬਲਵਿੰਦਰ ਸਿੰਘ ਖਾਲਸਾ ਨੂੰ ਕਤਲ ਕਰ ਦਿੱਤਾ ਗਿਆ ਸੀ।

# ਐੱਨ.ਆਈ.ਏ. ਦੇ ਸਾਬਕਾ ਡਾਇਰੈਕਟਰ ਜਨਰਲ ਦਿਨਕਰ ਗੁਪਤਾ ਨੂੰ ਜ਼ੈੱਡ-ਪਲੱਸ ਸੁਰੱਖਿਆ



**ਨਵੀਂ ਦਿੱਲੀ, (ਪੰਜਾਬ ਮੇਲ)-** ਕੇਂਦਰ ਸਰਕਾਰ ਵੱਲੋਂ ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਦੇ ਸਾਬਕਾ ਡਾਇਰੈਕਟਰ ਜਨਰਲ (ਡੀ.ਜੀ.) ਦਿਨਕਰ ਗੁਪਤਾ ਨੂੰ ਖਾਲਿਸਤਾਨ ਪੱਖੀ ਅਨਸਰਾਂ ਤੋਂ ਸੰਭਾਵੀ ਖ਼ਤਰੇ ਦੇ ਮੱਦੇਨਜ਼ਰ ਜ਼ੈੱਡ-ਪਲੱਸ ਸ਼੍ਰੇਣੀ ਦੀ ਵੀ.ਆਈ.ਪੀ. ਸੁਰੱਖਿਆ ਛੱਤਰੀ ਮੁਹੱਈਆ ਕਰਵਾਈ ਗਈ ਹੈ। ਅਧਿਕਾਰਤ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਪੰਜਾਬ ਪੁਲਿਸ ਦੇ ਸਾਬਕਾ ਡੀ.ਜੀ.ਪੀ. ਦਿਨਕਰ ਗੁਪਤਾ ਅਪ੍ਰੈਲ ਮਹੀਨੇ ਸੇਵਾਮੁਕਤ ਹੋਏ ਸਨ। ਸੂਤਰਾਂ ਨੇ ਦੱਸਿਆ ਕਿ 1987 ਬੈਚ ਦੇ ਆਈ.ਪੀ.ਐੱਸ. ਅਧਿਕਾਰੀ ਦੀ ਸੁਰੱਖਿਆ ਦਾ ਜ਼ਿੰਮਾ ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐੱਫ.) ਦੇ ਵੀ.ਆਈ.ਪੀ. ਸਕਿਉਰਿਟੀ ਵਿੰਗ ਨੂੰ ਸੌਂਪਿਆ ਗਿਆ ਹੈ। ਸੂਤਰਾਂ ਨੇ ਦੱਸਿਆ ਕਿ ਗੁਪਤਾ ਦੀ ਪੰਜਾਬ ਤੇ ਦਿੱਲੀ ਵਿਚ ਮੌਜੂਦਗੀ ਦੌਰਾਨ ਸੀ.ਆਰ.ਪੀ.ਐੱਫ. ਦੇ 40 ਮੈਂਬਰੀ ਦਸਤੇ ਦੇ ਜਵਾਨ ਵਾਰੀ ਸਿਰ ਉਨ੍ਹਾਂ ਦੀ ਸੁਰੱਖਿਆ ’ਚ ਤਾਇਨਾਤ ਰਹਿਣਗੇ।


# ਭਾਰਤੀ ਮੂਲ ਦੇ ਪੰਜਾਬੀ ਰਵਿੰਦਰ ਸਿੰਘ ਕਾਹਲੋਂ ’ਤੇ ਨਫ਼ਰਤੀ ਹਮਲਾ

**ਕੈਲੀਫੋਰਨੀਆ, (ਪੰਜਾਬ ਮੇਲ)-** ਸਥਾਨਕ ਭਾਈਚਾਰਕ ਕੰਮਾਂ ’ਚ ਵਿਚਰਨ ਵਾਲੇ ਰਵਿੰਦਰ ਸਿੰਘ ਕਾਹਲੋਂ ਨੂੰ ਉਸ ਸਮੇਂ ਨਫਰਤੀ ਹਮਲੇ ਦਾ ਸਾਹਮਣਾ ਕਰਨਾ ਪਿਆ, ਜਦੋਂ ਉਹ ਆਪਣੀ ਕਾਰ ’ਚ ਨਾਰਥ ਹਾਈਲੈਂਡਸ ਸ਼ਹਿਰ ਵਿਖੇ ਵਾਟ ਐਵੀਨਿਊ ’ਤੇ ਆਰਕੋ ਗੈਸ ਸਟੇਸ਼ਨ ਤੋਂ ਗੈਸ ਪਵਾ ਰਹੇ ਸਨ, ਤਾਂ ਪਿੱਛੋਂ ਆਏ ਗੋਰੇ ਜੋੜੇ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਪੱਗ ਵਾਲੀ ਦਿੱਖ ਕਰਕੇ ‘ਓਸਾਮਾ ਬਿਨ ਲਾਦੇਨ’, ‘ਅੱਤਵਾਦੀ’ ਤੇ ‘ਮੁਸਲਮਾਨ’ ਵਰਗੇ ਸ਼ਬਦਾਂ ਦੇ ਨਾਲ-ਨਾਲ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਰਵਿੰਦਰ ਸਿੰਘ ਕਾਹਲੋਂ ਦੇ ਦੱਸਣ ਅਨੁਸਾਰ ਉਹ ਬਿਲਕੁਲ ਸ਼ਾਂਤ ਰਹੇ ਤੇ ਜਦੋਂ ਉਹ ਨਫ਼ਰਤੀ ਇਨਸਾਨ ਨਾ ਹਟਿਆ, ਤਾਂ ਕਾਹਲੋਂ ਨੇ ਉਸ ਨੂੰ ਕਿਹਾ ਕਿ ਤੂੰ ਗਲਤ ਬੋਲ ਰਿਹਾ ਏਂ ਅਤੇ ਪਹਿਲਾਂ ਸਿੱਖਾਂ ਬਾਰੇ ਜਾਣਕਾਰੀ ਲੈ ਤੇ ਉਹ ਫਿਰ ਵੀ ਨਾ ਹਟਿਆ।

# ਹੈਲੀਕਾਪਟਰ ਹਾਦਸੇ 'ਚ ਈਰਾਨੀ ਰਾਸ਼ਟਰਪਤੀ ਰਈਸੀ ਹਲਾਕ

- ਰਾਸ਼ਟਰਪਤੀ, ਵਿਦੇਸ਼ ਮੰਤਰੀ ਅਤੇ ਹੋਰਾਂ ਦੀਆਂ ਮਿਲੀਆਂ ਲਾਸ਼ਾਂ
- ਸੁਪਰੀਮ ਆਗੂ ਆਇਤੁੱਲ੍ਹਾ ਖ਼ਾਮੇਨੀ ਵੱਲੋਂ ਪੰਜ ਰੋਜ਼ਾ ਸੋਗ ਦਾ ਐਲਾਨ
- ਪ੍ਰਥਮ ਉਪ ਰਾਸ਼ਟਰਪਤੀ ਮੁਹੰਮਦ ਮੁਖ਼ਬਰ ਕਾਰਜਕਾਰੀ ਰਾਸ਼ਟਰਪਤੀ ਨਿਯੁਕਤ





ਰਾਸ਼ਟਰਪਤੀ ਇਬਰਾਹਿਮ ਰਈਸੀ (ਇਨਸੈੱਟ) ਦੇ ਹੈਲੀਕਾਪਟਰ ਦੇ ਮਲਬੇ ਦੀ ਜਾਂਚ ਕਰਦੇ ਹੋਏ ਬਚਾਅ ਕਰਮੀ। (ਸੱਜੇ) ਤਹਿਰਾਨ 'ਚ ਇਰਾਨੀ ਰਾਸ਼ਟਰਪਤੀ ਦੀ ਮੌਤ 'ਤੇ ਵਿਰਲਾਪ ਕਰਦੀ ਹੋਈ ਇੱਕ ਮਹਿਲਾ।

**ਦੁਬਈ, (ਪੰਜਾਬ ਮੇਲ)**- ਉੱਤਰ-ਪੱਛਮੀ ਇਰਾਨ ਦੇ ਪਹਾੜੀ ਇਲਾਕੇ ਵਿਚ ਧੁੰਦ ਤੇ ਖ਼ਰਾਬ ਮੌਸਮ ਕਰਕੇ ਵਾਪਰੇ ਹੈਲੀਕਾਪਟਰ ਹਾਦਸੇ 'ਚ ਇਰਾਨ ਦੇ ਰਾਸ਼ਟਰਪਤੀ ਇਬਰਾਹਿਮ ਰਈਸੀ (63) ਦੀ ਮੌਤ ਹੋ ਗਈ। ਹੈਲੀਕਾਪਟਰ ਵਿਚ ਰਈਸੀ ਤੋਂ ਇਲਾਵਾ ਵਿਦੇਸ਼ ਮੰਤਰੀ ਹੁਸੈਨ ਆਮਿਰਅਬਦੁੱਲ੍ਹਾ (60) ਤੇ ਕੁਝ ਹੋਰ ਅਧਿਕਾਰੀ ਤੇ ਸੁਰੱਖਿਆ ਕਰਮੀ ਸਵਾਰ ਸਨ। ਹਾਦਸੇ ਤੋਂ ਕੁਝ ਘੰਟਿਆਂ ਮਗਰੋਂ ਰਾਸ਼ਟਰਪਤੀ ਰਈਸੀ ਸਣੇ ਸਾਰਿਆਂ ਦੀਆਂ ਲਾਸ਼ਾਂ ਬਰਾਮਦ ਹੋ ਗਈਆਂ ਹਨ। ਸੂਤਰਾਂ ਮੁਤਾਬਕ ਰਈਸੀ ਇਰਾਨ ਦੀ ਅਜ਼ਰਬਾਇਜਾਨ ਨਾਲ ਲੱਗਦੀ ਸਰਹੱਦ 'ਤੇ ਇਕ ਡੈਮ ਦੇ ਉਦਘਾਟਨ ਲਈ ਜਾ ਰਹੇ ਸਨ।

ਰਈਸੀ ਤੇ ਅਜ਼ਰਬਾਇਜਾਨ ਦੇ ਰਾਸ਼ਟਰਪਤੀ ਇਲਹਾਮ ਅਲੀਯੇਵ ਨੇ ਮਿਲ ਕੇ ਡੈਮ ਦਾ ਉਦਘਾਟਨ ਕਰਨਾ ਸੀ। ਉਧਰ ਇਰਾਨ ਦੇ ਸੁਪਰੀਮ ਆਗੂ ਅਯਾਤੁੱਲ੍ਹਾ ਖ਼ਾਮੇਨੀ ਨੇ ਮੁਲਕ ਦੇ ਪਹਿਲੇ ਉਪ ਰਾਸ਼ਟਰਪਤੀ ਮੁਹੰਮਦ ਮੁਖ਼ਬਰ ਨੂੰ ਚੋਣਾਂ ਤੱਕ ਕਾਰਜਕਾਰੀ ਰਾਸ਼ਟਰਪਤੀ ਨਿਯੁਕਤ ਕੀਤਾ ਹੈ। ਖ਼ਾਮੇਨੀ ਨੇ ਰਾਸ਼ਟਰ ਦੇ ਨਾਂ ਸੁਨੇਹੇ ਵਿਚ ਇਰਾਨ 'ਚ ਪੰਜ ਦਿਨਾ ਸੋਗ ਦਾ ਐਲਾਨ ਕੀਤਾ। ਪੂਰਬੀ ਅਜ਼ਰਬਾਇਜਾਨ ਨਾਲ ਲੱਗਦੀ ਸਰਹੱਦ 'ਤੇ ਹੈਲੀਕਾਪਟਰ ਹਾਦਸਾ ਅਜਿਹੇ ਮੌਕੇ ਹੋਇਆ ਹੈ, ਜਦੋਂ ਇਜ਼ਰਾਈਲ-ਹਮਾਸ ਜੰਗ ਕਰਕੇ ਮੱਧ ਪੂਰਬ ਵਿਚ ਤਣਾਅ ਬਰਕਰਾਰ ਹੈ। ਰਈਸੀ ਨੇ ਅਜੇ ਪਿਛਲੇ ਮਹੀਨੇ ਮੁਲਕ ਦੇ ਸੁਪਰੀਮ ਆਗੂ ਆਇਤੁੱਲ੍ਹਾ ਖ਼ਾਮੇਨੀ ਦੀ ਅਗਵਾਈ 'ਚ ਇਜ਼ਰਾਈਲ 'ਤੇ ਡਰੋਨ ਤੇ ਮਿਜ਼ਾਈਲ ਹਮਲੇ ਕੀਤੇ ਸਨ। ਇਹੀ ਨਹੀਂ, ਰਈਸੀ ਦੇ ਕਾਰਜਕਾਲ ਦੌਰਾਨ ਇਰਾਨ ਦੀ ਯੂਰੇਨੀਅਮ ਸੋਧ ਵੀ ਹਥਿਆਰ ਬਣਾਉਣ ਲਈ ਲੋੜੀਂਦੇ ਪੱਧਰ ਦੇ ਨੇੜੇ ਪਹੁੰਚ ਗਈ ਸੀ। ਸਰਕਾਰੀ ਖ਼ਬਰ ਏਜੰਸੀ 'ਇਰਨਾ' ਮੁਤਾਬਕ ਹੈਲੀਕਾਪਟਰ 'ਚ ਰਾਸ਼ਟਰਪਤੀ ਤੇ ਵਿਦੇਸ਼ ਮੰਤਰੀ ਤੋਂ ਇਲਾਵਾ ਇਰਾਨ ਦੇ ਪੂਰਬੀ ਅਜ਼ਰਬਾਇਜਾਨ ਸੂਬੇ ਦੇ ਸੂਬੇਦਾਰ, ਹੋਰ ਅਧਿਕਾਰੀ ਤੇ ਸੁਰੱਖਿਆ ਕਰਮੀ ਸਵਾਰ ਸਨ।

ਇਰਾਨ ਦੇ ਸੰਵਿਧਾਨ ਮੁਤਾਬਕ ਰਾਸ਼ਟਰਪਤੀ ਦੀ ਮੌਤ ਹੋਣ 'ਤੇ ਇਰਾਨ ਦੇ ਪ੍ਰਥਮ ਉਪ ਰਾਸ਼ਟਰਪਤੀ ਨੂੰ ਸੁਪਰੀਮ ਆਗੂ ਅਯਾਤੁੱਲ੍ਹਾ ਖ਼ਾਮੇਨੀ ਦੀ ਸਹਿਮਤੀ ਨਾਲ ਰਾਸ਼ਟਰਪਤੀ ਦੀ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ ਤੇ ਅਗਲੇ 50 ਦਿਨਾਂ ਵਿਚ ਨਵੇਂ ਰਾਸ਼ਟਰਪਤੀ ਦੀ ਚੋਣ ਕਰਨੀ ਹੁੰਦੀ ਹੈ। ਇਸ ਦੌਰਾਨ ਇਰਾਨ ਦੀ ਕੈਬਨਿਟ ਨੇ ਹੰਗਾਮੀ ਬੈਠਕ ਕਰਕੇ ਰਈਸੀ ਵੱਲੋਂ ਦਿਖਾਏ ਰਾਹ 'ਤੇ ਚੱਲਣ ਦਾ ਅਹਿਦ ਲਿਆ ਹੈ। ਰਈਸੀ ਨੂੰ ਖ਼ਾਮੇਨੀ ਦਾ ਕਰੀਬੀ ਮੰਨਿਆ ਜਾਂਦਾ ਸੀ ਤੇ ਕੁਝ ਸਮੀਖਿਅਕਾਂ ਦਾ ਮੰਨਣਾ ਸੀ ਕਿ ਉਹ ਇਰਾਨ ਦੇ ਸੁਪਰੀਮ ਆਗੂ ਦੀ ਮੌਤ ਜਾਂ ਅਸਤੀਫੇ ਮਗਰੋਂ ਉਨ੍ਹਾਂ ਦੀ ਥਾਂ ਲੈ ਸਕਦਾ ਹੈ। ਰਈਸੀ ਦੀ ਮੌਤ ਨਾਲ ਹੁਣ ਖਾਮੇਨੀ ਦੇ ਆਪਣੇ ਪੁੱਤਰ ਮੁਜਤਬਾ ਖ਼ਾਮੇਨੀ (55) ਨੂੰ ਉਨ੍ਹਾਂ ਦਾ ਜਾਨਸ਼ੀਨ ਮੰਨਿਆ ਜਾਣ ਲੱਗਾ ਹੈ। ਰਈਸੀ ਨੇ 2021 ਵਿਚ ਰਾਸ਼ਟਰਪਤੀ ਦੀ ਚੋਣ ਜਿੱਤੀ ਸੀ ਤੇ ਉਦੋਂ ਇਸਲਾਮਿਕ ਗਣਰਾਜ ਦੇ ਇਤਿਹਾਸ ਵਿਚ ਪਹਿਲੀ ਵਾਰ ਸਭ ਤੋਂ ਘੱਟ ਵੋਟਾਂ ਪਈਆਂ ਸਨ। 1988 ਵਿਚ ਇਰਾਨ-ਇਰਾਕ ਜੰਗ ਖ਼ਤਮ ਹੋਣ ਮਗਰੋਂ ਹਜ਼ਾਰਾਂ ਸਿਆਸੀ ਕੈਦੀਆਂ ਨੂੰ ਸਮੂਹਿਕ ਫਾਂਸੀ ਲਈ ਅਮਰੀਕਾ ਨੇ ਰਈਸੀ 'ਤੇ ਪਾਬੰਦੀਆਂ ਵੀ ਲਾਈਆਂ ਸਨ। ਰਈਸੀ ਇਰਾਨ ਦੇ ਦੂਜੇ ਰਾਸ਼ਟਰਪਤੀ ਹਨ, ਜਿਨ੍ਹਾਂ ਦੀ ਅਹੁਦੇ 'ਤੇ ਰਹਿੰਦਿਆਂ ਮੌਤ ਹੋਈ ਹੈ। ਇਸਲਾਮਿਕ ਇਨਕਲਾਬ ਮਗਰੋਂ ਸਾਲ 1981 'ਚ ਤੱਤਕਾਲੀ ਰਾਸ਼ਟਰਪਤੀ ਮੁਹੰਮਦ ਅਲੀ ਰਾਜਾਈ ਬੰਬ ਧਮਾਕੇ ਵਿਚ ਮਾਰੇ ਗਏ ਸਨ।

# ਕੈਨੇਡਾ ਸਰਕਾਰ ਵੱਲੋਂ ਟਿਕਟਾਕ 'ਤੇ ਮੁਕੰਮਲ ਪਾਬੰਦੀ ਲਾਉਣ ਦੀ ਤਿਆਰੀ




- ਖੁਫੀਆ ਏਜੰਸੀ ਦੀ ਚਿਤਾਵਨੀ ਵੱਲ ਧਿਆਨ ਦੇਣ ਕੈਨੇਡੀਅਨ : ਟਰੂਡੋ

**ਵਿੰਨੀਪੈਗ, (ਪੰਜਾਬ ਮੇਲ)**- ਕੈਨੇਡਾ ਸਰਕਾਰ ਟਿਕਟਾਕ 'ਤੇ ਮੁਕੰਮਲ ਪਾਬੰਦੀ ਲਾਉਣ ਦੀ ਤਿਆਰੀ ਕਰ ਰਹੀ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਬਿਆਨ ਤੋਂ ਸਪੱਸ਼ਟ ਸੰਕੇਤ ਮਿਲ ਰਹੇ ਹਨ, ਜਿਨ੍ਹਾਂ ਵੱਲੋਂ ਮੁਲਕ ਦੇ ਲੋਕਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਖੁਫੀਆ ਏਜੰਸੀ ਦੇ ਮੁਖੀ ਵੱਲੋਂ ਦਿੱਤੀ ਚਿਤਾਵਨੀ ਵੱਲ ਧਿਆਨ ਦੇਣ। ਖੁਫੀਆ ਏਜੰਸੀ ਦੇ ਮੁਖੀ ਵੱਲੋਂ ਸਾਫ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ਕਿ ਟਿਕਟਾਕ ਕੈਨੇਡਾ ਵਾਸੀਆਂ ਲਈ ਵੱਡਾ ਖਤਰਾ ਪੈਦਾ ਕਰ ਰਿਹਾ ਹੈ। ਵਿੰਨੀਪੈਗ ਵਿਖੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਟਰੂਡੋ ਨੇ ਕਿਹਾ ਕਿ ਮੁਲਕ ਦੇ ਲੋਕਾਂ ਨੂੰ ਆਨਲਾਈਨ ਕੋਈ ਵੀ ਸਰਗਰਮੀ ਕਰਦਿਆਂ ਸੁਚੇਤ ਰਹਿਣ ਦੀ ਜ਼ਰੂਰਤ ਹੈ।

ਦੱਸ ਦੇਈਏ ਕਿ ਅਮਰੀਕਾ ਵਿਚ ਮਤਾ ਪਾਸ ਕਰਦਿਆਂ ਟਿਕਟਾਕ ਦੀ ਮਾਲਕ ਕੰਪਨੀ ਨੂੰ ਆਪਣਾ ਕਾਰੋਬਾਰ ਕਿਸੇ ਅਮਰੀਕੀ ਕੰਪਨੀ ਨੂੰ ਵੇਚਣ ਜਾਂ ਆਪਣਾ ਕਾਰੋਬਾਰ ਸਮੇਟਣ ਦੀ ਹਦਾਇਤ ਦਿੱਤੀ ਜਾ ਚੁੱਕੀ ਹੈ। ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਅਤੇ ਫੈਡਰਲ ਕਮਿਊਨੀਕੇਸ਼ਨ ਕਮਿਸ਼ਨ ਚਿਤਾਵਨੀ ਦੇ ਚੁੱਕੇ ਹਨ ਕਿ ਟਿਕਟਾਕ ਵੱਲੋਂ ਲੋਕਾਂ ਦੀ ਜਾਣਕਾਰੀ ਚੀਨ ਸਰਕਾਰ ਨਾਲ ਸਾਂਝੀ ਕੀਤੀ ਜਾਂਦੀ ਹੈ। ਇਸੇ ਖਦਸ਼ੇ ਨੂੰ ਵੇਖਦਿਆਂ ਕੈਨੇਡਾ ਸਰਕਾਰ ਵੱਲੋਂ ਸਰਕਾਰੀ ਮੋਬਾਈਲ ਫੋਨਜ਼ ਅਤੇ ਲੈਪਟਾਪ ਆਦਿ ਵਿਚ ਟਿਕਟਾਕ ਦੀ ਵਰਤੋਂ 'ਤੇ 2023 ਵਿਚ ਹੀ ਪਾਬੰਦੀ ਲਾ ਦਿੱਤੀ ਗਈ ਸੀ।

# ਗੁਜਰਾਤ ਏ.ਟੀ.ਐੱਸ. ਵੱਲੋਂ ਆਈ.ਐੱਸ. ਨਾਲ ਸਬੰਧਤ ਚਾਰ ਅੱਤਵਾਦੀ ਗ੍ਰਿਫਤਾਰ



**ਅਹਿਮਦਾਬਾਦ, (ਪੰਜਾਬ ਮੇਲ)**- ਗੁਜਰਾਤ ਦੇ ਅੱਤਵਾਦ ਵਿਰੋਧੀ ਦਸਤੇ (ਏ.ਟੀ.ਐੱਸ.) ਨੇ ਪਾਬੰਦੀਸ਼ੁਦਾ ਜਥੇਬੰਦੀ ਇਸਲਾਮਿਕ ਸਟੇਟ (ਆਈ.ਐੱਸ.) ਨਾਲ ਸਬੰਧ ਰੱਖਣ ਵਾਲੇ ਚਾਰ ਸ੍ਰੀਲੰਕਾਈ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਇਹ ਕਾਰਵਾਈ ਇੱਕ ਸੂਚਨਾ ਦੇ ਆਧਾਰ 'ਤੇ ਕੀਤੀ ਗਈ ਹੈ। ਏ.ਟੀ.ਐੱਸ. ਨੇ ਮੁਲਜ਼ਮਾਂ ਨੂੰ ਐਤਵਾਰ ਰਾਤ ਨੂੰ ਸ਼੍ਰੀਲੰਕਾ ਦੀ ਰਾਜਧਾਨੀ ਕੋਲੰਬੋ ਤੋਂ ਚੇਨਈ ਦੇ ਰਸਤੇ ਯਾਤਰਾ ਕਰਨ ਤੋਂ ਬਾਅਦ ਇੱਥੇ ਸਰਦਾਰ ਵੱਲਭਭਾਈ ਪਟੇਲ ਹਵਾਈ ਅੱਡੇ 'ਤੇ ਗ੍ਰਿਫਤਾਰ ਕੀਤਾ। ਪੁਲਿਸ ਦੇ ਡਾਇਰੈਕਟਰ ਜਨਰਲ ਵਿਕਾਸ ਸਹਾਏ ਨੇ ਕਿਹਾ ਕਿ ਮੁਲਜ਼ਮ ਆਈ.ਐੱਸ. ਦੇ ਇਸ਼ਾਰੇ 'ਤੇ ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਭਾਰਤ ਆਏ ਸਨ।

# ਈਰਾਨ 'ਚ 28 ਜੂਨ ਨੂੰ ਹੋਣਗੀਆਂ ਰਾਸ਼ਟਰਪਤੀ ਚੋਣਾਂ

**ਤਹਿਰਾਨ, (ਪੰਜਾਬ ਮੇਲ)**- ਈਰਾਨ ਦੀ ਸਰਕਾਰ ਨੇ ਸੋਮਵਾਰ ਨੂੰ ਫ਼ੈਸਲਾ ਕੀਤਾ ਕਿ ਦੇਸ਼ ਦੇ 14ਵੇਂ ਰਾਸ਼ਟਰਪਤੀ ਦੀ ਚੋਣ 28 ਜੂਨ ਨੂੰ ਹੋਵੇਗੀ। ਇਹ ਜਾਣਕਾਰੀ ਸਰਕਾਰੀ ਨਿਊਜ਼ ਏਜੰਸੀ ਆਈ.ਆਰ.ਐੱਨ.ਏ. ਨੇ ਦਿੱਤੀ। ਖ਼ਬਰ ਵਿਚ ਕਿਹਾ ਗਿਆ ਕਿ ਇੱਕ ਮੀਟਿੰਗ ਵਿਚ ਚੋਣਾਂ ਦੀ ਮਿਤੀ ਨਿਰਧਾਰਤ ਕੀਤੀ ਗਈ, ਜਿਸ ਵਿਚ ਈਰਾਨ ਦੇ ਪਹਿਲੇ ਉਪ-ਰਾਸ਼ਟਰਪਤੀ ਮੁਹੰਮਦ ਮੋਖਬਰ, ਨਿਆਂਪਾਲਿਕਾ ਦੇ ਮੁਖੀ ਗੁਲਾਮ ਹੁਸੈਨ ਮੋਹਸੇਨੀ-ਏਜ਼ਾਏਈ ਅਤੇ ਸੰਸਦ ਦੇ ਸਪੀਕਰ ਮੁਹੰਮਦ ਬਾਕਰ ਕਾਲੀਬਾਫ, ਕਾਨੂੰਨੀ ਮਾਮਲਿਆਂ ਦੇ ਉਪ ਪ੍ਰਧਾਨ ਮੁਹੰਮਦ ਦੇਹਕਾਨ ਅਤੇ ਈਰਾਨੀ ਸੰਵਿਧਾਨਕ ਕੌਂਸਲ ਅਤੇ ਗ੍ਰਹਿ ਮੰਤਰਾਲੇ ਦੇ ਪ੍ਰਤੀਨਿਧੀ ਸ਼ਾਮਲ ਹੋਏ।

ਜ਼ਿਕਰਯੋਗ ਹੈ ਕਿ ਈਰਾਨ ਦੇ ਰਾਸ਼ਟਰਪਤੀ ਇਬਰਾਹਿਮ ਰਇਸੀ ਅਤੇ ਵਿਦੇਸ਼ ਮੰਤਰੀ ਹੁਸੈਨ ਅਮੀਰ-ਅਬਦੁੱਲਾਯਾਨ, ਉਨ੍ਹਾਂ ਦੀ ਟੀਮ ਦੇ ਕੁਝ ਮੈਂਬਰਾਂ ਸਮੇਤ ਸੋਮਵਾਰ ਸਵੇਰੇ ਮਰਨ ਦੀ ਪੁਸ਼ਟੀ ਕੀਤੀ ਗਈ ਸੀ, ਕਿਉਂਕਿ ਉਨ੍ਹਾਂ ਨੂੰ ਲਿਜਾ ਰਹੇ ਹੈਲੀਕਾਪਟਰ ਦਾ ਮਲਬਾ ਤਹਿਰਾਨ ਤੋਂ ਲਗਭਗ 670 ਕਿਲੋਮੀਟਰ ਦੂਰ ਵਰਜ਼ਾਕਾਨ ਕਾਊਂਟੀ ਨੇੜੇ ਐਤਵਾਰ ਨੂੰ ਖਰਾਬ ਮੌਸਮ ਵਿਚ ਹਾਦਸਾਗ੍ਰਸਤ ਹੋਣ ਤੋਂ ਬਾਅਦ ਮਿਲਿਆ ਸੀ। ਈਰਾਨੀ ਸੰਵਿਧਾਨ ਦੇ ਅਨੁਛੇਦ 131 ਅਨੁਸਾਰ ਜੇਕਰ ਰਾਸ਼ਟਰਪਤੀ ਆਪਣੇ ਫਰਜ਼ ਨਿਭਾਉਣ ਵਿਚ ਅਸਮਰੱਥ ਹੈ, ਤਾਂ ਪਹਿਲਾ ਉਪ ਰਾਸ਼ਟਰਪਤੀ ਉਸ ਦੇ ਫਰਜ਼ਾਂ ਨੂੰ ਪੂਰਾ ਕਰੇਗਾ। ਨਾਲ ਹੀ ਅੰਤਰਿਮ ਰਾਸ਼ਟਰਪਤੀ ਵੱਧ ਤੋਂ ਵੱਧ 50 ਦਿਨਾਂ ਦੇ ਅੰਦਰ ਨਵੇਂ ਰਾਸ਼ਟਰਪਤੀ ਦੀ ਚੋਣ ਦਾ ਪ੍ਰਬੰਧ ਕਰਨ ਲਈ ਪਾਬੰਦ ਹੈ।

ਆਈ.ਆਰ.ਐੱਨ.ਏ. ਅਨੁਸਾਰ ਮੀਟਿੰਗ ਦੌਰਾਨ ਭਾਗੀਦਾਰਾਂ ਨੇ ਚੋਣ ਪ੍ਰਕਿਰਿਆ ਦੇ ਪ੍ਰੋਗਰਾਮਾਂ ਨੂੰ ਵੀ ਨਿਰਧਾਰਤ ਕੀਤਾ, ਜਿਸ ਵਿਚ ਕਾਰਜਕਾਰੀ ਪ੍ਰਤੀਨਿਧ ਮੰਡਲਾਂ ਦਾ ਗਠਨ, ਉਮੀਦਵਾਰਾਂ ਦੀ ਰਜਿਸਟ੍ਰੇਸ਼ਨ ਅਤੇ ਚੋਣ ਮੁਹਿੰਮਾਂ ਦੀ ਸ਼ੁਰੂਆਤ ਸ਼ਾਮਲ ਹੈ। ਸ਼ਡਿਊਲ ਮੁਤਾਬਕ ਰਜਿਸਟ੍ਰੇਸ਼ਨ 30 ਮਈ ਤੋਂ 3 ਜੂਨ ਤੱਕ ਹੋਵੇਗੀ, ਜਿਸ ਤੋਂ ਬਾਅਦ ਉਮੀਦਵਾਰਾਂ ਨੂੰ 12 ਤੋਂ 27 ਜੂਨ ਤੱਕ ਪ੍ਰਚਾਰ ਕਰਨਾ ਹੋਵੇਗਾ। ਆਈ.ਆਰ.ਐੱਨ.ਏ. ਦੇ ਅਨੁਸਾਰ ਸੰਵਿਧਾਨਕ ਪ੍ਰੀਸ਼ਦ ਨੇ ਪ੍ਰੋਗਰਾਮ ਲਈ ਸਹਿਮਤੀ ਦਿੱਤੀ ਹੈ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਦੱਖਣੀ ਅਫਰੀਕੀ ਸਾਬਕਾ ਰਾਸ਼ਟਰਪਤੀ ਜੈਕਬ ਜ਼ੂਮਾ ਸੰਸਦੀ ਚੋਣ ਲੜਨ ਦੇ ਅਯੋਗ ਕਰਾਰ



**ਕੇਪਟਾਊਨ, (ਪੰਜਾਬ ਮੇਲ)**- ਦੱਖਣੀ ਅਫਰੀਕਾ ਦੀ ਸਰਵਉੱਚ ਅਦਾਲਤ ਨੇ ਫੈਸਲਾ ਸੁਣਾਇਆ ਕਿ ਸਾਬਕਾ ਰਾਸ਼ਟਰਪਤੀ ਜੈਕਬ ਜ਼ੂਮਾ ਨੂੰ ਪਿਛਲੀ ਅਪਰਾਧਿਕ ਸਜ਼ਾ ਕਾਰਨ ਅਗਲੇ ਹਫਤੇ ਹੋਣ ਵਾਲੀਆਂ ਰਾਸ਼ਟਰੀ ਚੋਣਾਂ ਵਿੱਚ ਸੰਸਦ ਲਈ ਉਮੀਦਵਾਰ ਵਜੋਂ ਖੜ੍ਹੇ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਸ ਫੈਸਲੇ ਨਾਲ ਸਿਆਸੀ ਤਣਾਅ ਵਧਣ ਦੀ ਸੰਭਾਵਨਾ ਹੈ। ਅਦਾਲਤ ਨੇ ਕਿਹਾ ਕਿ ਸੰਵਿਧਾਨ ਦੀ ਇੱਕ ਧਾਰਾ ਉਨ੍ਹਾਂ ਨੂੰ ਚੋਣ ਲੜਨ ਦੇ ਅਯੋਗ ਕਰਾਰ ਦਿੰਦੀ ਹੈ, ਜਿਨ੍ਹਾਂ ਨੂੰ 12 ਮਹੀਨਿਆਂ ਤੋਂ ਵੱਧ ਦੀ ਸਜ਼ਾ ਸੁਣਾਈ ਗਈ ਹੋਵੇ। ਇਹ ਧਾਰਾ 82 ਸਾਲਾ ਜ਼ੂਮਾ 'ਤੇ ਲਾਗੂ ਹੁੰਦੀ ਹੈ। ਜ਼ੂਮਾ ਨੂੰ 2021 ਵਿਚ ਅਦਾਲਤ ਨੇ ਸਰਕਾਰੀ ਭ੍ਰਿਸ਼ਟਾਚਾਰ ਦੀ ਨਿਆਂਇਕ ਜਾਂਚ ਵਿਚ ਗਵਾਹੀ ਦੇਣ ਤੋਂ ਇਨਕਾਰ ਕਰਨ ਲਈ ਅਦਾਲਤ ਦੀ ਤੌਹੀਨ ਲਈ 15 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ। ਜ਼ੂਮਾ 2009-2018 ਤੱਕ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਸਨ ਪਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਪਿਛਲੇ ਸਾਲ ਨਵੀਂ ਪਾਰਟੀ ਦੇ ਨਾਲ ਰਾਜਨੀਤੀ ਵਿਚ ਵਾਪਸੀ ਕੀਤੀ।

# ਸੀਨੀਅਰ ਐਡਵੋਕੇਟ ਕਪਿਲ ਸਿੱਬਲ ਚੌਥੀ ਵਾਰ ਬਣੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ

**ਨਵੀਂ ਦਿੱਲੀ, (ਪੰਜਾਬ ਮੇਲ)**- ਸੀਨੀਅਰ ਐਡਵੋਕੇਟ ਕਪਿਲ ਸਿੱਬਲ ਚੌਥੀ ਵਾਰ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ (ਐੱਸ.ਸੀ.ਬੀ.ਏ.) ਦੇ ਪ੍ਰਧਾਨ ਚੁਣੇ ਗਏ ਹਨ।

ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ 'ਚ ਕੇਂਦਰੀ ਮੰਤਰੀ ਰਹੇ ਸਿੱਬਲ 1995 ਤੇ 2002 ਦੇ ਅਰਸੇ ਦੌਰਾਨ ਪਹਿਲਾਂ ਵੀ ਤਿੰਨ ਵਾਰ ਐੱਸ.ਸੀ.ਬੀ.ਏ. ਦੇ ਪ੍ਰਧਾਨ ਰਹਿ ਚੁੱਕੇ ਹਨ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਸਿੱਬਲ ਦੀ ਚੋਣ ਨੂੰ ਲਿਬਰਲ, ਸੈਕੂਲਰ, ਜਮਹੂਰੀ ਤੇ ਅਗਾਂਹਵਧੂ ਤਾਕਤਾਂ ਲਈ ਵੱਡੀ ਜਿੱਤ ਕਰਾਰ ਦਿੱਤਾ ਹੈ।

# ਨਿੱਜੀ ਸੁਰੱਖਿਆ ਲਈ ਪੁਲਿਸ ਮੁਲਾਜ਼ਮਾਂ ਦੀ ਤਾਇਨਾਤੀ 'ਤੇ ਹਰਿਆਣਾ ਅਤੇ ਚੰਡੀਗੜ੍ਹ ਨੂੰ ਨੋਟਿਸ ਜਾਰੀ

- ਕਿਹਾ: ਸਿਆਸਤਦਾਨਾਂ, ਅਦਾਕਾਰਾਂ ਤੇ ਧਾਰਮਿਕ ਸੰਸਥਾਵਾਂ ਨਾਲ ਜੁੜੇ ਲੋਕਾਂ ਤੋਂ ਵਸੂਲਿਆ ਜਾਣਾ ਚਾਹੀਦਾ ਸੁਰੱਖਿਆ ਖ਼ਰਚਾ

**ਚੰਡੀਗੜ੍ਹ, (ਪੰਜਾਬ ਮੇਲ)**- ਰਾਜਨੀਤਿਕ ਪਾਰਟੀਆਂ, ਧਾਰਮਿਕ ਸੰਸਥਾਵਾਂ ਅਤੇ ਮਨੋਰੰਜਨ ਉਦਯੋਗ ਨਾਲ ਜੁੜੇ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਦੇ ਹੋਏ ਇਸ ਦੇ ਖ਼ਰਚੇ ਪਾਰਟੀਆਂ, ਸੰਸਥਾਵਾਂ ਅਤੇ ਹੋਰਨਾਂ ਤੋਂ ਵਸੂਲਣ ਦਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੁਝਾਅ ਦਿੱਤਾ ਹੈ। ਪੰਜਾਬ ਨਾਲ ਸੰਬੰਧਿਤ ਮਾਮਲੇ ਦੀ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਹੁਣ ਚੰਡੀਗੜ੍ਹ ਤੇ ਹਰਿਆਣਾ ਨੂੰ ਵੀ ਧਿਰ ਬਣਾਉਂਦਿਆਂ ਨੋਟਿਸ ਜਾਰੀ ਕਰਕੇ ਜਵਾਬ ਦਾਖ਼ਲ ਕਰਨ ਦੇ ਹੁਕਮ ਦਿੱਤੇ ਹਨ। 2019 ਵਿਚ, ਇਕ ਅਪਰਾਧਿਕ ਕੇਸ ਵਿਚ ਇਕ ਗਵਾਹ ਨੂੰ ਸੁਰੱਖਿਆ ਦਿੱਤੀ ਗਈ ਸੀ, ਹੁਣ ਤੱਕ ਕੇਸ ਵਿਚ ਸਿਰਫ਼ ਇਕ ਗਵਾਹੀ ਹੋਈ ਹੈ। ਜਦੋਂ ਮੁਲਜ਼ਮਾਂ ਦੀ ਅਗਾਊਂ ਜ਼ਮਾਨਤ ਪਟੀਸ਼ਨ ਹਾਈ ਕੋਰਟ ਪੁੱਜੀ ਤਾਂ ਅਦਾਲਤ ਨੇ ਕਿਹਾ ਸੀ ਕਿ ਸੁਰੱਖਿਆ ਦੀ ਮੰਗ ਸਟੇਟਸ ਸਿੰਬਲ ਦੀ ਖ਼ਾਤਰ ਕੀਤੀ ਜਾ ਰਹੀ ਹੈ। ਟੈਕਸਦਾਤਾਵਾਂ ਦੇ ਪੈਸੇ ਦੀ ਵਰਤੋਂ ਕਰਕੇ ਰਾਜ ਦੇ ਖ਼ਰਚ 'ਤੇ ਕੋਈ ਵਿਸ਼ੇਸ਼ ਅਧਿਕਾਰ ਪ੍ਰਾਪਤ ਵਰਗ ਨਹੀਂ ਬਣਾਇਆ ਜਾ ਸਕਦਾ। ਹਾਈ ਕੋਰਟ ਨੇ ਪੰਜਾਬ ਦੇ ਡੀ.ਜੀ.ਪੀ. ਨੂੰ ਹਲਫ਼ਨਾਮਾ ਦਾਇਰ ਕਰਕੇ 2013 ਦੀ ਸੁਰੱਖਿਆ ਨੀਤੀ ਬਾਰੇ ਪੁੱਛਿਆ ਸੀ ਕਿ ਜਿਨ੍ਹਾਂ ਲੋਕਾਂ ਨੂੰ ਸੁਰੱਖਿਆ ਦਿੱਤੀ ਗਈ ਹੈ, ਉਨ੍ਹਾਂ ਦੀ ਸਮੀਖਿਆ ਦਾ ਸਮਾਂ ਕੀ ਹੈ। ਵੀ.ਆਈ.ਪੀ., ਵੀ.ਵੀ.ਆਈ.ਪੀ., ਆਮ ਨਾਗਰਿਕਾਂ ਸਮੇਤ ਕਿੰਨੇ ਵਿਅਕਤੀਆਂ ਨੂੰ ਇਸ ਵੇਲੇ ਵੱਖ-ਵੱਖ ਸ਼੍ਰੇਣੀਆਂ ਅਧੀਨ ਕਿੰਨੇ ਸੁਰੱਖਿਆ ਕਰਮਚਾਰੀ ਨਿਯੁਕਤ ਕੀਤੇ ਗਏ ਹਨ। ਕਿੰਨੇ ਲੋਕਾਂ ਨੂੰ ਅਦਾਇਗੀ 'ਤੇ ਸੁਰੱਖਿਆ ਅਤੇ ਕਿੰਨਿਆਂ ਨੂੰ ਰਾਜ ਦੇ ਖ਼ਰਚੇ 'ਤੇ ਸੁਰੱਖਿਆ ਦਿੱਤੀ ਗਈ ਹੈ।

# ਅੰਤਰਰਾਸ਼ਟਰੀ ਪਾਵਰਲਿਫਟਰ ਅਜੇ ਗੋਗਨਾ ਇੰਡੀਅਨ ਟੀਮ ਕੋਚ ਵਜੋਂ ਅਮਰੀਕਾ 'ਚ ਹੋ ਰਹੀ ਵਰਲਡ ਚੈਂਪੀਅਨਸ਼ਿਪ ਲਈ ਰਵਾਨਾ










**ਭੁਲੱਥ/ਟੈਕਸਾਸ, (ਰਾਜ ਗੋਗਨਾ/ਧਵਨ/ਪੰਜਾਬ ਮੇਲ)**- ਵਰਲਡ ਬੈਂਚ ਪ੍ਰੈੱਸ ਚੈਂਪੀਅਨਸ਼ਿਪ ਜੋ ਵਿਦੇਸ਼ ਅਮਰੀਕਾ ਦੇ ਟੈਕਸਾਸ ਰਾਜ ਵਿਚ 22 ਮਈ ਨੂੰ ਆਰੰਭ ਹੋ ਰਹੀ ਹੈ। ਜਿੱਥੇ ਭਾਰਤੀ ਟੀਮ ਵੀ ਆਪਣੀ ਖੇਡ ਦੀ ਪ੍ਰਤਿਯੋਗਤਾ ਪੇਸ਼ ਕਰ ਰਹੀ ਹੈ। ਇਲਾਕੇ ਭੁਲੱਥ ਲਈ ਖੁਸ਼ਖਬਰੀ 'ਤੇ ਮਾਣ ਵਾਲੀ ਗੱਲ ਹੈ ਕਿ ਭੁਲੱਥ ਨਿਵਾਸੀ ਕਾਮਨਵੈਲਥ ਚੈਂਪੀਅਨ ਅਜੈ ਗੋਗਨਾ ਭਾਰਤੀ ਟੀਮ ਦੇ ਕੌਚ ਨਿਯੁਕਤ ਹੋਏ ਹਨ ਅਤੇ ਬਤੌਰ ਕੌਚ ਖਿਡਾਰੀਆਂ ਦੇ ਜੱਥੇ ਸਮੇਤ ਅਮਰੀਕਾ ਵਿਖੇ ਬੈਂਚ ਪ੍ਰੈੱਸ ਮੁਕਾਬਲੇ 'ਚ ਭਾਰਤੀ ਦੇ ਜੌਹਰ ਜਾਹਰ ਕਰਨ ਲਈ ਰਵਾਨਾ ਹੋਏ। ਅਜੈ ਗੋਗਨਾ ਤੋਂ ਇਲਾਵਾ ਸ਼੍ਰੀ ਸ਼ਤੀਸ਼ ਕੁਮਾਰ ਵੀ ਬਤੌਰ ਕੋਚ ਹੀ ਭੂਮਿਕਾ ਨਿਭਾ ਰਹੇ ਹਨ। ਇਨ੍ਹਾਂ ਦੋਹਾਂ ਕੋਚ ਸਾਹਿਬਾਨਾਂ ਦੀ ਅਗਵਾਈ ਹੇਠ ਭਾਰਤੀ ਟੀਮ ਆਪਣੀ ਖੇਡ ਦਾ ਪ੍ਰਦਰਸ਼ਨ ਕਰੇਗੀ। ਅਸੀਂ ਕੋਚ ਸਹਿਬਾਨਾਂ ਤੇ ਭਾਰਤੀ ਟੀਮ ਨੂੰ ਸ਼ੁਭਕਾਮਨਾਵਾਂ ਦਿੰਦੇ ਹਾਂ। ਗੱਲ ਭੁਲੱਥ ਨਿਵਾਸੀ ਅਜੈ ਗੋਗਨਾ ਸਪੁੱਤਰ ਸ਼੍ਰੀ ਰਾਜ ਗੋਗਨਾ ਸੀਨੀਅਰ ਪ੍ਰਵਾਸੀ ਪੱਤਰਕਾਰ ਦੀ ਜੇ ਗੱਲ ਕਰੀਏ, ਤਾਂ ਉਸ ਨੇ ਆਪਣਾ ਜੀਵਨ ਪਾਵਰ ਲਿਫਟਿੰਗ ਨੂੰ ਸਮਰਪਿਤ ਕੀਤਾ ਹੈ। ਸਖਤ ਮਿਹਨਤ ਨਾਲ ਅਜੈ ਗੋਗਨਾ ਨੇ ਬਹੁਤ ਸਾਰੇ ਸੋਨ ਤਗਮੇ ਜਿੱਤੇ ਅਤੇ ਕਈ ਵਾਰ ਮੁਕਾਬਲਿਆਂ ਦੀ ਸ਼ਾਨ ਬਣ ਆਪਣੇ ਪਿੰਡ ਦਾ ਨਾਮ ਦੇਸ਼ਾਂ-ਵਿਦੇਸ਼ਾਂ ਤੱਕ ਰੌਸ਼ਨ ਕੀਤਾ ਹੈ। ਪ੍ਰਾਪਤੀਆਂ ਦੀ ਝੜੀ ਦੇ ਨਾਲ ਕਾਮਨਵੈਲਥ ਚੈਂਪੀਅਨ ਦਾ ਖਿਤਾਬ ਹਾਸਲ ਕੀਤਾ ਅਤੇ ਹੁਣ ਭਾਰਤੀ ਟੀਮ ਦੇ ਕੋਚ ਵਜੋਂ ਤਾਇਨਾਤ ਹੋਣਾ ਇਲਾਕੇ ਲਈ ਮਾਣ ਵਾਲੀ ਗੱਲ ਹੈ। ਗੋਗਨਾ ਆਪਣੀ ਮਿਹਨਤ ਕਰਕੇ ਕਾਬਲ ਖਿਡਾਰੀ ਤੋਂ ਕੋਚ ਦੇ ਮੁਕਾਮ ਤੱਕ ਪਹੁੰਚਿਆ, ਜਿਸ ਕਰਕੇ ਤਾਰੀਫ ਦਾ ਪਾਤਰ ਹੈ। ਸਾਰੇ ਭੁਲੱਥ ਵਾਸੀ ਆਪਣੇ ਪਿੰਡ ਦੇ ਇਸ ਵੀਰ ਦੀ ਕਾਮਯਾਬੀ ਲਈ ਅਰਦਾਸ ਕਰਦੇ ਹਨ।

---

ਸਫਾ 1 ਦਾ ਬਾਕੀ

## ਅਮਰੀਕਾ 'ਚ ਗੈਰ ਕਾਨੂੰਨੀ ਪ੍ਰਵਾਸੀਆਂ..

ਦਿੱਤਾ ਹੈ, ਜਿਸ ਨਾਲ ਪ੍ਰਵਾਸੀਆਂ ਬਾਰੇ ਫੈਸਲਾ ਹੁਣ ਜਲਦ ਹੀ ਕੀਤਾ ਜਾਵੇਗਾ। ਜੋ ਕੰਮ ਪਹਿਲਾਂ ਸਾਲਾਂ ਵਿਚ ਹੁੰਦਾ ਸੀ, ਉਹ ਹੁਣ ਮਹੀਨਿਆਂ ਵਿਚ ਹੋ ਜਾਵੇਗਾ। ਇਸ ਨਾਲ ਗੈਰ ਕਾਨੂੰਨੀ ਢੰਗ ਨਾਲ ਰਹਿਣ ਵਾਲੇ ਪ੍ਰਵਾਸੀਆਂ ਨੂੰ ਜਲਦ ਦੇਸ਼ ਨਿਕਾਲਾ ਦੇਣ ਵਿਚ ਮਦਦ ਮਿਲੇਗੀ। ਉਨ੍ਹਾਂ ਦੀ ਕਿਸਮਤ ਦਾ ਫੈਸਲਾ ਸਿਰਫ 6 ਮਹੀਨੇ ਵਿਚ ਹੀ ਹੋ ਜਾਵੇਗਾ। ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਹੈ ਕਿ ਇਮੀਗ੍ਰੇਸ਼ਨ ਅਦਾਲਤ ਵਿਚ ਇਕ ਵਿਸ਼ੇਸ਼ ਫਾਸਟ ਟਰੈਕ ਡੌਕੇਟ ਬਣਾਇਆ ਜਾਵੇਗਾ, ਜਿਸ ਨਾਲ ਪਨਾਹ ਦੀਆਂ ਅਰਜ਼ੀਆਂ 'ਤੇ ਕੁੱਝ ਮਹੀਨਿਆਂ ਵਿਚ ਹੀ ਫੈਸਲਾ ਕੀਤਾ ਜਾਵੇਗਾ। ਬੋਸਟਨ, ਸ਼ਿਕਾਗੋ, ਲਾਸ ਏਂਜਲਸ ਅਤੇ ਨਿਊਯਾਰਕ ਵਿਚ ਸੈਟਲ ਹੋਣ ਵਾਲੇ ਪ੍ਰਵਾਸੀਆਂ ਨੂੰ ਹਾਲ ਹੀ ਦੇ ਆਗਮਨ ਡੌਕੇਟ ਵਿਚ ਰੱਖਿਆ ਜਾਵੇਗਾ ਅਤੇ ਉਨ੍ਹਾਂ ਬਾਰੇ ਫੈਸਲਾ ਜੱਜ ਵੱਲੋਂ 180 ਦਿਨਾਂ ਦੇ ਅੰਦਰ ਹੀ ਕਰ ਦਿੱਤਾ ਜਾਵੇਗਾ।

ਮੌਜੂਦਾ ਸਮੇਂ ਵਿਚ ਅਜਿਹੇ ਪ੍ਰਵਾਸੀਆਂ ਬਾਰੇ ਫੈਸਲਾ ਲੈਣ ਲਈ ਕਈ-ਕਈ ਸਾਲ ਲੱਗ ਜਾਂਦੇ ਹਨ। ਅਦਾਲਤੀ ਫੈਸਲੇ ਵਿਚ ਇੰਨਾ ਸਮਾਂ ਲੱਗ ਜਾਂਦਾ ਹੈ ਕਿ ਗੈਰ ਕਾਨੂੰਨੀ ਲੋਕ ਜੋ ਚਾਹੁੰਦੇ ਹਨ, ਇਥੇ ਉਹ ਕਰੀ ਜਾਂਦੇ ਹਨ। ਅੱਜਕੱਲ੍ਹ ਅਦਾਲਤਾਂ ਕੇਸਾਂ ਨਾਲ ਭਰੀਆਂ ਪਈਆਂ ਹਨ। ਨਿਆਂ ਵਿਭਾਗ ਨੇ ਨਵੇਂ ਪ੍ਰਵਾਸੀ ਕੇਸਾਂ ਦੇ ਤੇਜ਼ੀ ਨਾਲ ਫੈਸਲਾ ਕਰਨ ਲਈ 10 ਨਵੇਂ ਜੱਜਾਂ ਦੀ ਨਿਯੁਕਤੀ ਕੀਤੀ ਹੈ।

ਅਮਰੀਕੀ ਚੋਣਾਂ ਦੌਰਾਨ ਸਥਾਨਕ ਲੋਕਾਂ ਵੱਲੋਂ ਪ੍ਰਵਾਸੀਆਂ ਦਾ ਮੁੱਦਾ ਉੱਭਰ ਕੇ ਸਾਹਮਣੇ ਆਇਆ ਹੈ ਅਤੇ ਬਾਇਡਨ ਪ੍ਰਸ਼ਾਸਨ 'ਤੇ ਨਾਜਾਇਜ਼ ਤੌਰ 'ਤੇ ਆ ਰਹੇ ਪ੍ਰਵਾਸੀਆਂ ਨੂੰ ਰੋਕਣ 'ਚ ਨਾਕਾਮ ਰਹਿਣ ਦਾ ਦੋਸ਼ ਲੱਗ ਰਿਹਾ ਹੈ। ਅਮਰੀਕਾ ਦੀ ਇਮੀਗ੍ਰੇਸ਼ਨ ਅਦਾਲਤ ਵਿਚ ਇਸ ਵੇਲੇ ਲੱਖਾਂ ਕੇਸ ਬਕਾਇਆ ਪਏ ਹਨ, ਜਿਨ੍ਹਾਂ ਦੇ ਨਿਪਟਾਰੇ ਵਿਚ ਕਈ ਸਾਲ ਲੱਗ ਜਾਣਗੇ। ਪੁਰਾਣੇ ਕੇਸਾਂ ਨੂੰ ਨਿਪਟਾਉਣ ਲਈ 68 ਅਦਾਲਤਾਂ ਵਿਚ ਕੁੱਲ 600 ਜੱਜਾਂ ਦੀ ਨਿਯੁਕਤੀ ਕੀਤੀ ਗਈ ਹੈ। ਰਾਸ਼ਟਰਪਤੀ ਜੋਅ ਬਾਇਡਨ ਨੇ ਪਹਿਲਾਂ ਵੀ ਪ੍ਰਵਾਸੀਆਂ 'ਤੇ ਸਖਤੀ ਕਰਨ ਦਾ ਇਸ਼ਾਰਾ ਕੀਤਾ ਸੀ, ਪਰ ਉਹ ਜ਼ਿਆਦਾ ਅਸਰਦਾਰ ਨਹੀਂ ਰਿਹਾ।

ਅਮਰੀਕਾ ਦੇ ਕਾਨੂੰਨ ਮੁਤਾਬਕ ਸ਼ਰਨ ਲੈਣ ਲਈ ਅਰਜ਼ੀ ਦੇਣ ਤੋਂ ਬਾਅਦ ਕੋਈ ਵੀ ਪ੍ਰਵਾਸੀ 6 ਮਹੀਨੇ ਦੇ ਅੰਦਰ-ਅੰਦਰ ਵਰਕ ਪਰਮਿਟ ਪ੍ਰਾਪਤ ਕਰ ਸਕਦਾ ਹੈ, ਜਿਸ ਕਰਕੇ ਲੋਕ ਅਮਰੀਕਾ ਵਿਚ ਦਾਖਲ ਹੋਣ ਲਈ ਪ੍ਰੇਰਿਤ ਹੁੰਦੇ ਹਨ। ਹੁਣ ਦੇਖਣਾ ਇਹ ਹੈ ਕਿ ਚੋਣਾਂ ਤੋਂ ਪਹਿਲਾਂ ਇਹ ਨਵੇਂ ਨਿਰਦੇਸ਼ ਹੋਂਦ ਵਿਚ ਆਉਂਦੇ ਹਨ ਕਿ ਨਹੀਂ।

ਸਫਾ 1 ਦਾ ਬਾਕੀ

## ਪੰਜਾਬੀ ਗਾਇਕ ਗੁਰਦਾਸ ਮਾਨ ਖਿਲਾਫ...

ਪ੍ਰੋਗਰਾਮ ਸੀ, ਜਿਸ ਦੌਰਾਨ ਉਨ੍ਹਾਂ ਨੇ ਸਾਈਂ ਲਾਡੀ ਸ਼ਾਹ ਨੂੰ ਸ੍ਰੀ ਗੁਰੂ ਅਮਰਦਾਸ ਜੀ ਦਾ ਵੰਸ਼ ਦੱਸਿਆ ਸੀ। ਜਦੋਂ ਗੁਰਦਾਸ ਮਾਨ ਦੀ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ, ਤਾਂ ਸਿੱਖ ਜਥੇਬੰਦੀਆਂ ਵਲੋਂ ਇਸ ਦਾ ਭਾਰੀ ਵਿਰੋਧ ਕੀਤਾ ਗਿਆ ਸੀ। ਇਸ ਮਾਮਲੇ 'ਚ ਸਿੱਖ ਜਥੇਬੰਦੀਆਂ ਨੇ ਗੁਰਦਾਸ ਮਾਨ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਸੀ। ਮਾਮਲੇ ਨੂੰ ਜ਼ਿਆਦਾ ਭਖਦਾ ਵੇਖ ਹੁਣ ਗੁਰਦਾਸ ਮਾਨ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਕ ਵੀਡੀਓ ਸਾਂਝੀ ਕਰਦਿਆਂ ਮੁਆਫ਼ੀ ਵੀ ਮੰਗ ਲਈ ਸੀ।

ਸਫਾ 1 ਦਾ ਬਾਕੀ

## ਗੁਰਦਾਸਪੁਰ ਚੋਣ ਮੈਦਾਨ ਫਤਹਿ ਕਰਨ...

ਉਧਰ ਕਾਂਗਰਸ ਲਈ ਜਿੱਤ ਹਾਸਲ ਕਰਨ ਲਈ ਏਕਾ ਬਹੁਤ ਜ਼ਰੂਰੀ ਹੈ। ਪ੍ਰਤਾਪ ਸਿੰਘ ਬਾਜਵਾ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਇੱਕਜੁੱਟ ਹੋ ਕੇ ਚੱਲਣਾ ਪੈਣਾ ਹੈ। ਇਨ੍ਹਾਂ ਤਿੰਨਾਂ ਆਗੂਆਂ ਦੇ ਆਪਸੀ ਮੇਲ ਨਾਲ ਹੀ ਕਾਂਗਰਸ ਦਾ ਬੇੜਾ ਪਾਰ ਲੱਗ ਸਕਦਾ ਹੈ। ਜੇਕਰ ਪਿਛਲੇ ਸਮਿਆਂ ਦੀ ਗੱਲ ਕਰੀਏ, ਤਾਂ ਗੁੱਟਬੰਦੀ ਕਾਰਨ ਪ੍ਰਤਾਪ ਸਿੰਘ ਬਾਜਵਾ ਦਾ ਧੜਾ ਵੱਖਰਾ ਹੁੰਦਾ ਸੀ ਪਰ ਇਸ ਵਾਰ ਇਨ੍ਹਾਂ ਵਿਚਕਾਰ ਨਜ਼ਦੀਕੀਆਂ ਬਣ ਗਈਆਂ ਹਨ ਅਤੇ ਇਹ ਨੇੜਤਾ ਚੋਣਾਂ ਵਿਚ ਕਿੰਨੀ ਕੁ ਸਾਰਥਕ ਹੁੰਦੀ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

ਦੂਜੇ ਪਾਸੇ ਆਮ ਆਦਮੀ ਪਾਰਟੀ ਵਲੋਂ ਪੂਰੇ ਕਮਰਕੱਸੇ ਕੀਤੇ ਗਏ ਹਨ। 'ਆਪ' ਵਲੋਂ ਆਪਣੇ ਵਿਧਾਇਕ ਸ਼ੈਰੀ ਕਲਸੀ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਉਸ ਦੇ ਹੱਕ ਵਿਚ ਰੈਲੀਆਂ ਕੀਤੀਆਂ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਵਲੋਂ ਵੀ ਆਪਣੀ ਹੋਂਦ ਦੀ ਲੜਾਈ ਲੜੀ ਜਾ ਰਹੀ ਹੈ। ਅਕਾਲੀ ਦਲ ਨੂੰ ਡੇਰਾ ਬਾਬਾ ਨਾਨਕ ਹਲਕੇ ਤੋਂ ਉਨ੍ਹਾਂ ਦੇ ਆਗੂ ਰਵੀਕਰਨ ਸਿੰਘ ਕਾਹਲੋਂ ਦੇ ਭਾਜਪਾ ਵਿਚ ਜਾਣ ਦਾ ਝਟਕਾ ਜ਼ਰੂਰ ਲੱਗਾ ਹੈ ਪਰ ਪਾਰਟੀ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਪੇਂਡੂ ਖੇਤਰਾਂ ਵਿਚ ਪੂਰੀਆਂ ਰੈਲੀਆਂ ਕਰ ਰਹੇ ਹਨ।

ਸਫਾ 1 ਦਾ ਬਾਕੀ

## ਐੱਨ.ਆਈ.ਏ. ਵੱਲੋਂ ਅਰਸ਼ ਡੱਲਾ ਤੇ...

ਸਹਿਯੋਗੀ ਖ਼ਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐੱਫ.) ਦੇ ਡੱਲਾ ਦੀਆਂ ਹਦਾਇਤਾਂ 'ਤੇ ਭਾਰਤ 'ਚ ਵੱਡਾ ਅੱਤਵਾਦੀ-ਗੈਂਗਸਟਰ ਸਿੰਡੀਕੇਟ ਚਲਾ ਰਹੇ ਸਨ

ਐੱਨ.ਆਈ.ਏ. ਨੇ ਕਿਹਾ ਕਿ ਮੁਲਜ਼ਮ ਮੌਰ ਤੇ ਰਾਜਪੁਰਾ ਸਲੀਪਰ ਸੈੱਲ ਵਜੋਂ ਕੰਮ ਕਰ ਰਹੇ ਸਨ ਤੇ ਉਨ੍ਹਾਂ ਨੂੰ ਰਾਜੀਵ ਕੁਮਾਰ ਵਲੋਂ ਪਨਾਹ ਦਿੱਤੀ ਜਾ ਰਹੀ ਸੀ। ਐੱਨ.ਆਈ.ਏ. ਨੇ ਚਾਰਜਸ਼ੀਟ 'ਚ ਦਾਅਵਾ ਕੀਤਾ ਹੈ ਕਿ ਤਿੰਨਾਂ ਨੇ ਡੱਲਾ ਦੀ ਹਦਾਇਤ 'ਤੇ ਉਸ ਪਾਸੋਂ ਪ੍ਰਾਪਤ ਧਨ ਨਾਲ ਕਈ ਅੱਤਵਾਦੀ ਹਮਲਿਆਂ ਨੂੰ ਅੰਜਾਮ ਦੇਣ ਦੀ ਯੋਜਨਾ ਬਣਾਈ ਸੀ। ਏਜੰਸੀ ਦੇ ਬਿਆਨ 'ਚ ਕਿਹਾ ਗਿਆ ਹੈ ਕਿ ਮੌਰ ਤੇ ਰਾਜਪੁਰਾ ਗਿਰੋਹ ਦੇ ਸ਼ੂਟਰ ਸਨ ਤੇ ਉਨ੍ਹਾਂ ਨੂੰ ਟਾਰਗੇਟ ਕਿਲਿੰਗਜ਼ ਨੂੰ ਅੰਜਾਮ ਦੇਣ ਦਾ ਕੰਮ ਸੌਂਪਿਆ ਗਿਆ ਸੀ, ਜਦਕਿ ਰਾਜੀਵ ਕੁਮਾਰ ਉਰਫ਼ ਸ਼ੀਲਾ ਨੂੰ ਹੈਰੀ ਮੌਰ ਤੇ ਹੈਰੀ ਰਾਜਪੁਰਾ ਨੂੰ ਪਨਾਹ ਦੇਣ ਲਈ ਅਰਸ਼ ਡੱਲਾ ਤੋਂ ਪੈਸਾ ਮਿਲ ਰਿਹਾ ਸੀ।

ਐੱਨ.ਆਈ.ਏ. ਦੀ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਰਾਜੀਵ ਕੁਮਾਰ, ਡੱਲਾ ਦੀ ਹਦਾਇਤ 'ਤੇ ਹੋਰ 2 ਲਈ ਰਸਦ ਸਹਾਇਤਾ ਤੇ ਹਥਿਆਰਾਂ ਦਾ ਪ੍ਰਬੰਧ ਵੀ ਕਰਦਾ ਸੀ। ਜਾਂਚ ਏਜੰਸੀ ਨੇ ਮੌਰ ਤੇ ਰਾਜਪੁਰਾ ਨੂੰ 23 ਨਵੰਬਰ, 2023 ਨੂੰ ਤੇ ਕੁਮਾਰ ਨੂੰ 12 ਜਨਵਰੀ, 2024 ਨੂੰ ਗ੍ਰਿਫ਼ਤਾਰ ਕੀਤਾ ਸੀ। ਫਿਲਹਾਲ ਐੱਨ.ਆਈ.ਏ. ਨੇ ਕਿਹਾ, "ਪੂਰੇ ਅੱਤਵਾਦੀ-ਗੈਂਗਸਟਰ ਸਿੰਡੀਕੇਟ ਨੂੰ ਖ਼ਤਮ ਕਰਨ ਲਈ ਜਾਂਚ ਜਾਰੀ ਹੈ।"

## ਜਾਅਲੀ ਦਸਤਾਵੇਜ਼ ਤਿਆਰ ਕਰਕੇ ਗੈਂਗਸਟਰਾਂ ਦੇ ਵਿਦੇਸ਼ ਭੱਜਣ ਦੇ ਮਾਮਲੇ 'ਚ 3 ਏਜੰਟ ਗ੍ਰਿਫ਼ਤਾਰ

**ਮੋਹਾਲੀ, (ਪੰਜਾਬ ਮੇਲ)**- ਸਟੇਟ ਸਪੈਸ਼ਲ ਆਪਰੇਟਿੰਗ ਸੈੱਲ (ਐੱਸ.ਐੱਸ.ਓ.ਸੀ.) ਮੋਹਾਲੀ ਦੇ ਹੱਥ ਵੱਡੀ ਕਾਮਯਾਬੀ ਲੱਗੀ ਹੈ। ਸੈੱਲ ਨੇ ਜਾਅਲੀ ਦਸਤਾਵੇਜ਼ ਤਿਆਰ ਕਰਕੇ ਦੇਸ਼ 'ਚੋਂ ਫ਼ਰਾਰ ਹੋਣ ਵਿਚ ਮਦਦ ਕਰਨ ਵਾਲੇ 3 ਏਜੰਟਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਇਮੀਗ੍ਰੇਸ਼ਨ ਏਜੰਟ ਮੁੱਖ ਤੌਰ 'ਤੇ ਗੈਂਗਸਟਰਾਂ ਨੂੰ ਭਾਰਤ ਤੋਂ ਵਿਦੇਸ਼ ਭੇਜ ਕੇ ਉੱਥੇ ਸੈਟਲ ਵੀ ਕਰਵਾਉਂਦੇ ਸਨ। ਇਨ੍ਹਾਂ ਇਮੀਗ੍ਰੇਸ਼ਨ ਏਜੰਟਾਂ ਵੱਲੋਂ ਪਾਸਪੋਰਟ ਅਤੇ ਹੋਰ ਦਸਤਾਵੇਜ਼ ਤੱਕ ਜਾਅਲੀ ਬਣਾਏ ਜਾਂਦੇ ਸਨ। ਮੁਲਜ਼ਮਾਂ ਦੀ ਪਛਾਣ ਜਲੰਧਰ ਨਿਵਾਸੀ ਜਗਜੀਤ ਸਿੰਘ ਉਰਫ਼ ਜੀਤਾ, ਮੁਹੰਮਦ ਸਾਜੇਬ ਅਤੇ ਮੁਹੰਮਦ ਕੈਫ ਵਜੋਂ ਹੋਈ ਹੈ। ਸੈੱਲ ਵੱਲੋਂ ਤਿੰਨੇ ਮੁਲਾਜ਼ਮਾਂ ਤੋਂ ਸਖ਼ਤੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਫ਼ਿਲਹਾਲ ਇਸ ਮਾਮਲੇ 'ਚ ਕਈ ਵੱਡੇ ਖੁਲਾਸੇ ਹੋ ਸਕਦੇ ਹਨ। ਇਹ ਵੀ ਜਾਣਕਾਰੀ ਮਿਲੀ ਹੈ ਕਿ ਮੁਲਜ਼ਮ ਹੁਣ ਤੱਕ 15 ਤੋਂ 20 ਗੈਂਗਸਟਰਾਂ ਨੂੰ ਵਿਦੇਸ਼ ਫ਼ਰਾਰ ਹੋਣ 'ਚ ਮਦਦ ਕਰ ਚੁੱਕੇ ਸਨ।

ਜਾਣਕਾਰੀ ਮੁਤਾਬਕ ਐੱਸ.ਐੱਸ.ਓ.ਸੀ. ਮੋਹਾਲੀ ਨੂੰ ਮੁਖਬਰਾਂ ਤੋਂ ਸੂਚਨਾ ਮਿਲੀ ਸੀ ਕਿ ਕਈ ਹਾਰਡਕੋਰ ਕ੍ਰਿਮੀਨਲ ਜਿਨ੍ਹਾਂ ਨੇ ਘਿਨਾਉਣੇ ਅਪਰਾਧ ਕੀਤੇ ਹਨ, ਉਹ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਆਏ ਹੋਏ ਹਨ ਪਰ ਇਹ ਭਾਰਤ ਛੱਡ ਵਿਦੇਸ਼ ਭੱਜਣ ਦੀ ਫਿਰਾਕ ਵਿਚ ਹਨ। ਕੁਝ ਜਾਅਲੀ ਇਮੀਗ੍ਰੇਸ਼ਨ ਏਜੰਟ ਇਨ੍ਹਾਂ ਦੀ ਮਦਦ ਕਰ ਰਹੇ ਹਨ। ਸੂਚਨਾ ਮਿਲਦੇ ਹੀ ਐੱਸ.ਐੱਸ.ਓ.ਸੀ. ਨੇ ਪਹਿਲਾਂ ਜਲੰਧਰ ਦੇ ਰਹਿਣ ਵਾਲੇ ਜਗਜੀਤ ਸਿੰਘ ਉਰਫ਼ ਜੀਤਾ ਨੂੰ ਗ੍ਰਿਫ਼ਤਾਰ ਕਰ ਲਿਆ।

ਸਫਾ 1 ਦਾ ਬਾਕੀ

## 'ਆਪ' ਦੇ ਰਾਜ ਸਭਾ ਮੈਂਬਰਾਂ ਦੀ ਚੋਣ...

ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਦੌਰਾਨ ਰਾਜ ਸਭਾ ਮੈਂਬਰ ਡਾ. ਸੰਦੀਪ ਪਾਠਕ ਨੂੰ ਛੱਡ ਕੇ ਬਾਕੀ ਕੋਈ ਵੀ ਰਾਜ ਸਭਾ ਮੈਂਬਰ ਦਿਖਾਈ ਨਹੀਂ ਦੇ ਰਿਹਾ ਹੈ। ਡਾ. ਸੰਦੀਪ ਪਾਠਕ ਕੋਲ ਕੌਮੀ ਪੱਧਰ ਦੀ ਜ਼ਿੰਮੇਵਾਰੀ ਹੋਣ ਕਰਕੇ ਉਹ ਪੰਜਾਬ ਦੇ ਨਾਲ-ਨਾਲ ਦੇਸ਼ ਦੇ ਹੋਰਨਾਂ ਸੂਬਿਆਂ ਵਿਚ ਵੀ ਪ੍ਰਚਾਰ ਦਾ ਕੰਮ ਦੇਖ ਰਹੇ ਹਨ। ਇਸ ਤੋਂ ਇਲਾਵਾ ਰਾਜ ਸਭਾ ਮੈਂਬਰ ਰਾਘਵ ਚੱਢਾ, ਵਿਕਰਮਜੀਤ ਸਾਹਨੀ, ਸੰਤ ਬਲਬੀਰ ਸਿੰਘ ਸੀਚੇਵਾਲ, ਸੰਜੀਵ ਅਰੋੜਾ, ਅਸ਼ੋਕ ਮਿੱਤਲ ਅਤੇ ਹਰਭਜਨ ਸਿੰਘ ਪੰਜਾਬ ਵਿਚ ਚੋਣ ਸਰਗਰਮੀਆਂ ਦੌਰਾਨ ਕਿਤੇ ਵੀ ਦਿਖਾਈ ਨਹੀਂ ਦੇ ਰਹੇ ਹਨ। ਰਾਜ ਸਭਾ ਮੈਂਬਰ ਰਾਘਵ ਚੱਢਾ ਪਿਛਲੇ ਦਿਨੀਂ ਵਿਦੇਸ਼ ਤੋਂ ਪਰਤ ਆਏ ਹਨ। ਉਹ ਇਕ ਵਾਰ ਚੰਡੀਗੜ੍ਹ ਵੀ ਆਏ ਪਰ ਸ਼੍ਰੀ ਚੱਢਾ 'ਆਪ' ਉਮੀਦਵਾਰਾਂ ਲਈ ਚੋਣ ਪ੍ਰਚਾਰ ਕਰਦੇ ਦਿਖਾਈ ਨਹੀਂ ਦੇ ਰਹੇ ਹਨ। 'ਆਪ' ਵੱਲੋਂ ਵੀ ਰਾਜ ਸਭਾ ਮੈਂਬਰਾਂ ਨੂੰ ਪੰਜਾਬ ਦੇ ਸਟਾਰ ਪ੍ਰਚਾਰਕਾਂ ਦੀ ਸੂਚੀ ਵਿਚੋਂ ਬਾਹਰ ਰੱਖਿਆ ਗਿਆ ਹੈ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪਹਿਲਾਂ ਹੀ ਰਾਜਸੀ ਗਤੀਵਿਧੀਆਂ 'ਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਰਾਜ ਸਭਾ ਮੈਂਬਰ ਹਰਭਜਨ ਸਿੰਘ ਤਾਂ ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਵਿਚ ਵੀ ਨਜ਼ਰ ਨਹੀਂ ਆਏ। ਉਨ੍ਹਾਂ ਜ਼ਿਮਨੀ ਚੋਣ ਵਿਚ ਵੋਟ ਵੀ ਨਹੀਂ ਪਾਈ।

# PUNJAB MAIL USA

## TV Channel, Newspaper, Radio

**All over America, Canada, Australia & Europe**

## 24 Hours 7 Days



**Gold # 2867, Gem # 375, TV Zon # 6888, Glow TV # 1828, Tashan # 131, Real TV etc.**

You can also watch on our website: PunjabMailUSA.com

**For any Information & Advertisement Call at**

**+1-916-280-8811 or +1-916-320-9444**

E-mail: punjabmailtv@gmail.com Web: punjabmailusa.com

# ਪੰਜਾਬ ਦੇ ਸਰਵੋਤਮ ਸਿਆਸੀ ਬੁਲਾਰੇ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਦੇਸ਼ ਵਿਚ ਲੋਕ ਸਭਾ ਦੀਆਂ ਚੋਣਾਂ ਦਾ ਦੰਗਲ ਭਖਿਆ ਹੋਇਆ ਹੈ। ਪੰਜਾਬ ਦਾ ਵੀ ਸਿਆਸੀ ਵਾਤਵਰਨ ਗਰਮ ਹੈ ਪ੍ਰੰਤੂ ਚੰਗੇ ਬੁਲਾਰਿਆਂ ਦੀ ਘਾਟ ਮਹਿਸੂਸ ਹੋ ਰਹੀ ਹੈ। ਵਰਤਮਾਨ ਬੁਲਾਰਿਆਂ ਦਾ ਸਿਰਫ਼ ਦੁਸ਼ਣਬਾਜ਼ੀ ’ਤੇ ਹੀ ਜ਼ੋਰ ਹੈ। ਗਿਆਨੀ ਜ਼ੈਲ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਬੂਟਾ ਸਿੰਘ ਅਤੇ ਜਸਵੀਰ ਸਿੰਘ ਸੰਗਰੂਰ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਜਗਮੀਤ ਸਿੰਘ ਬਰਾੜ ਚੁੱਪ ਹਨ, ਬਲਵੰਤ ਸਿੰਘ ਰਾਮੂਵਾਲੀਆ ਉਤਰ ਪ੍ਰਦੇਸ਼ ਵਿਚ ਮਸ਼ਰੂਫ਼ ਹਨ, ਨਵਜੋਤ ਸਿੰਘ ਸਿੱਧੂ ਕਮੈਂਟਰੀ ਕਰ ਰਹੇ ਹਨ। ਪ੍ਰਮੁੱਖ ਬੁਲਾਰਿਆਂ ਵਿਚੋਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸੁਖਪਾਲ ਸਿੰਘ ਖਹਿਰਾ ਹੀ ਚੋਣ ਮੈਦਾਨ ਵਿਚ ਗਰਜ ਰਹੇ ਹਨ। ਪੰਜਾਬ ਦੇ ਸਿਆਸਤਦਾਨ ਦੇਸ਼ ਦੀ ਸਿਆਸਤ ਵਿਚ ਹਮੇਸ਼ਾ ਹੀ ਨਾਮਣਾ ਖੱਟਦੇ ਰਹੇ ਹਨ। ਆਮ ਤੌਰ ’ਤੇ ਕਿਹਾ ਜਾਂਦਾ ਹੈ ਕਿ ਅਕਾਲੀ ਦਲ ਸਿਆਸਤਦਾਨਾਂ ਅਤੇ ਸਿਆਸੀ ਬੁਲਾਰਿਆਂ ਦੀ ਨਰਸਰੀ ਰਹੀ ਹੈ। ਆਜ਼ਾਦੀ ਤੋਂ ਪਹਿਲਾਂ ਅਤੇ ਥੋੜ੍ਹੀ ਦੇਰ ਬਾਅਦ ਅਕਾਲੀ ਦਲ ਅਤੇ ਕਾਂਗਰਸੀ ਇਕੱਠੇ ਰਲ ਕੇ ਚੋਣਾਂ ਲੜਦੇ ਰਹੇ ਹਨ। ਅਕਾਲੀ ਦਲ ਸਿਆਸੀ ਪਾਰਟੀ ਨਹੀਂ ਸੀ, ਇਸ ਲਈ ਕਾਂਗਰਸ ਪਾਰਟੀ ਦੇ ਟਿਕਟ ’ਤੇ ਚੋਣਾਂ ਲੜਦੇ ਸਨ। ਇਥੋਂ ਤੱਕ ਕਾਂਗਰਸ ਦੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਰਹੇ ਹਨ। ਭਾਵ ਇੱਕੋ ਸਮੇਂ ਦੋਵੇਂ ਅਹੁਦਿਆਂ ’ਤੇ ਰਹੇ ਹਨ। ਪੰਜਾਬ ਦੀ ਸਿਆਸਤ ਵਿਚ ਸਭ ਤੋਂ ਵਧੀਆ ਬੁਲਾਰੇ ਅਕਾਲੀ ਦਲ ਵਿਚੋਂ ਟਰੇਨਿੰਗ ਲੈ ਕੇ ਆਏ ਹੋਏ ਹਨ। ਮੇਰਾ ਇਥੇ ਇਹ ਦੱਸਣ ਦਾ ਭਾਵ ਹੈ ਕਿ ਅਕਾਲੀ ਦਲ ਨੂੰ ਪੰਥਕ ਪਾਰਟੀ ਕਿਹਾ ਜਾਂਦਾ ਹੈ ਅਤੇ ਉਸ ਦੇ ਮੈਂਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਲੈ ਕੇ ਪ੍ਰਬੁੱਧ ਵਿਆਖਿਆਕਾਰ ਬਣਦੇ ਹਨ। ਪ੍ਰਮੁੱਖ ਬੁਲਾਰਿਆਂ ਵਿੱਚ ਗਿਆਨੀ ਜ਼ੈਲ ਸਿੰਘ, ਸ. ਬੂਟਾ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਬਲਵੰਤ ਸਿੰਘ ਰਾਮੂਵਾਲੀਆ, ਸ. ਬੀਰ ਦਵਿੰਦਰ ਸਿੰਘ, ਸ. ਜਗਮੀਤ ਸਿੰਘ ਬਰਾੜ ਅਤੇ ਸ. ਜਸਵੀਰ ਸਿੰਘ ਸੰਗਰੂਰ ਆਦਿ ਵਰਣਨਯੋਗ ਹਨ। ਇਨ੍ਹਾਂ ਸਾਰੇ ਸਿਆਸਤਦਾਨਾਂ ਦੀ ਵਿਰਾਸਤ ਅਕਾਲੀ ਦਲ ਰਿਹਾ ਹੈ। ਇਨ੍ਹਾਂ ਵਿਚ ਇਕ ਨਵਾਂ ਬੁਲਾਰਾ ਨਵਜੋਤ ਸਿੰਘ ਸਿੱਧੂ ਵੀ ਸ਼ਾਮਲ ਹੋਇਆ ਹੈ, ਜਿਹੜਾ ਲੱਛੇਦਾਰ ਵਿਸ਼ੇਸ਼ਣਾਂ ਦਾ ਸਹਾਰਾ ਲੈਂਦਾ ਹੈ ਪ੍ਰੰਤੂ ਸੰਜੀਦਗੀ ਦੀ ਘਾਟ ਮਹਿਸੂਸ ਹੁੰਦੀ ਹੈ। ਭਾਵੇਂ ਇਨ੍ਹਾਂ ਵਿਚੋਂ ਕੁਝ ਕੁ ਕਿਸੇ ਇਕ ਪਾਰਟੀ ਵਿਚ ਟਿਕ ਕੇ





ਮਰਹੂਮ ਬੀਰ ਦਵਿੰਦਰ ਸਿੰਘ, ਜਗਮੀਤ ਸਿੰਘ ਬਰਾੜ ਅਤੇ ਮਰਹੂਮ ਜਸਵੀਰ ਸਿੰਘ।


ਰਹਿ ਨਹੀਂ ਸਕੇ। ਗਿਆਨੀ ਜ਼ੈਲ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸ. ਬੂਟਾ ਸਿੰਘ ਧਾਰਮਿਕ ਸ਼ਬਦਾਵਲੀ ਦਾ ਸਹਾਰਾ ਲੈਂਦੇ ਸਨ। ਗਿਆਨੀ ਜ਼ੈਲ ਸਿੰਘ ਸਾਹਿਤਕ ਪਿਉਂਦ ਵੀ ਦੇ ਦਿੰਦੇ ਸਨ। ਇਹ ਵੀ ਜ਼ਰੂਰੀ ਨਹੀਂ ਰਿਹਾ ਕਿ ਸਰਵੋਤਮ ਬੁਲਾਰੇ ਸਿਆਸੀ ਪਿੜ ਵਿਚ ਸਫਲ ਹੋਏ ਹੋਣ। ਜਥੇਦਾਰ ਗੁਰਚਰਨ ਸਿੰਘ ਟੌਹੜਾ ਧਾਰਮਿਕ ਖੇਤਰ ਵਿਚ ਵਧੇਰੇ ਸਫਲ ਰਹੇ ਹਨ। ਸਿਆਸਤ ਵਿਚ ਸਫਲਤਾ ਲਈ ਬੁਲਾਰੇ ਹੋਣ ਤੋਂ ਇਲਾਵਾ ਤਿਗੜਬਾਜ਼ੀ ਜ਼ਰੂਰੀ ਸਾਬਤ ਹੁੰਦੀ ਹੈ। ਸਿਰਫ਼ ਚਾਰ-ਪੰਜ ਬੁਲਾਰੇ ਸਰਵੋਤਮ ਬੁਲਾਰਿਆਂ ਦੀ ਕੈਟੇਗਰੀ ਵਿਚ ਮੇਰੀ ਸਮਝ ਮੁਤਾਬਕ ਆਉਂਦੇ ਹਨ, ਉਨ੍ਹਾਂ ਵਿਚ ਬੀਰ ਦਵਿੰਦਰ ਸਿੰਘ, ਬਲਵੰਤ ਸਿੰਘ ਰਾਮੂਵਾਲੀਆ, ਜਗਮੀਤ ਸਿੰਘ ਬਰਾੜ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਹਨ। ਸ. ਬੀਰ ਦਵਿੰਦਰ ਸਿੰਘ ਪਿਛਲੇ ਸਾਲ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ ਸੀ। ਵਰਤਮਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਚੰਗਾ ਬੁਲਾਰਾ ਹੈ ਪਰੰਤੂ ਉਸਦਾ ਭਾਸ਼ਣ ਹਿਊਮਰ ਕਰਕੇ ਜਾਣਿਆਂ ਜਾਂਦਾ ਹੈ। ਉਨ੍ਹਾਂ ਨੂੰ ਸਰਵੋਤਮ ਸਿਆਸੀ ਬੁਲਾਰਿਆਂ ਦੀ ਸੂਚੀ ਵਿਚ ਸ਼ਾਮਲ ਹੋਣ ਲਈ ਸੰਜੀਦਗੀ ਦਾ ਪੱਲਾ ਫੜਨਾ ਪਵੇਗਾ। ਸਿਆਸਤ ਵਿਚ ਸੰਜੀਦਗੀ ਵੀ ਅਤਿਅੰਤ ਜ਼ਰੂਰੀ ਹੁੰਦੀ ਹੈ। ਮੇਰਾ ਭਾਵ ਇਹ ਵੀ ਨਹੀਂ ਹੈ ਕਿ ਬਾਕੀ ਸਿਆਸਤਦਾਨ ਚੰਗੇ ਬੁਲਾਰੇ ਨਹੀਂ ਹਨ। ਇਹ ਮੇਰੇ ਵਰਗਿਆਂ ਦੇ ਲਿਖਣ ਨਾਲ ਚੰਗੇ ਮਾੜੇ ਨਹੀਂ ਬਣਦੇ। ਸਰਵੋਤਮ ਬੁਲਾਰੇ ਤਾਂ ਆਪਣੇ ਆਪ ਸਮਾਜ ’ਤੇ ਪ੍ਰਭਾਵ ਪਾ ਕੇ ਸਿਆਸੀ ਮੈਦਾਨ ਵਿਚ ਨਾਮਣਾ ਖੱਟਦੇ ਹਨ। ਸਰੋਤੇ ਉਨ੍ਹਾਂ ਨੂੰ ਸੁਣਕੇ ਅਸ਼-ਅਸ਼ ਕਰ ਉਠਦੇ ਹਨ। ਇਨ੍ਹਾਂ ਵਿਚੋਂ ਦੋ ਸ. ਬੀਰ ਦਵਿੰਦਰ ਸਿੰਘ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਟਕਸਾਲ ਦੀ ਪੈਦਾਇਸ਼ ਹਨ। ਉਨ੍ਹਾਂ ਤੋਂ ਸਿਆਸੀ ਗੁੜ੍ਹਤੀ ਅਤੇ ਸਿਖਿਆ ਲੈ ਕੇ ਸਿਆਸੀ ਮੈਦਾਨ ਵਿਚ ਨਿਤਰੇ ਹਨ। ਭਾਵੇਂ ਬਾਅਦ ਵਿਚ ਇਹ ਦੋਵੇਂ ਜਥੇਦਾਰ ਟੌਹੜਾ ਦੀ ਟਕਸਾਲ ਵਿਚੋਂ ਬਾਹਰ ਆ ਗਏ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਸਰਦਾਰ ਬੀਰ ਦਵਿੰਦਰ ਸਿੰਘ ਨੂੰ ਤਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਖੁਦ ਕਾਂਗਰਸ ਪਾਰਟੀ ਵਿਚ ਸਿਆਸੀ ਖਲਾਆ ਭਰਨ ਲਈ ਭੇਜਿਆ ਸੀ। ਇਨ੍ਹਾਂ ਸਾਰਿਆਂ ਵਿਚੋਂ ਬੀਰ ਦਵਿੰਦਰ ਸਿੰਘ ਦੀ ਕਾਬਲੀਅਤ ਵਰਣਨਯੋਗ ਹੈ। ਉਨ੍ਹਾਂ ਦੀ ਹਰ ਖੇਤਰ ਦੀ ਜਾਣਕਾਰੀ ਵਿਸ਼ਾਲ ਹੁੰਦੀ ਸੀ, ਜਿਵੇਂ ਇਤਿਹਾਸ, ਸਾਹਿਤ, ਵਿਰਾਸਤ ਅਤੇ ਸਾਰੇ ਧਰਮਾਂ ਦੀ ਡੂੰਘਾਈ ਤੱਕ ਜਾਣਕਾਰੀ। ਉਨ੍ਹਾਂ ਦਾ ਪਿੰਡ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੀ ਪਵਿੱਤਰ ਧਰਤੀ ਦੇ ਨਜ਼ਦੀਕ ਹੋਣ ਕਰਕੇ, ਉਨ੍ਹਾਂ ਨੂੰ ਰੂਹਾਨੀ ਤਾਕਤ ਮਿਲਦੀ ਰਹੀ। ਉਹ ਅੰਗਰੇਜ਼ੀ ਭਾਸ਼ਾ ਦੇ ਵੀ ਗਿਆਤਾ ਸਨ। ਜਦੋਂ ਉਹ ਉਦਾਹਰਨਾਂ ਦੇਣ ਲੱਗਦੇ ਸਨ, ਤਾਂ ਕਈ ਵਾਰ ਇਉਂ ਲੱਗਦਾ ਸੀ, ਜਿਵੇਂ ਉਨ੍ਹਾਂ ਦੀ ਜਾਣਕਾਰੀ ਦਾ ਖ਼ਜ਼ਾਨਾ ਅਥਾਹ ਭਰਪੂਰ ਹੋਵੇ। ਧਾਰਮਿਕ ਉਦਾਹਰਨਾਂ ਦੇਣ ਸਮੇਂ ਉਹ ਅਧਿਆਤਮਿਕ ਰੂਹਾਨੀ ਵਿਦਵਾਨ ਲੱਗਦੇ ਹਨ। ਉਹ ਆਪਣੀ ਭਾਸ਼ਣ ਕਲਾ ਨਾਲ ਸਰੋਤਿਆਂ ਨੂੰ ਅਜਿਹੇ ਢੰਗ ਨਾਲ ਕੀਲ ਲੈਂਦੇ ਸਨ, ਸਰੋਤੇ ਉਨ੍ਹਾਂ ਦੇ ਸ਼ਬਦਾਂ ਦੇ ਵਹਿਣ ਵਿਚ ਦਰਿਆ ਦੇ ਵਹਿਣ ਦੀ ਤਰ੍ਹਾਂ ਵਹਿ ਤੁਰਦੇ ਹਨ। ਉਦਾਹਰਣਾਂ, ਲੁਕੋਕਤੀਆਂ, ਵਿਸ਼ੇਸ਼ਣ, ਕੁਟੇਸ਼ਨਾਂ, ਧਾਰਮਿਕ ਅਤੇ ਸਾਹਿਤਕ ਤੁਕਾਂ ਉਨ੍ਹਾਂ ਦੇ ਭਾਸ਼ਣ ਨੂੰ ਰਸਦਾਇਕ ਬਣਾ ਦਿੰਦੀਆਂ ਹਨ। ਉਹ ਦਬੰਗ ਸਿਆਸਤਦਾਨ ਸਨ ਪਰੰਤੂ ਉਨ੍ਹਾਂ ਦਾ ਰਾਹ ਸਿਆਸਤਦਾਨ ਰੋਕਦੇ ਰਹੇ, ਤਾਂ ਜੋ ਕਿਤੇ ਉਨ੍ਹਾਂ ਨੂੰ ਮਾਤ ਨਾ ਪਾ ਜਾਣ। ਬਲਵੰਤ ਸਿੰਘ ਰਾਮੂਵਾਲੀਆ ਵੀ ਬਿਹਤਰੀਨ ਬੁਲਾਰੇ ਹਨ। ਉਨ੍ਹਾਂ ਦੀ ਵਿਰਾਸਤ ਵੀ ਧਾਰਮਿਕ ਹੈ। ਉਹ ਸ਼ਾਤਰ ਸਿਆਸਤਦਾਨ ਹਨ। ਪਰੰਤੂ ਉਹ ਵੀ ਕਿਸੇ ਇਕ ਪਾਰਟੀ ਨਾਲ ਜੁੜਕੇ ਨਹੀਂ ਰਹਿ ਸਕੇ। ਉਹ ਆਪਣੀ ਭਾਸ਼ਣ ਦੀ ਕਲਾ ਕਰਕੇ ਵੱਖੋ-ਵੱਖਰੀਆਂ ਪਾਰਟੀਆਂ ਦੀ ਸਿਆਸੀ ਤਾਕਤ ਦਾ ਆਨੰਦ ਮਾਣਦੇ ਰਹਿੰਦੇ ਹਨ। ਜਗਮੀਤ ਸਿੰਘ ਬਰਾੜ ਆਪਣੇ ਪਿਤਾ ਦੀ ਟਕਸਾਲ ਵਿਚੋਂ ਸਿਆਸੀ ਗੁੜ੍ਹਤੀ ਲੈ ਕੇ ਸਿਆਸਤ ਵਿਚ ਆਏ ਹਨ ਪਰੰਤੂ ਉਨ੍ਹਾਂ ਦੀ ਤ੍ਰਾਸਦੀ ਵੀ ਇਹੋ ਹੈ ਕਿ ਉਹ ਕਿਸੇ ਇਕ ਪਾਰਟੀ ਵਿਚ ਟਿਕ ਨਹੀਂ ਸਕੇ। ਉਨ੍ਹਾਂ ਦੀ ਭਾਸ਼ਣ ਕਲਾ ਵੀ ਕਮਾਲ ਦੀ ਹੈ ਪ੍ਰੰਤੂ ਬੇਬਾਕ ਸਿਆਸਤਦਾਨ ਹੋਣ ਕਰਕੇ ਉਨ੍ਹਾਂ ਨੂੰ ਸਿਆਸੀ ਪਾਰਟੀਆਂ ਨੇ ਆਪੋ ਆਪਣੇ ਭਵਿੱਖ ਨੂੰ ਖ਼ਤਰੇ ਵਿਚ ਮਹਿਸੂਸ ਕਰਦਿਆਂ ਬਰਦਾਸ਼ਤ ਨਹੀਂ ਕੀਤਾ। ਆਰਥਿਕ ਤੌਰ ’ਤੇ ਬਹੁਤਾ ਤਾਕਤਵਰ ਨਾ ਹੋਣਾ ਵੀ ਉਨ੍ਹਾਂ ਦੀ ਸਿਆਸਤ ਦੇ ਰਸਤੇ ਵਿਚ ਰੁਕਾਵਟ ਬਣਿਆਂ ਹੈ। ਪ੍ਰੇਮ ਸਿੰਘ ਚੰਦੂਮਾਜਰਾ ਨੂੰ ਸਿਆਸਤ ਵਿਚ ਤਰਜੀਹ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਦਿੱਤੀ। ਵੈਸੇ ਵੀ ਉਨ੍ਹਾਂ ਦਾ ਪਿੰਡ ਵੀ ਧਾਰਮਿਕ ਤੌਰ ’ਤੇ ਜਾਗ੍ਰਿਤ ਇਲਾਕੇ ਵਿਚ ਪੈਂਦਾ ਹੈ, ਜਿਥੋਂ ਧਾਰਮਿਕ ਰੌਸ਼ਨੀ ਦੀ ਚਿਣਗ ਮਿਲਦੀ ਰਹੀ। ਸਿਆਸੀ ਪਿੜ ਵਿਚ ਉਤਾਰਨ ਵਾਲੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਹੀ ਉਨ੍ਹਾਂ ਤੋਂ ਮੂੰਹ ਮੋੜ ਗਏ ਸਨ। ਸੁਖਪਾਲ ਸਿੰਘ ਖਹਿਰਾ ਕੋਲ ਦਲੀਲ ਹੁੰਦੀ ਹੈ, ਤੱਥਾਂ ’ਤੇ ਆਧਾਰਿਤ ਗੱਲ ਕਰਦਾ ਹੈ ਪ੍ਰੰਤੂ ਲੱਛੇਦਾਰ ਸ਼ਬਦਾਵਲੀ ਦੀ ਘਾਟ ਰੜਕਦੀ ਹੈ। ਸਿਆਸਤਦਾਨਾਂ ਨੂੰ ਪ੍ਰਬੁੱਧ ਬੁਲਾਰਾ ਬਣਨ ਲਈ ਇਤਿਹਾਸ ਅਤੇ ਧਾਰਮਿਕ ਗ੍ਰੰਥ ਪੜ੍ਹਕੇ ਆਪਣੀ ਜਾਣਕਾਰੀ ਵਿਚ ਵਾਧਾ ਕਰਨਾ ਚਾਹੀਦਾ ਹੈ। ਤੂਹਮਤਾਂ ਲਗਾ ਕੇ ਚੰਗਾ ਬੁਲਾਰਾ ਨਹੀਂ ਬਣਿਆਂ ਜਾ ਸਕਦਾ। ਤੱਥਾਂ ’ਤੇ ਆਧਾਰਿਤ ਦਲੀਲ ਦੇਣ ਨਾਲ ਸਾਰਥਿਕਤਾ ਬਣਦੀ ਹੈ। ਇਸ ਲਈ ਸਿਆਸਤਦਾਨਾਂ ਦੀ ਨਵੀਂ ਪਨੀਰੀ ਨੂੰ ਸਰਵੋਤਮ ਬੁਲਾਰਿਆਂ ਦੇ ਭਾਸ਼ਣ ਸੁਣਕੇ ਉਨ੍ਹਾਂ ਦੀ ਤਰਜ ’ਤੇ ਭਾਸ਼ਣ ਦੇਣ ਦੀ ਕਲਾ ਸਿੱਖਣੀ ਚਾਹੀਦੀ ਹੈ। ਗੁਮਰਾਹਕੁੰਨ ਵਿਚਾਰ ਬੁਲਾਰਿਆਂ ਦੀ ਕਲਾ ਨੂੰ ਗ੍ਰਹਿਣ ਲਗਾਉਂਦੇ ਹਨ, ਬੇਸ਼ੱਕ ਵਕਤੀ ਤੌਰ ’ਤੇ ਉਹ ਲੋਕਾਂ ਦੀ ਸ਼ਾਹਵਾ-ਵਾਹਵਾ ਲੈਣ ਵਿਚ ਸਫਲ ਹੋ ਜਾਣ ਪ੍ਰੰਤੂ ਆਪਣਾ ਕਿਰਦਾਰ ਉਘਾੜਨ ਵਿਚ ਅਸਫਲ ਰਹਿਣਗੇ।

# ਹੁਸ਼ਿਆਰਪੁਰ ’ਚ ਬਿਨਾਂ ਕਿਸੇ ਗੱਠਜੋੜ ਦੇ ਚੋਣ ਲੜ ਰਹੀਆਂ ਨੇ ਸਿਆਸੀ ਪਾਰਟੀਆਂ

## ਬਸਪਾ ਦਾ ਹਲਕੇ ਵਿਚ ਕਾਫ਼ੀ ਪ੍ਰਭਾਵ ਪਰ ਚੋਣ ਇਕ ਵਾਰ ਹੀ ਅਕਾਲੀ ਦਲ ਦੇ ਸਹਿਯੋਗ ਨਾਲ ਜਿੱਤੀ

ਬਾਕੀ ਹਲਕਿਆਂ ਵਾਂਗ ਹੁਸ਼ਿਆਰਪੁਰ ਲੋਕ ਸਭਾ ਹਲਕੇ ’ਚ ਵੀ ਇਸ ਵਾਰ ਸਾਰੀਆਂ ਪ੍ਰਮੁੱਖ ਪਾਰਟੀਆਂ ਬਿਨਾਂ ਕਿਸੇ ਗੱਠਜੋੜ ਦੇ ਚੋਣ ਲੜ ਰਹੀਆਂ ਹਨ। ਕਾਂਗਰਸ ਨੂੰ ਬੇਸ਼ੱਕ ਖੱਬੀਆਂ ਪਾਰਟੀਆਂ ਦਾ ਸਮਰਥਨ ਹਾਸਲ ਹੈ ਪਰ ਇਸ ਨੂੰ ਗੱਠਜੋੜ ਨਹੀਂ ਕਿਹਾ ਜਾ ਸਕਦਾ। ਭਾਰਤੀ ਜਨਤਾ ਪਾਰਟੀ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਆਜ਼ਾਦਾਨਾ ਤੌਰ ’ਤੇ ਚੋਣ ਲੜ ਰਹੀਆਂ ਹਨ।

ਕਿਸੇ ਜ਼ਮਾਨੇ ’ਚ ਕਾਂਗਰਸ ਇੱਥੋਂ ਆਪਣੇ ਦਮ ’ਤੇ ਚੋਣ ਜਿੱਤਦੀ ਰਹੀ ਹੈ। ਐਮਰਜੈਂਸੀ ਤੋਂ ਬਾਅਦ 1977 ’ਚ ਹੋਈਆਂ ਚੋਣਾਂ ਵਿਚ ਭਾਰਤੀ ਲੋਕ ਦਲ ਦੇ ਚੌਧਰੀ ਬਲਵੀਰ ਸਿੰਘ ਨੇ ਵੀ ਆਪਣੇ ਬਲਬੂਤੇ ’ਤੇ ਜਿੱਤ ਹਾਸਲ ਕੀਤੀ। ਗਿਆਨੀ ਜ਼ੈਲ ਸਿੰਘ, ਦਰਬਾਰਾ ਸਿੰਘ ਅਤੇ ਕਮਲ ਚੌਧਰੀ ਵਰਗੇ ਆਗੂ ਵੀ ਕਾਂਗਰਸ ਦੀ ਟਿਕਟ ’ਤੇ ਬਿਨਾਂ ਕਿਸੇ ਗੱਠਜੋੜ ਤੋਂ ਜਿੱਤਦੇ ਰਹੇ ਪਰ ਪਿਛਲੀਆਂ ਕੁਝ ਚੋਣਾਂ ਦੇ ਨਤੀਜਿਆਂ ਤੋਂ ਪਤਾ ਲੱਗਦਾ ਹੈ ਕਿ ਬਿਨਾਂ ਕਿਸੇ ਦੂਜੀ ਪਾਰਟੀ ਦਾ ਸਹਾਰਾ ਲਏ ਕੋਈ ਪਾਰਟੀ ਲੋਕ ਸਭਾ ’ਚ ਆਪਣਾ ਨੁਮਾਇੰਦਾ ਨਹੀਂ ਭੇਜ ਸਕੀ। ਭਾਰਤੀ ਜਨਤਾ ਪਾਰਟੀ ਨੇ ਸਾਲ 1989 ’ਚ ਇਕੱਲਿਆਂ ਇਹ ਸੀਟ ਲੜੀ ਪਰ ਚੌਥੇ ਨੰਬਰ ’ਤੇ ਰਹੀ। ਸਾਲ 1992 ’ਚ ਉਮੀਦਵਾਰ ਬਦਲਿਆ ਪਰ ਤੀਜਾ ਸਥਾਨ ਹਾਸਿਲ ਹੋਇਆ। ਸਾਲ 1996 ’ਚ ਵੀ






ਦਰਬਾਰਾ ਸਿੰਘ, ਗਿਆਨੀ ਜ਼ੈਲ ਸਿੰਘ, ਕਾਂਸ਼ੀ ਰਾਮ, ਵਿਜੈ ਸਾਂਪਲਾ।

ਇਹੀ ਸਥਿਤੀ ਰਹੀ। ਸਾਲ 1998 ’ਚ ਅਕਾਲੀ ਦਲ ਨਾਲ ਗੱਠਜੋੜ ਹੋਣ ਤੋਂ ਬਾਅਦ ਭਾਜਪਾ ਨੇ ਇਹ ਸੀਟ ਜਿੱਤੀ। ਉਦੋਂ ਤੋਂ ਲੈ ਕੇ ਹੁਣ ਤੱਕ ਗੱਠਜੋੜ ਚੱਲਦਾ ਰਿਹਾ ਹੈ, ਇਹ ਪਹਿਲੀ ਵਾਰ ਹੈ ਕਿ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਆਹਮੋ-ਸਾਹਮਣੇ ਹਨ। ਸ਼੍ਰੋਮਣੀ ਅਕਾਲੀ ਦਲ ਨੇ 1985 ’ਚ ਇੱਥੋਂ ਆਪਣਾ ਉਮੀਦਵਾਰ ਖੜ੍ਹਾ ਕੀਤਾ ਤਾਂ ਡੇਢ ਲੱਖ ਦੇ ਕਰੀਬ ਵੋਟ ਪਈ।

ਇਹ ਹੀ ਹਾਲ ਬਾਕੀ ਪਾਰਟੀਆਂ ਦਾ ਹੈ। ਬਹੁਜਨ ਸਮਾਜ ਪਾਰਟੀ ਦਾ ਭਾਵੇਂ ਇਸ ਹਲਕੇ ਵਿਚ ਬਹੁਤ ਪ੍ਰਭਾਵ ਹੈ ਪਰ ਇਕੱਲਿਆਂ ਤੌਰ ’ਤੇ ਇੱਥੋਂ ਕਦੀ ਜਿੱਤ ਨਹੀਂ ਸਕੀ। ਸਿਰਫ਼ 1996 ਵਿਚ ਪਾਰਟੀ ਦੇ ਮੁਖੀ ਕਾਂਸ਼ੀ ਰਾਮ ਇੱਥੋਂ ਜਿੱਤੇ ਸਨ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਦਾ ਸਮਰਥਨ ਕੀਤਾ ਸੀ। ਕਮਿਊਨਿਸਟ ਪਾਰਟੀ (ਮਾਰਕਸਵਾਦੀ) ਵੀ ਇੱਥੋਂ ਉਮੀਦਵਾਰ ਖੜ੍ਹੇ ਕਰਦੀ ਰਹੀ ਹੈ ਪਰ ਅੱਜ ਤੱਕ ਸਫਲਤਾ ਨਹੀਂ ਮਿਲੀ। ਸਾਲ 2004 ’ਚ ਕਾਂਗਰਸ ਨੇ ਆਪਣਾ ਉਮੀਦਵਾਰ ਖੜ੍ਹਾ ਨਾ ਕਰ ਕੇ ਜਦੋਂ ਸੀ.ਪੀ.ਆਈ. (ਐੱਮ) ਨੂੰ ਸਮਰਥਨ ਦਿੱਤਾ ਤਾਂ ਪਾਰਟੀ ਉਮੀਦਵਾਰ ਦੂਜੇ ਸਥਾਨ ’ਤੇ ਰਿਹਾ। ਆਮ ਆਦਮੀ ਪਾਰਟੀ ਦੀ ਤੀਜੀ ਚੋਣ ਹੈ। ਸਾਲ 2014 ਵਿਚ ਪਾਰਟੀ ਦੀ ਉਮੀਦਵਾਰ ਯਾਮਿਨੀ ਗੋਮਰ ਨੇ ਤੀਜਾ ਸਥਾਨ ਹਾਸਲ ਕੀਤਾ ਅਤੇ 2019 ਵਿਚ ਡਾ. ਰਵਜੋਤ ਚੌਥੇ ਸਥਾਨ ’ਤੇ ਰਹੇ। ਸੂਬੇ ਵਿੱਚ ਸੱਤਾ ’ਚ ਆਉਣ ਤੋਂ ਬਾਅਦ ਇਸ ਵਾਰ ਪਾਰਟੀ ਮਜ਼ਬੂਤ ਸਥਿਤੀ ’ਚ ਹੈ। ਪਿਛਲੀਆਂ ਚੋਣਾਂ ਦੇ ਨਤੀਜਿਆਂ ’ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਹੁਣ ਤੱਕ ਹੋਈਆਂ ਚੋਣਾਂ ਵਿਚ ਸਭ ਤੋਂ ਵੱਧ ਵੋਟ 1977 ’ਚ ਭਾਰਤੀ ਲੋਕ ਦਲ ਦੇ ਉਮੀਦਵਾਰ ਚੌਧਰੀ ਬਲਵੀਰ ਸਿੰਘ ਨੂੰ ਪਈ। ਉਨ੍ਹਾਂ ਨੂੰ 61.95 ਫ਼ੀਸਦੀ ਵੋਟਾਂ ਪਈਆਂ। ਉਨ੍ਹਾਂ ਨੇ ਕਾਂਗਰਸ ਦੇ ਦਰਬਾਰਾ ਸਿੰਘ ਨੂੰ ਹਰਾਇਆ ਸੀ। ਸਭ ਤੋਂ ਘੱਟ ਵੋਟ 2014 ’ਚ ਭਾਜਪਾ ਦੇ ਵਿਜੇ ਸਾਂਪਲਾ ਨੂੰ ਪਈਆਂ। ਉਨ੍ਹਾਂ ਨੂੰ 23.34 ਫ਼ੀਸਦੀ ਵੋਟ ਪੋਲ ਹੋਈ। ਇਸ ਦਾ ਇਕ ਕਾਰਨ ਉਮੀਦਵਾਰਾਂ ਦੀ ਗਿਣਤੀ ਵਧਣਾ ਕਿਹਾ ਜਾ ਸਕਦਾ ਹੈ। ਇਸ ਦੇ ਨਾਲ-ਨਾਲ ਗੱਠਜੋੜ ਅਤੇ ਵਿਰੋਧੀ ਪਾਰਟੀਆਂ ਦੀ ਉਸ ਸਮੇਂ ਕਿੰਨੀ ਲੋਕਪ੍ਰਿਯਤਾ ਸੀ, ਇਸ ਦਾ ਵੀ ਅਸਰ ਪਿਆ। 1977 ’ਚ ਸਭ ਤੋਂ ਘੱਟ 5 ਉਮੀਦਵਾਰਾਂ ਨੇ ਚੋਣ ਲੜੀ ਅਤੇ 1996 ’ਚ ਸਭ ਤੋਂ ਵੱਧ 20 ਉਮੀਦਵਾਰ ਚੋਣ ਮੈਦਾਨ ’ਚ ਉੱਤਰੇ।

# ਸ਼ਹੀਦਾਂ ਦੇ ਸਰਤਾਜ: ਧੰਨ ਧੰਨ ਗੁਰੂ ਅਰਜਨ ਦੇਵ ਜੀ

ਮਾਂ: ਜਸਵਿੰਦਰ ਜਿਉਣਪੁਰਾ
ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ
ਮੋ: 98768-55004
ਪੰਜਾਬ ਮੇਲ USA

ਜਦੋਂ-ਜਦੋਂ ਵੀ ਧਰਤੀ ਦੇ ਉੱਪਰ ਇਨਸਾਨੀਅਤ ਦਾ ਘਾਣ ਹੋਇਆ ਜਾਂ ਕਿਸੇ ਅੱਤਿਆਚਾਰੀ ਵੱਲੋਂ ਆਮ ਅਵਾਮ ਉੱਤੇ ਅੱਤਿਆਚਾਰ ਕੀਤੇ ਗਏ, ਉਦੋਂ-ਉਦੋਂ ਹੀ ਉਨ੍ਹਾਂ ਦੇ ਖਾਤਮੇ ਲਈ ਪਰਮ ਪਿਤਾ ਪ੍ਰਮਾਤਮਾ ਕਿਸੇ ਨਾ ਕਿਸੇ ਦੇਵਪੁਰਸ਼ ਦੇ ਰੂਪ ਵਿਚ ਇਸ ਧਰਤੀ 'ਤੇ ਅਵਤਾਰ ਧਾਰਦੇ ਰਹੇ ਹਨ। ਜਿਨ੍ਹਾਂ ਨੇ ਜ਼ੁਲਮਾਂ ਨੂੰ ਠੱਲ੍ਹ ਪਾਉਣ ਲਈ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ ਅਤੇ ਸ਼ਹਾਦਤਾਂ ਪ੍ਰਾਪਤ ਕੀਤੀਆਂ। ਕੁਰਬਾਨ ਹੋਣ ਤੋਂ ਪਹਿਲਾਂ ਤਾਅ ਉਮਰ ਆਮ ਲੋਕਾਂ ਨੂੰ ਅਕਾਲ ਪੁਰਖ ਦੇ ਨਾਮ ਨਾਲ ਜੋੜਦੇ ਰਹੇ, ਜ਼ੁਲਮ ਅੱਗੇ ਨਾ ਝੁਕ ਕੇ ਜ਼ੁਲਮ ਦਾ ਟਾਕਰਾ ਕਰਨ ਦਾ ਰਾਹ ਦਿਖਾਉਂਦੇ ਰਹੇ। ਅਜਿਹੇ ਹੀ ਮਹਾਂਪੁਰਸ਼ਾਂ ਵਿਚੋਂ ਇਕ ਸਨ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਮਹਾਰਾਜ। ਜਦੋਂ ਜ਼ੁਲਮਾਂ ਦੀ ਅੱਤ ਵੱਧ ਚੁੱਕੀ ਸੀ, ਉਸ ਨੂੰ ਖਤਮ ਕਰਨ ਦੇ ਲਈ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਮਹਾਰਾਜ ਜੀ ਨੇ ਤੱਤੀ ਤਵੀ 'ਤੇ ਬੈਠ ਇਨਸਾਨੀਅਤ ਨੂੰ ਜ਼ਿੰਦਾ ਰੱਖਿਆ। ਉਨ੍ਹਾਂ ਵਰਗੀ ਸ਼ਹਾਦਤ ਜਾਂ ਕੁਰਬਾਨੀ ਅੱਜ ਤੱਕ ਕੋਈ ਨਹੀਂ ਕਰ ਸਕਿਆ ਅਤੇ ਨਾ ਹੀ ਕੋਈ ਕਰ ਸਕਦਾ ਹੈ। ਉਨ੍ਹਾਂ ਨੇ ਸ਼ਾਂਤੀ ਅਤੇ ਟਿਕਾਓ ਵਿਚ ਰਹਿ ਕਰਕੇ ਆਪਣੇ ਸਰੀਰ ਦਾ ਬਲੀਦਾਨ ਦੇ ਕੇ ਸਿੱਖੀ ਦੇ ਬੂਟੇ ਨੂੰ ਕਾਇਮ ਕੀਤਾ, ਔਰ ਮੁੱਖ 'ਚੋਂ ਇਹ ਕਹਿੰਦੇ ਰਹੇ "ਤੇਰਾ ਕੀਆ ਮੀਠਾ ਲਾਗੈ ਹਰਿ ਨਾਮ ਪਦਾਰਥ ਨਾਨਕ ਮਾਂਗੈ॥" ਇਸੇ ਕਰਕੇ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਸ਼ਹੀਦਾਂ ਦੇ ਸਰਤਾਜ ਕਿਹਾ ਜਾਂਦਾ ਹੈ। ਪੰਚਮ ਪਾਤਸ਼ਾਹ ਸ਼ਹੀਦਾਂ ਦੇ ਸਰਤਾਜ ਧੰਨ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਜਨਮ 1563 ਈਸਵੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ, ਮਾਤਾ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਸਾਹਿਬ ਵਿਖੇ ਹੋਇਆ। ਉਨ੍ਹਾਂ ਦੇ ਦੋ ਵੱਡੇ ਭਰਾ ਬਾਬਾ ਪ੍ਰਿਥੀ ਚੰਦ ਤੇ ਬਾਬਾ ਮਹਾਂਦੇਵ ਜੀ ਸਨ। ਆਪ ਜੀ ਦੇ ਬਚਪਨ ਦੇ ਸਾਢੇ ਗਿਆਰਾਂ ਸਾਲ ਆਪ ਜੀ ਦੇ ਨਾਨਾ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੀ ਦੇਖ-ਰੇਖ ਵਿਚ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹੀ ਬਤੀਤ ਹੋਏ। ਆਪ ਜੀ ਬਚਪਨ ਤੋਂ ਹੀ ਗੁਰਮਤਿ ਦੀ ਸੋਝੀ ਰੱਖਣ ਵਾਲੇ, ਬਾਣੀ ਦਾ ਸਤਿਕਾਰ ਕਰਨ ਵਾਲੇ, ਦੂਰਦਰਸੀ ਸੋਚ ਦੇ ਮਾਲਕ, ਸੇਵਾ ਤੇ ਸਿਮਰਨ ਦੇ ਧਾਰਨੀ ਸਨ। ਗੁਰਬਾਣੀ ਨਾਲ ਆਪ ਜੀ ਨੂੰ ਅਥਾਹ ਪਿਆਰ ਸੀ। ਇਸੇ ਕਰਕੇ ਹੀ ਸ੍ਰੀ ਗੁਰੂ ਅਮਰਦਾਸ ਜੀ ਅਕਸਰ ਆਪ ਜੀ ਨੂੰ ਵੱਡਾ ਪੁਰਖ, "ਦੋਹਿਤਾ ਬਾਣੀ ਦਾ ਬੋਹਿਥਾ" ਕਿਹਾ ਕਰਦੇ ਸਨ।



ਭੱਟ ਸਹਿਬਾਨਾਂ ਨੇ ਆਪਣੇ ਸ਼ਬਦਾਂ ਵਿਚ ਵੀ ਬਿਆਨ ਕੀਤਾ ਹੈ:-

"ਤੈ ਜਨਮਤ ਗੁਰਮਤਿ ਬ੍ਰਹਮ ਪਛਾਣਿਓ"

ਆਪ ਜੀ ਨੇ ਦੇਵਨਾਗਰੀ ਅਤੇ ਗਣਿਤ ਦੀ ਮੁੱਢਲੀ ਵਿੱਦਿਆ ਪਿੰਡ ਦੇ ਪਾਂਧੇ ਤੋਂ ਅਤੇ ਬਾਬਾ ਮੋਹਰੀ ਜੀ ਪਾਸੋਂ ਪ੍ਰਾਪਤ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਪਾਸੋਂ ਆਪ ਜੀ ਨੇ ਗੁਰਮੁਖੀ ਦੀ ਵਿੱਦਿਆ ਪ੍ਰਾਪਤ ਕੀਤੀ। ਆਪ ਜੀ ਨੇ ਰਾਗ ਵਿੱਦਿਆ ਦਾ ਵੀ ਚੰਗਾ ਅਭਿਆਸ ਕੀਤਾ। ਸ਼ਾਸਤਰ ਵਿੱਦਿਆ, ਨੇਜਾਬਾਜ਼ੀ, ਘੋੜ ਸਵਾਰੀ ਅਤੇ ਗੁਰਬਾਣੀ ਦੀ ਸੰਥਿਆ ਬਾਬਾ ਬੁੱਢਾ ਸਾਹਿਬ ਜੀ ਤੋਂ ਹਾਸਲ ਕੀਤੀ। ਰਾਗ ਵਿਦਿਆ ਵਿਚ ਆਪ ਇਤਨੇ ਮਾਹਿਰ ਸੀ ਕਿ ਜਿਸ ਦਾ ਅੰਦਾਜ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੇ ਵੱਖ-ਵੱਖ ਭੇਦਾਂ ਤੋਂ ਲਗਾਇਆ ਜਾ ਸਕਦਾ ਹੈ। ਆਪ ਜੀ ਨੇ 30 ਰਾਗਾਂ ਵਿਚ ਗੁਰਬਾਣੀ ਉਚਾਰਨ ਕੀਤੀ। ਆਪ ਜੀ ਨੂੰ ਵੱਖ-ਵੱਖ ਬੋਲੀਆਂ ਨੂੰ ਮੁਹਾਵਰਿਆਂ ਵਿਚ ਵਰਤਣ ਦੀ ਅਨੂਠੀ ਮੁਹਾਰਤ ਹਾਸਲ ਸੀ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ 1581ਈ: ਵਿਚ ਗੁਰਤਾਗੱਦੀ 'ਤੇ ਬਿਰਾਜਮਾਨ ਹੋ ਕੇ ਮਨੁੱਖਤਾ ਦੀ ਭਲਾਈ ਲਈ ਅਨੇਕਾਂ ਹੀ ਮਹਾਨ ਕਾਰਜ ਕੀਤੇ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਲੋਕਾਂ ਦੀਆਂ ਪਾਣੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਨਵੇਂ ਖੂਹਾਂ ਦੀ ਖੁਦਾਈ ਕਰਵਾਈ। ਜਿਨ੍ਹਾਂ ਵਿਚ ਛੇਹਰਟਾ ਸਾਹਿਬ ਵਿਖੇ ਛੇ ਹਰਟਾਂ ਵਾਲਾ ਖੂਹ ਲਗਵਾਇਆ, ਜੋ ਅੱਜ ਵੀ ਸੁਭਾਇਮਾਨ ਹੈ। ਅਤੇ ਕੋਹੜੀਆਂ ਦੇ ਇਲਾਜ ਲਈ ਦੁਨੀਆਂ ਦਾ ਪਹਿਲਾ ਕੋਹੜੀ ਘਰ ਵੀ ਗੁਰੂ ਸਾਹਿਬ ਜੀ ਨੇ ਬਣਾਇਆ। ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਮਹਾਨ ਕਾਰਜਾਂ ਵਿਚੋ ਇੱਕ ਹੈ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਥਾਪਨਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਵਾਉਣੀ, ਜੋ ਗੁਰਬਾਣੀ ਪਹਿਲਾਂ ਪੋਥੀਆਂ ਦੇ ਰੂਪ ਵਿਚ ਮੌਜੂਦ ਸੀ, ਉਸ ਬਾਣੀ ਨੂੰ ਆਪ ਜੀ ਨੇ ਇਕੱਠਾਂ ਕਰਕੇ "ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਦੇ ਰੂਪ ਵਿਚ ਸੰਕਲਨ ਕੀਤਾ। ਗੁਰੂ ਸਾਹਿਬ ਜੀ ਨੇ ਤਰਨਤਾਰਨ ਸਾਹਿਬ, ਕਰਤਾਰਪੁਰ ਸਾਹਿਬ ਅਤੇ ਕਈ ਹੋਰ ਸ਼ਹਿਰ ਵੀ ਵਸਾਏ। ਗੁਰੂ ਅਰਜਨ ਦੇਵ ਜੀ ਨੇ ਇਸ ਕਦਰ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਕਿ ਹਰ ਧਰਮ ਦੇ ਲੋਕ ਸਿੱਖੀ ਧਰਮ ਨੂੰ ਅਪਨਾਉਣ ਲਈ ਆਕਰਸ਼ਿਤ ਹੋਏ। ਇੱਥੋਂ ਤਕ ਕਿ ਸਾਈਂ ਮੀਆਂ ਮੀਰ ਵਰਗੇ ਰੱਬੀ ਫਕੀਰ ਵੀ ਗੁਰੂ ਜੀ ਦੇ ਚਰਨਾਂ ਵਿਚ ਸ਼ੀਸ਼ ਨਿਵਾਉਂਦੇ ਸਨ। ਆਪ ਜੀ ਧਰਮ ਅਤੇ ਗਿਆਨ ਦੇ ਮੁਜੱਸਮੇ ਸਨ। ਧਰਮ ਦੇ ਇਸ ਪ੍ਰਚਾਰ ਨੂੰ ਕੱਟੜਪੰਥੀ ਲੋਕ ਪਸੰਦ ਨਹੀਂ ਸਨ ਕਰਦੇ। ਉਹ ਲੋਕ ਨਹੀਂ ਸਨ ਚਾਹੁੰਦੇ ਕਿ ਗੁਰੂ ਸਾਹਿਬ ਜੀ ਦੀ ਲੋਕਪ੍ਰਿਯਤਾ ਵਧੇ ਅਤੇ ਸਮੁੱਚੀ ਮਾਨਵਤਾ ਉਨ੍ਹਾਂ ਦੇ ਉਪਦੇਸ਼ਾਂ ਨੂੰ ਮੰਨੇ। ਇਨ੍ਹਾਂ ਵਿਚ ਜਿਵੇਂ ਸੇਖ ਫਰੀਦ ਬੁਖ਼ਾਰੀ, ਸੇਖ ਅਹਿਮਦ ਸ਼ਾਹ ਸਰਹੰਦੀ ਕੱਟੜ ਮੁਸਲਮਾਨ ਸਨ। ਗੁਰੂ ਸਾਹਿਬ ਜੀ ਦੀ ਵਿਰੋਧਤਾ ਕਰਨ ਵਿਚ ਸਭ ਤੋਂ ਪਹਿਲਾਂ ਬਾਬਾ ਪ੍ਰਿਥੀ ਚੰਦ ਸ਼ਾਮਿਲ ਸੀ। ਉਹ ਆਪ ਗੁਰੂ ਬਣਨਾ ਚਾਹੁੰਦਾ ਸੀ ਜਾਂ ਆਪਣੇ ਪੁੱਤਰ ਮਿਹਰਬਾਨ ਨੂੰ ਗੁਰੂ ਬਨਾਉਣਾ ਚਾਹੁੰਦਾ ਸੀ। ਜਿਸ ਕਰਕੇ ਉਹ ਗੁਰੂ ਸਾਹਿਬ ਜੀ ਨੂੰ ਮਾਰਨਾ ਚਾਹੁੰਦਾ ਸੀ। ਉਸ ਨੇ ਬਹੁਤ ਯਤਨ ਵੀ ਕੀਤੇ ਪਰ ਉਹ ਕਾਮਯਾਬ ਨਾ ਹੋਇਆ। ਅੰਤ ਉਸ ਨੇ ਬਾਦਸ਼ਾਹ ਜਹਾਂਗੀਰ ਨੂੰ ਗੁਰੂ ਸਾਹਿਬ ਵਿਰੁੱਧ ਭੜਕਾ ਦਿੱਤਾ। ਗੁਰੂ ਸਾਹਿਬ ਨੂੰ ਸ਼ਹੀਦ ਕਰਵਾਉਣ ਵਿਚ ਚੰਦੂ ਦਾ ਵੀ ਹੱਥ ਸੀ। ਕਿਉਂਕਿ ਚੰਦੂ ਦੀ ਧੀ ਦਾ ਰਿਸ਼ਤਾ ਜਿਸ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਨਾਲ ਹੋਇਆ ਸੀ, ਤਾਂ ਚੰਦੂ ਨੇ ਹੰਕਾਰ ਵਿਚ ਆ ਕੇ ਇਹ ਕਿਹਾ ਸੀ ਕਿ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਦਿੱਤੀ, ਮੇਰੀ ਉੱਚੀ ਕੁਲ ਹੈ ਗੁਰੂ ਜੀ ਦੀ ਨੀਵੀਂ। ਇਸ ਗੱਲ ਦਾ ਦਿੱਲੀ ਦੀ ਸੰਗਤ ਨੇ ਵਿਰੋਧ ਕੀਤਾ ਅਤੇ ਗੁਰੂ ਸਾਹਿਬ ਨੂੰ ਚਿੱਠੀ ਲਿਖ ਕੇ ਸਾਰੀ ਗੱਲ ਦੱਸੀ ਅਤੇ ਕਿਹਾ ਚੰਦੂ ਦੀ ਧੀ ਦਾ ਰਿਸ਼ਤਾ ਨਾ ਲਿਆ ਜਾਵੇ। ਜਿਸ 'ਤੇ ਗੁਰੂ ਅਰਜਨ ਦੇਵ ਜੀ ਨੇ ਰਿਸ਼ਤਾ ਮੋੜ ਦਿੱਤਾ। ਜਿਸ ਕਾਰਨ ਚੰਦੂ ਬਹੁਤ ਗੁੱਸੇ ਵਿਚ ਬਾਦਸ਼ਾਹ ਜਹਾਂਗੀਰ ਨੂੰ ਗੁਰੂ ਸਾਹਿਬ ਜੀ ਵਿਰੁੱਧ ਭੜਕਾਉਣ ਲੱਗਾ। ਉਨ੍ਹਾਂ ਨੇ ਬਾਦਸ਼ਾਹ ਜਹਾਂਗੀਰ ਕੋਲੋਂ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਫੁਰਮਾਨ ਜਾਰੀ ਕਰਵਾਇਆ। ਅਖੀਰ 1606 ਈ: ਨੂੰ ਗੁਰੂ ਜੀ ਨੂੰ ਤੱਤੀ ਤਵੀ 'ਤੇ ਬਿਠਾ ਕੇ ਅਨੇਕਾਂ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਗੁਰੂ ਮਹਾਰਾਜ ਜੀ ਦਾ ਸੰਖੇਪ ਜੀਵਨ ਇਤਿਹਾਸ ਹੈ। ਗੁਰੂ ਸਾਹਿਬ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨ ਲਈ ਸਾਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਚੱਲਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਉਪਦੇਸਾਂ ਨੂੰ ਮੰਨਣਾ ਚਾਹੀਦਾ ਹੈ।

# ਇਨਸਾਨ ਦੀ ਪਹਿਲੀ ਲੋੜ ਪਾਣੀ ਤੇ ਰੁੱਖ ਦੋਵੇਂ ਖਤਮ ਹੋਣ ਕੰਢੇ ਪੁੱਜੇ

- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA



ਅੱਜ ਦੇ ਸਮੇਂ ਅੰਦਰ ਚਾਰੇ ਪਾਸੇ ਨਿਗਾਹ ਮਾਰੀਏ, ਤਾਂ ਇਨਸਾਨ ਵੱਲੋਂ ਖਾਸ ਕਰ ਪੰਜਾਬ ਦੀ ਧਰਤੀ 'ਤੇ ਆਪਣੇ ਨਿੱਜੀ ਫਾਇਦੇ ਨੂੰ ਮੁੱਖ ਰੱਖ ਕੇ ਇਨਸਾਨ ਦੀਆਂ ਦੋ ਮੁੱਖ ਚੀਜ਼ਾਂ ਦਾ ਘਾਣ ਕੀਤਾ ਜਾ ਰਿਹਾ ਹੈ। ਜਿਸ ਦੇ ਵਿਚੋਂ ਪਹਿਲੀ ਚੀਜ਼ ਹੈ ਪਾਣੀ ਅਤੇ ਦੂਜੀ ਚੀਜ਼ ਹੈ ਰੁੱਖ। ਇਹ ਦੋਵੇਂ ਇਨਸਾਨ ਨੂੰ ਜਿਊਂਦੇ ਰਹਿਣ ਲਈ ਵੱਡੇ ਪੱਧਰ 'ਤੇ ਮਦਦ ਤਾਂ ਕਰਦੇ ਹੀ ਹਨ, ਸਗੋਂ ਜੇ ਆਪਾਂ ਇਹ ਵੀ ਆਖ ਲਈਏ ਕਿ ਇਹ ਪਾਣੀ ਤੇ ਰੁੱਖ ਕਿਸੇ ਵੀ ਇਨਸਾਨ ਨੂੰ ਨਵਾਂ ਜੀਵਨ ਬਖਸ਼ ਦਿੰਦੇ ਹਨ, ਇਹ ਕੋਈ ਕਹਿਣਾ ਗਲਤ ਨਹੀਂ ਹੋਵੇਗਾ ਪਰ ਸਾਡੀ ਬਦਕਿਸਮਤੀ ਹੈ ਕਿ ਅਸੀਂ ਰੁੱਖ ਤੇ ਪਾਣੀ ਦੋਵਾਂ ਨੂੰ ਮੁਕਾਉਣ ਦਾ ਕੋਈ ਵੀ ਮੌਕਾ ਹੱਥੋਂ ਖਾਲੀ ਨਹੀਂ ਜਾਣ ਦੇ ਰਹੇ। ਅੱਜ ਇਨਸਾਨ ਵਲੋਂ ਸਰੇਆਮ ਰੁੱਖਾਂ ਅਤੇ ਪਾਣੀ ਨੂੰ ਖਤਮ ਕਰਨ ਦੇ ਲਈ ਸਿਰਤੋੜ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਵਰਤਾਰੇ ਨੂੰ ਵੇਖ ਕੇ ਅਸੀਂ ਇਹ ਵੀ ਆਖ ਸਕਦੇ ਹਾਂ ਕਿ ਇਨਸਾਨ ਆਪਣੇ ਸਾਹਾਂ ਦਾ ਆਪ ਹੀ ਦੁਸ਼ਮਣ ਬਣ ਕੇ ਬੈਠ ਗਿਆ ਹੈ। ਰੁੱਖ ਅਤੇ ਜੇਕਰ ਪਾਣੀ ਇਸ ਧਰਤ ਉੱਤੇ ਨਾ ਰਹੇ, ਤਾਂ ਸਾਡਾ ਜੀਵਨ ਕਿਸ ਤਰ੍ਹਾਂ ਦਾ ਹੋਵੇਗਾ, ਕਹਿਣ ਦੀ ਲੋੜ ਨਹੀਂ। ਲੰਘੇ ਸਮੇਂ ਤੋਂ ਇਨਸਾਨ ਵੱਲੋਂ ਰੁੱਖਾਂ ਨੂੰ ਖਤਮ ਕਰਨ ਦੇ ਲਈ ਅਜਿਹੀ ਵਿਉਂਤਬੰਦੀ ਬਣਾਈ ਜਾ ਰਹੀ ਹੈ ਕਿ ਉਸਨੇ ਆਪਣੀ ਫਸਲ ਅਤੇ ਨਿੱਜੀ ਮੁਫਾਦਾਂ ਦੇ ਲਈ ਰੁੱਖਾਂ ਤੁੱਕ ਨੂੰ ਅੱਗ ਦੇ ਹਵਾਲੇ ਕਰ ਦਿੱਤਾ।

ਅੱਜ ਜਿੱਧਰ ਵੀ ਵੇਖੋ, ਚਾਰੇ ਪਾਸੇ ਆਲਮ ਇਹ ਹੈ ਕਿ ਰੁੱਖ ਸਾਨੂੰ ਜਲ ਕੇ ਮੱਚੇ ਨਜ਼ਰ ਆਉਂਦੇ ਹਨ। ਹਰੇ-ਭਰੇ ਰੁੱਖਾਂ ਦਾ ਕਤਲੇਆਮ ਕਰਨਾ ਇਨਸਾਨ ਦਾ ਸ਼ੌਕ ਬਣ ਗਿਆ ਹੈ। ਉਹ ਪੁੱਤਾਂ ਵਾਂਗੂ ਪਾਲੇ ਰੁੱਖਾਂ ਨੂੰ ਖਤਮ ਕਰਕੇ ਹੀ ਸਾਹ ਲੈ ਰਿਹਾ ਹੈ। ਆਪਣੇ ਚਾਰ ਸਿਆੜਾਂ ਦੀ ਖਾਤਰ ਇਨਸਾਨ ਨੇ ਰੁੱਖਾਂ ਨੂੰ ਮਾਰ ਮੁਕਾਉਣ ਦੀ ਥਾਣ ਕੇ ਪੂਰੀ ਤਰ੍ਹਾਂ ਖਤਮ ਕਰਨ ਤੇ ਅੱਜ ਦਾ ਇਨਸਾਨ ਤੁਲ ਚੁੱਕਿਆ ਹੈ। ਖੇਤਾਂ ਅੰਦਰ ਕਣਕ ਝੋਨੇ ਦੇ ਨਾੜ ਨੂੰ ਅੱਗ ਲਗਾਉਣ ਤੋਂ ਬਾਅਦ ਜੋ ਕੁਝ ਰੁੱਖਾਂ ਨਾਲ ਬੀਤਦਾ ਹੈ, ਉਹ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਰੁੱਖਾਂ ਨੂੰ ਅੱਗ ਲੱਗਣ ਤੋਂ ਬਾਅਦ ਉਸ ਦੇ ਉੱਤੇ ਬੈਠੇ ਜੀਵ ਜੰਤੂ ਵੀ ਖਿਲਾਂ ਦੀ ਤਰ੍ਹਾਂ ਭੁੱਜ ਜਾਂਦੇ ਹਨ। ਇਸ ਦਾ ਸੰਤਾਪ ਅਤੇ ਇਸ ਦਾ ਪਾਪ ਕਿਸ ਨੂੰ ਲੱਗੇਗਾ, ਸਾਨੂੰ ਸਾਰਿਆਂ ਨੂੰ ਪੱਕਾ ਪਤਾ ਹੈ, ਜਦ ਕੁਦਰਤ ਇਨਸਾਨ ਉੱਤੇ ਕਹਿਰਵਾਨ ਹੋ ਕੇ ਬਰਸਦੀ ਹੈ, ਤਾਂ ਇਨਸਾਨ ਆਖਦਾ ਹੈ ਕਿ ਉਸਦੇ ਨਾਲ ਧੱਕਾ ਹੋ ਰਿਹਾ ਹੈ ਪ੍ਰੰਤੂ ਜੋ ਕੁਝ ਅੱਜ ਦਾ ਇਨਸਾਨ ਆਪਣੇ ਖੇਤਾਂ, ਆਪਣੀਆਂ ਫੈਕਟਰੀਆਂ ਤੇ ਆਪਣੀ ਧਰਤੀ ਉੱਤੇ ਆਪਣੀ ਜਾਇਦਾਦ ਜ਼ਮੀਨ ਉੱਤੇ ਕਰ ਰਿਹਾ ਹੈ, ਉਸ ਨੂੰ ਵੇਖ ਕੇ ਕਿਸੇ ਵੀ ਇਨਸਾਨ ਦਾ ਕਾਲਜਾ ਤੱਕ ਕੰਬ ਜਾਂਦਾ ਹੈ।

ਉਸ ਤੋਂ ਬਾਅਦ ਜੇਕਰ ਗੱਲ ਕਰੀਏ ਪਾਣੀ ਦੀ, ਤਾਂ ਪਾਣੀ ਦੇ ਆਸੇ-ਪਾਸੇ ਵੀ ਇਨਸਾਨ ਨੇ ਕਹਿਰ ਕਮਾ ਧਰਿਆ ਹੈ। ਪਹਿਲਾਂ ਸਾਡੇ ਇਲਾਕੇ ਦੁਆਬੇ ਅੰਦਰ ਮੀਰਪੁਰ ਜੱਟਾਂ ਦੇ ਆਲੇ-ਦੁਆਲੇ ਪਾਣੀ 60 ਤੋਂ 70 ਫੁੱਟ ਦੇ ਕਰੀਬ ਸੀ ਪਰ ਹੁਣ ਇਨਸਾਨ ਨੇ ਉਸ ਪਾਣੀ ਨੂੰ 100 ਫੁੱਟ ਦੇ ਕਰੀਬ ਪਹੁੰਚਾ ਦਿੱਤਾ ਹੈ। ਅਸੀਂ ਵਿਦੇਸ਼ਾਂ ਵਿਚ ਬੈਠੇ ਹਾਂ। ਪ੍ਰੰਤੂ ਸਾਡੇ ਆਲੇ-ਦੁਆਲੇ ਸਰਕਾਰਾਂ ਵੱਲੋਂ ਸਾਡੇ ਨੌਜਵਾਨਾਂ ਉੱਤੇ ਅਜਿਹਾ ਜਾਲ ਬੁਣ ਲਿਆ ਹੈ। ਜਿਸ ਨੂੰ ਵੇਖ ਕਿਸੇ ਵੀ ਇਨਸਾਨ ਦਾ ਕਾਲਜਾ ਕੰਬ ਜਾਂਦਾ ਹੈ। ਅਸੀਂ ਧਰਤੀ ਹੇਠਲਾ ਪਾਣੀ ਵੀ ਖਤਮ ਕਰ ਦਿੱਤਾ। ਸਾਡੇ ਪੱਲੇ ਵੀ ਕੁਝ ਨਾ ਬਚਿਆ, ਪਾਣੀ ਵੀ ਮੁੱਕ ਗਿਆ, ਤਾਂ ਇਨਸਾਨ ਜਿੰਦਗੀ ਕਿਵੇਂ ਜੀਏਗਾ, ਕਹਿਣ ਦੀ ਲੋੜ ਨਹੀਂ। ਕਿਉਂਕਿ ਪਾਣੀ ਇਨਸਾਨ ਦੀ ਸਭ ਤੋਂ ਪਹਿਲੀ ਲੋੜ ਹੈ। ਜੇਕਰ ਪਾਣੀ ਹੀ ਸਾਡੇ ਕੋਲ ਨਾ ਰਿਹਾ, ਤਾਂ ਅਗਲੀ ਨਸਲ ਬਚੇਗੀ ਕਿਵੇਂ, ਇਹ ਵੀ ਇੱਕ ਅਹਿਮ ਮੁੱਦਾ ਹੈ। ਪਹਿਲਾਂ ਪਾਣੀ 30 ਫੁੱਟ ਦੇ ਕਰੀਬ ਸੀ, ਫਿਰ ਉਸ ਤੋਂ ਬਾਅਦ ਪਾਣੀ 50 'ਤੇ ਪਹੁੰਚ ਗਿਆ। ਫਿਰ ਇਹ ਕਹਾਣੀ 70 'ਤੇ ਪਹੁੰਚੀ ਤੇ ਅੱਜਕੱਲ੍ਹ 100 ਤੋਂ ਪਾਰ ਹੋ ਚੁੱਕੀ ਹੈ। ਮਾਲਵਾ ਇਲਾਕੇ ਅੰਦਰ ਤਾਂ ਪਾਣੀ 150 ਫੁੱਟ ਦੇ ਕਰੀਬ ਵੀ ਪਹੁੰਚ ਚੁੱਕਿਆ ਹੈ। ਸੋਚ ਕੇ ਵੇਖੀਏ, ਉੱਥੇ ਹਾਲਾਤ ਕਿਸ ਤਰ੍ਹਾਂ ਦੇ ਹੋਣਗੇ।

ਜਦੋਂ ਵੇਖਦੇ ਹਾਂ ਤਾਂ ਪੰਜਾਬ ਦੇ ਕਾਫੀ ਸਾਰੇ ਹਿੱਸੇ ਨੂੰ ਰਾਜਸਥਾਨ ਦਾ ਭਰਮ ਭੁਲੇਖਾ ਪੈ ਜਾਂਦਾ ਹੈ। ਕੋਈ ਵੀ ਧਿਰ ਪਾਣੀ ਬਚਾਉਣ ਲਈ ਅੱਗੇ ਨਹੀਂ ਆ ਰਹੀ। ਕਿਸਾਨਾਂ ਵੱਲੋਂ ਖੁੱਲ੍ਹੇਆਮ ਖੇਤਾਂ ਵਿਚ ਪਾਣੀ ਛੱਡਿਆ ਜਾ ਰਿਹਾ ਹੈ, ਜਦਕਿ ਇਹ ਵਰਤਾਰਾ ਬਿਲਕੁਲ ਨਿੰਦਣਯੋਗ ਹੈ। ਅੱਗਾਂ ਦੇ ਨਾਲ ਦਰੱਖਤ ਸਾੜੇ ਜਾ ਰਹੇ ਹਨ, ਜੀਵ ਜੰਤੂ ਮਚ ਰਹੇ ਹਨ। ਧਰਤੀ ਹੇਠਲਾ ਪਾਣੀ ਖਤਮ ਹੋ ਰਿਹਾ ਹੈ, ਬਿਮਾਰੀਆਂ ਵਧ ਰਹੀਆਂ ਹਨ। ਅਸੀਂ ਭਾਵੇਂ ਵਿਦੇਸ਼ਾਂ ਵਿਚ ਬੈਠੇ ਹਾਂ ਪਰ ਫਿਕਰ ਪੰਜਾਬ ਦਾ ਕਰਦੇ ਹਾਂ ਕਿਉਂਕਿ ਪੰਜਾਬ ਸਾਡੀ ਜਨਮਭੂਮੀ ਹੈ। ਸਾਡਾ ਆਪਣਾ ਗੁਰੂਆਂ ਪੀਰਾਂ ਦਾ ਪੰਜਾਬ ਹੈ ਪਰ ਹੁਣ ਪੰਜਾਬ ਦੇ ਅੰਦਰ ਹੋ ਰਹੇ ਪਾਪ ਨੇ ਕਿਸੇ ਵੀ ਇਨਸਾਨ ਦੇ ਲੂੰ ਕੰਡੇ ਖੜ੍ਹੇ ਕਰ ਦਿੱਤੇ ਹਨ ਕਿਉਂਕਿ ਜੇਕਰ ਇਨਸਾਨ ਇੰਨਾਂ ਨਿਰਦਈ ਹੋ ਕੇ ਜੀਵ-ਜੰਤੂਆਂ ਉੱਤੇ ਕਹਿਰ ਕਮਾਵੇਗਾ, ਤਾਂ ਕੀ ਹੋਵੇਗਾ। ਇਹ ਵੀ ਸਾਨੂੰ ਸਾਰਿਆਂ ਨੂੰ ਪਤਾ ਹੈ। ਸਾਨੂੰ ਗੁਰੂ ਸਾਹਿਬ ਦੀ ਗੁਰਬਾਣੀ ਤੋਂ ਸੇਧ ਲੈਂਦਿਆਂ ਪਾਣੀ ਅਤੇ ਰੁੱਖ ਬਚਾਉਣ ਦੇ ਲਈ ਅੱਗੇ ਆ ਕੇ ਪਹਿਲ ਕਰਨ ਦੀ ਲੋੜ ਹੈ, ਤਾਂ ਕਿ ਬੱਚਿਆ-ਖੁਚਿਆ ਪੰਜਾਬ ਤਬਾਹ ਹੋਣ ਤੋਂ ਬਚ ਜਾਵੇ, ਨਹੀਂ ਤਾਂ ਹਾਲਾਤ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਦੇ ਬਣ ਚੁੱਕੇ ਹਨ।



ਪੰਜਾਬ ਅੰਦਰ ਪਿਛਲੇ ਦਿਨੀਂ ਲਗਾਈ ਅੱਗ ਨੇ ਜੀਵ ਜੰਤੂ ਸਾੜ ਕੇ ਸੁਆਹ ਕਰ ਦਿੱਤੇ, ਬਨਸਪਤੀ ਫੂਕ ਦਿੱਤੀ ਤੇ ਆਪਣੀ ਧਰਤੀ ਨੂੰ ਵੀ ਅੱਗ ਦੇ ਹਵਾਲੇ ਕਰ ਦਿੱਤਾ ਔਰ ਹੈਰਾਨੀਜਨਕ ਤੱਥ ਇਹ ਹੈ ਕਿ ਉਸ ਤੋਂ ਬਾਅਦ ਖੇਤਾਂ ਅੰਦਰ ਪਾਣੀ ਛੱਡ ਕੇ ਉਸਨੂੰ ਠੰਡੀ ਕਰਨ ਦਾ ਠੇਕਾ ਵੀ ਬਹੁਤ ਸਾਰੇ ਕਿਸਾਨਾਂ ਨੇ ਲਿਆ ਹੈ, ਜੋ ਬਿਲਕੁਲ ਗਲਤ ਗੱਲ ਹੈ। ਬਹੁਤ ਸਾਰੀ ਨੌਜਵਾਨੀ ਵਿਦੇਸ਼ਾਂ ਅੰਦਰ ਖੱਜਲ-ਖੁਆਰ ਹੋ ਕੇ ਗਲਤ ਰਾਹ ਪੈ ਚੁੱਕੀ ਹੈ। ਅੱਜ ਸਾਡੇ ਕੋਲ ਕੁਝ ਵੀ ਬਾਕੀ ਨਹੀਂ ਬਚਿਆ, ਅਸੀਂ ਆਪਣੇ ਹੱਥੀਂ ਸਭ ਕੁਝ ਗਵਾ ਲਿਆ ਹੈ, ਪਾਣੀ ਅਤੇ ਧਰਤੀ ਤੋਂ ਇਲਾਵਾ ਨੌਜਵਾਨੀ ਵੀ ਸਾਡੇ ਕੋਲੋਂ ਜਾ ਚੁੱਕੀ ਹੈ। ਪੰਜਾਬ ਨਸ਼ਿਆਂ ਦੀ ਦਲਦਲ ਦੇ ਵਿਚ ਘਿਰਦਾ ਜਾ ਰਿਹਾ ਹੈ। ਪੰਜਾਬ ਦੀ ਕਿਸਾਨੀ ਕਰਜਾਈ ਹੋ ਕੇ ਸਾਹਹੀਣ ਹੋ ਚੁੱਕੀ ਹੈ। ਪੰਜਾਬ ਦੀ ਧਰਤੀ 'ਤੇ ਖੁਦਕੁਸ਼ੀਆਂ ਦੀ ਖੇਤੀ ਹੋ ਰਹੀ ਹੈ ਅਤੇ ਬਾਹਰੋਂ ਆ ਕੇ ਬੰਦੇ ਇੱਥੇ ਵੱਸ ਰਹੇ ਹਨ, ਇਹ ਪੰਜਾਬੀਆਂ ਲਈ ਇੱਕ ਤਰ੍ਹਾਂ ਨਾਲ ਖਤਰੇ ਦੀ ਘੰਟੀ ਹੈ। ਨਾ ਸਾਡੇ ਪਾਸ ਪਾਣੀ ਹੈ, ਨਾ ਸਾਡੇ ਪਾਸ ਨੌਜਵਾਨੀ ਹੈ, ਨਾ ਸਾਡੇ ਕੋਲ ਦਰੱਖਤ ਹਨ। ਸਾਨੂੰ ਆਕਸੀਜਨ ਲੈਣ ਲਈ ਹਸਪਤਾਲਾਂ ਦਾ ਆਸਰਾ ਲੈਣਾ ਪੈਂਦਾ ਹੈ। ਫਿਰ ਅਸੀਂ ਬਚਾਂਗੇ ਕਿਵੇਂ, ਕਹਿਣ ਦੀ ਲੋੜ ਨਹੀਂ। ਆਓ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਉ ਕੇ ਅਰਦਾਸ ਕਰੀਏ ਤੇ ਰੁੱਖ ਤੇ ਪਾਣੀ ਨੂੰ ਬਚਾਉਣ ਦਾ ਨਿਰਣਾ ਲੈ ਕੇ ਮੈਦਾਨ ਵਿਚ ਕੁੱਦੀਏ, ਇਹੀ ਸਾਡੀ ਕਾਮਨਾ ਹੈ।

# ਲੀਡਰਾਂ ਨੂੰ ਗਰਮੀ ਸਰਦੀ ਕਿਉਂ ਨਹੀਂ ਲੱਗਦੀ?





ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
ਪੰਜਾਬ ਮੇਲ USA

ਦੇਸ਼ ਵਿਚ ਲੋਕ ਸਭਾ ਚੋਣਾਂ ਦੀ ਮਾਰਾਮਾਰੀ ਚੱਲ ਰਹੀ ਹੈ। ਸਾਰੀਆਂ ਪਾਰਟੀਆਂ ਇੱਕ ਦੂਸਰੇ 'ਤੇ ਘਟੀਆ ਤੋਂ ਘਟੀਆ ਇਲਜ਼ਾਮ ਲਗਾ ਰਹੀਆਂ ਹਨ ਤੇ ਖੁਦ ਨੂੰ ਦੁੱਧ ਧੋਤਾ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਕੋਈ ਫਿਰਕਾਪ੍ਰਸਤ ਪਾਰਟੀ ਵੋਟਾਂ ਲੈਣ ਲਈ ਹਿੰਦੂ ਮੁਸਲਿਮ ਕਰ ਰਹੀ ਹੈ ਤੇ ਕੋਈ ਆਪਣੇ ਆਪ ਨੂੰ ਸੰਵਿਧਾਨ ਤੇ ਰਿਜ਼ਰਵੇਸ਼ਨ ਦਾ ਰਾਖਾ ਸਾਬਤ ਕਰਨ 'ਤੇ ਤੁਲੀ ਹੋਈ ਹੈ। ਜਨਤਾ ਨੂੰ ਮੁਫਤ ਵਿਚ ਚੀਜ਼ਾਂ ਦੇਣ ਦਾ ਭਿਆਨਕ ਮੁਕਾਬਲਾ ਚੱਲ ਰਿਹਾ ਹੈ। ਬੇਰੋਜ਼ਗਾਰੀ, ਵਿਦਿਆ ਤੇ ਗਰੀਬੀ ਖਤਮ ਕਰਨ ਵਰਗੇ ਮੁੱਦੇ ਗਾਇਬ ਹੋ ਗਏ ਹਨ। ਮੰਨਣਪੁਰ ਪਿੰਡ ਵਿਚੋਂ ਕਿਸੇ ਪਾਰਟੀ ਦਾ ਰੋਡ ਸ਼ੋਅ ਨਿਕਲ ਰਿਹਾ ਸੀ। 42-43 ਡਿਗਰੀ ਤਾਪਮਾਨ ਵਿਚ ਲੋਕਾਂ ਦੀ ਗਰਮੀ ਨਾਲ ਜੀਭ ਨਿਕਲ ਰਹੀ ਸੀ ਪਰ ਰੋਡ ਸ਼ੋਅ ਦੀ ਅਗਵਾਈ ਕਰ ਰਹੇ ਨੇਤਾ ਨੇ ਕੁੜਤੇ ਪਜ਼ਾਮੇ ਉੱਪਰ ਵਾਸਕਟ (ਬਿਨਾਂ ਬਾਹਾਂ ਦੀ ਜੈਕਟ) ਪਾਈ ਹੋਈ ਸੀ। ਇਹ ਵੇਖ ਕੇ ਸੁੱਚਾ ਨਿਹੰਗ ਜਿਹੜਾ ਕਿ ਬਨੈਣ ਕਛਹਿਰੇ ਵਿਚ ਵੀ ਮੁੜਕੋ-ਮੁੜਕੀ ਹੋਇਆ ਪਿਆ ਸੀ ਬੋਲਿਆ, "ਯਾਰ ਵੇਖ ਲਉ ਕਮਾਲ ਦੀ ਗੱਲ ਆ, ਅਸੀਂ ਸਾਰੇ ਗਰਮੀ ਨਾਲ ਮਰਨ ਵਾਲੇ ਹੋਏ ਪਏ ਆਂ ਤੇ ਇਹ ਕਮੀਜ਼ 'ਤੇ ਕੁੱਤੇ ਝੱਗੀ ਪਾਈ ਫਿਰਦਾ ਆ। ਇਹਨੂੰ ਗਰਮੀ ਕਿਉਂ ਨਈਂ ਲੱਗਦੀ?" ਕੋਲ ਖੜ੍ਹੇ ਹੀਰੇ ਫੌਜੀ ਨੇ ਜਵਾਬ ਦਿੱਤਾ, "ਨਿਹੰਗਾ, ਇਸ ਨੂੰ ਤਾਕਤ ਦੇ ਖੁਮਾਰ ਨੇ ਬੁਲਟ ਪਰੂਫ ਬਣਾ ਦਿੱਤਾ ਆ। ਐਮ.ਐਲ.ਏ. ਬਣਨ ਤੋਂ ਪਹਿਲਾਂ ਇਹ ਵੀ ਸਾਡੇ ਵਰਗਾ ਈ ਸੀ। ਤਾਕਤ ਇਹੋ ਜਿਹੀ ਵਸਤੂ ਆ ਜਿਹੜੀ ਬੰਦੇ ਨੂੰ ਰੱਬ ਬਣਨ ਦਾ ਅਹਿਸਾਸ ਕਰਾ ਦੇਂਦੀ ਆ। ਪੰਜਾਬ ਦੀ ਇੱਕ ਚੋਟੀ ਦੀ ਪਾਰਟੀ ਦਾ ਮੁਖੀ ਤਾਂ ਸਰਦੀਆਂ ਵਿਚ ਵੀ ਅੱਧੀ ਬਾਂਹ ਦਾ ਕੁੜਤਾ ਪਾਈ ਫਿਰਦਾ ਹੁੰਦਾ ਆ।" ਸੁੱਚੇ ਨਿਹੰਗ ਨੇ ਨਹਿਲੇ 'ਤੇ ਦਹਿਲਾ ਸੁੱਟਿਆ, "ਫੌਜੀਆ ਅਸਲ ਗੱਲ ਤਾਂ ਤੈਨੂੰ ਪਤਾ ਈ ਨਈਂ। ਕੁੜਤੇ ਦੀਆਂ ਸਿਰਫ ਦੋ ਜੇਬਾਂ ਹੁੰਦੀਆਂ ਨੇ ਪਰ ਵਾਸਕਟ ਸਮੇਤ ਪੰਜ ਜੇਬਾਂ ਬਣ ਜਾਂਦੀਆਂ ਨੇ। ਲੀਡਰ ਸੋਚਦੇ ਆ ਕਿ ਜੇ ਰਸਤੇ ਵਿਚ ਫੰਡ ਮਿਲ ਗਿਆ, ਤਾਂ ਇੱਕ ਜੇਬ ਵਿਚ ਪਾਉਣਾ ਔਖਾ ਹੋ ਜਾਣਾ ਆਂ।"

# ਗੀਤਕਾਰ ਤੇ ਪੇਸ਼ਕਾਰ ਦੇ ਨਾਲ ਪੰਜਾਬੀ ਗਾਇਕੀ ਦੇ ਸ਼ੋਅ ਯੂ.ਐੱਸ.ਏ. ਕਰਵਾਉਣ ਵਾਲੇ ਪ੍ਰਮੋਟਰ ਹਨ ਜੱਸੀ ਬੰਗਾ

ਪੇਸ਼ਕਸ਼ :
ਅੰਮ੍ਰਿਤ ਪਵਾਰ
ਪੰਜਾਬ ਮੇਲ USA

ਪਹਿਲਾਂ ਸ਼ੌਂਕ ਗੀਤਕਾਰੀ ਦਾ ਸੀ ਤੇ ਫਿਰ ਕਬੱਡੀ ਮੇਲੇ, ਹੋਰ ਪ੍ਰੋਗਰਾਮ ਕਲਾ, ਖੇਡ ਤੇ ਸੱਭਿਆਚਾਰ ਦੇ ਪ੍ਰੋਗਰਾਮ ਕਰਵਾਉਂਦੇ ਹੋਏ ਜਸਵਿੰਦਰ ਸਿੰਘ ਬੰਗਾ ਨੇ ਆਪਣੇ ਆਪ ਨੂੰ ਪੰਜਾਬੀ ਸੰਗੀਤ ਨਾਲ ਜੋੜ ਲਿਆ ਤੇ ਪੰਜਾਬ ਵਿਚ ਥੋੜ੍ਹਾ ਬਹੁਤ ਨਾਂ ਕਮਾਈ ਕਰ ਇੱਕ ਆਪਣੇ ਸੁਨਹਿਰੀ ਭਵਿੱਖ ਤੇ ਸੰਗੀਤ ਖੇਤਰ ਵਿਚ ਅੱਗੇ ਆਉਣ ਲਈ ਦੁਨੀਆਂ ਦੀ ਵੱਡੀ ਸ਼ਕਤੀ ਅਮਰੀਕਾ ਚਲਾ ਗਿਆ ਤੇ ਇਥੇ ਸਥਾਪਿਤ ਹੋ ਕੇ ਜੱਸੀ ਬੰਗਾ ਦੇ ਨਾਮ 'ਤੇ ਉਸ ਨੇ ਵਿਚਰਨਾ ਸ਼ੁਰੂ ਕਰ ਦਿੱਤਾ। ਸੈਕਰਾਮੈਂਟੋ ਕੈਲੀਫੋਰਨੀਆ ਇਲਾਕੇ ਵਿਚ ਜੱਸੀ ਦੀ ਧਰਮ, ਕਰਮ ਤੇ ਰਾਜਨੀਤਿਕ ਖੇਤਰ ਵਿਚ ਵੀ ਪਹਿਚਾਣ ਬਣੀ। ਜੱਸੀ ਨੇ ਫਿਰ ਸਾਥੀਆਂ ਨਾਲ ਮਿਲ 'ਜੀਵੇ ਪੰਜਾਬ ਐਂਟਰਟੇਨਮੈਂਟ' ਬਣਾ ਕੇ ਪੰਜਾਬੀ ਸੰਗੀਤ ਤੇ ਗਾਇਕੀ ਨੂੰ ਉਤਸ਼ਾਹ ਦੇਣਾ ਸ਼ੁਰੂ ਕੀਤਾ। ਮਨਜੀਤ ਪੱਪੂ ਤੇ ਅਮਰਿੰਦਰ ਗਿੱਲ ਤੋਂ ਗੁਰਦਾਸ ਮਾਨ ਤੇ ਪੰਜਾਬੀ ਫ਼ਿਲਮਾਂ ਦੇ ਸ਼ੋਅ ਜੱਸੀ ਬੰਗਾ ਨੇ ਅਮਰੀਕਾ ਕਰਵਾਏ। ਨਾਲ ਹੀ ਗੁਰੂ ਰਵਿਦਾਸ ਮਹਾਰਾਜ ਦੇ ਧਾਰਮਿਕ ਟਰੈਕ ਲਿਖੇ, ਵੀਡਿਓ ਬਣਵਾਏ ਤੇ ਕਬੱਡੀ ਮੇਲੇ ਕਰਵਾਏ। ਗੀਤਕਾਰ ਬਣ ਜੱਸੀ ਬੰਗਾ ਨੇ ਉੱਘੇ ਗੀਤਕਾਰ ਮੱਖਣ ਲੋਹਾਰ ਦੀ ਸੰਗਤ ਕੀਤੀ। ਲਖਵਿੰਦਰ ਲੱਕੀ, ਬੂਟਾ ਮੋਹਮੰਦ, ਸੱਤੀ ਖੋਖੇਵਾਲੀਆ ਨਾਲ ਸੰਗੀਤ, ਗਾਇਕੀ ਤੇ ਸੱਭਿਆਚਾਰਕ ਵਟਾਂਦਰਾ ਭਾਰਤ, ਪੰਜਾਬ ਤੇ ਅਮਰੀਕਾ ਤੱਕ ਕਰਵਾਏ। ਕਨੇਡਾ ਤੱਕ ਉਸ ਦੇ ਸ਼ੋਅ ਕਾਮਯਾਬ ਰਹੇ। ਜੱਸੀ ਬੰਗਾ ਨੇ ਸਮਾਜਿਕ ਕੰਮ ਵੀ ਪੰਜਾਬ ਕੀਤੇ, ਗਰੀਬ ਕੁੜੀਆਂ ਦੇ ਵਿਆਹ, ਗੁਰੂ ਰਵਿਦਾਸ ਮਹਾਰਾਜ ਜੀ ਦੇ ਉਤਸਵ, ਨਗਰ ਕੀਰਤਨ ਤੇ ਜਗਤ ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਧੀਨ ਨਗਰ ਕੀਰਤਨ ਯੂ.ਐੱਸ.ਏ. ਕਰਵਾ ਦੱਸਿਆ ਕਿ ਸੰਗੀਤ, ਧਰਮ ਕਰਮ, ਵਿਰਸਾ ਤੇ ਵਿਰਾਸਤ ਸਭ ਲਈ ਉਹ ਕੰਮ ਕਰਦੇ ਹਨ। ਜੱਸੀ ਦਾ ਮੰਤਵ ਪੰਜਾਬ ਤੇ ਅਮਰੀਕਾ ਤੇ ਨਵੀਂ ਪੰਜਾਬੀ ਨਸਲ ਨੂੰ ਆਪਣੇ ਵਿਰਸੇ ਤੇ ਸੰਗੀਤ ਨਾਲ ਜੋੜਨਾ ਹੈ। ਨਸ਼ੇ ਤੋਂ ਮੁਕਤੀ ਵਾਸਤੇ ਖੇਡ ਮੇਲੇ ਕਰਵਾਉਣਾ ਹੈ। ਗੁਰਦੀਪ ਕੌਰ ਉਸ ਦੀ ਹੈ ਹਰ ਕਾਰਜ ਦੀ ਸਾਥਣ। ਜੱਸੀ ਬੰਗਾ ਆਖਦੇ ਨੇ ਕਿ ਅਮਰੀਕਾ ਦੀ ਧਰਤੀ ਤੇ ਮਾਂ ਬੋਲੀ ਦੇ ਵਿਕਾਸ ਲਈ ਉਨ੍ਹਾਂ ਯਤਨ ਕੀਤੇ ਹਨ। ਨਵੇਂ ਸੁਰੀਲੇ ਕਲਾਕਾਰ ਅੱਗੇ ਹੀ ਨਹੀਂ ਲਿਆਂਦਾ ਬਲਕਿ ਅਮਰੀਕਾ ਤੱਕ ਉਨ੍ਹਾਂ ਦੇ ਸ਼ੋਅ ਲੁਆਏ ਹਨ। ਜੱਸੀ ਬੰਗਾ ਦਾ ਮੰਤਵ ਪੰਜਾਬੀ ਫ਼ਿਲਮਾਂ ਬਣਾ ਕੇ ਆ ਰਹੇ ਸਮੇਂ ਦੌਰਾਨ ਨਿਰਮਾਤਾ ਬਣ ਅੱਗੇ ਆਉਣਾ ਹੈ। ਜੱਸੀ ਹੁਣ ਧਾਰਮਿਕ ਗੀਤਕਾਰੀ ਹੀ ਕਰਨਗੇ। ਨਾਲ ਹੀ ਗੁਰੂ ਰਵਿਦਾਸ ਮਹਾਰਾਜ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜ ਧਰਮ ਸੰਸਕ੍ਰਿਤੀ ਨੂੰ ਅੱਗੇ ਵਧਾਉਣ ਦਾ ਹੈ। ਅੱਜ ਦੀ ਪਨੀਰੀ ਵਿਚ ਸੁਰ ਤਾਲ ਦੀ ਕਮੀ ਉਹ ਮਹਿਸੂਸ ਕਰਦੇ ਹਨ। ਪਰਿਵਾਰਕ ਵੀਡਿਓ 'ਤੇ ਜ਼ੋਰ ਦਿੰਦੇ ਹਨ ਤੇ ਪੰਜਾਬੀ ਫ਼ਿਲਮਾਂ ਲਈ ਅਮਰੀਕਾ ਦਾ ਓਪਨ ਹੋਣਾ ਉਨ੍ਹਾਂ ਅਨੁਸਾਰ ਚੰਗੀ ਗੱਲ ਹੈ। ਖੇਡਾਂ ਤੇ ਕਲਾ ਦਾ ਰਿਸ਼ਤਾ ਇਕੱਠਾ ਨਿਭਾਏ ਜਾਣ ਦੀ ਗੱਲ ਕਰਨ ਵਾਲੇ ਸੰਗੀਤ ਪ੍ਰਮੋਟਰ ਤੇ ਸਰਬ ਪੱਖੀ ਸ਼ਕਸ ਜੱਸੀ ਬੰਗਾ ਦੇ ਕਾਰਜ ਤੇ ਪ੍ਰਾਪਤੀਆਂ ਸਭ ਜ਼ਿਕਰਯੋਗ ਤੇ ਸਵਾਗਤਯੋਗ ਹਨ।



ਜੱਸੀ ਬੰਗਾ ਕਲਾਕਾਰ ਨਾਲ।






ਜੀਵੇ ਪੰਜਾਬ ਜੱਸੀ ਬੰਗਾ।



ਧਾਰਮਿਕ ਸਮਾਗਮ 'ਤੇ ਪਰਿਵਾਰ ਨਾਲ ਜੱਸੀ ਬੰਗਾ।





# ਕਾਂਗਰਸ ਪਾਰਟੀ ਦੇ ਨਵੇਂ-ਨਵੇਂ ਫਾਰਮੂਲਿਆਂ ਦੇ ਕੀ ਨਤੀਜੇ ਨਿਕਲਣਗੇ?

ਪੰਜਾਬ ਵਿਚ ਲੋਕ ਸਭਾ ਦੀਆਂ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਕਰਨ ਸਮੇਂ ਕਾਂਗਰਸ ਪਾਰਟੀ ਨੇ ਇੱਕ ਹੋਰ ਨਵਾਂ ਫਾਰਮੂਲਾ ਬਣਾਕੇ ਚੋਣ ਜਿੱਤਣ ਦੀ ਯੋਜਨਾ ਬਣਾਈ ਹੈ। ਇਹ ਯੋਜਨਾ ਆਪਣੇ ਪੈਰੀਂ ਖ਼ੁਦ ਹੀ ਕੁਹਾੜੀ ਮਾਰਨ ਵਾਲੀ ਲੱਗਦੀ ਹੈ। ਨਵੇਂ-ਨਵੇਂ ਫਾਰਮੂਲੇ ਦੇ ਕੇ ਕਾਂਗਰਸ ਪਾਰਟੀ ਆਪਣੇ ਹਿਸਾਬ ਨਾਲ ਤਾਂ ਵਧੀਆ ਚੋਣ ਰਣਨੀਤੀ ਬਣਾਉਂਦੀ ਹੈ ਪ੍ਰੰਤੂ ਅਜਿਹੀਆਂ ਰਣਨੀਤੀਆਂ ਹਮੇਸ਼ਾ ਸਾਰਥਿਕ ਸਾਬਤ ਨਹੀਂ ਹੁੰਦੀਆਂ। ਦਿੱਗਜ਼ ਨੇਤਾਵਾਂ ਨੂੰ ਟਿਕਟ ਦੇਣਾ ਕੋਈ ਮਾੜੀ ਗੱਲ ਨਹੀਂ ਪ੍ਰੰਤੂ ਉਸ ਦੇ ਨਾਲ ਸਥਾਨਕ ਨੇਤਾਵਾਂ ਵਿਚ ਨਾਰਾਜ਼ਗੀ ਪੈਦਾ ਹੁੰਦੀ ਹੈ, ਜਿਹੜੀ ਪਾਰਟੀ ਲਈ ਲਾਹੇਵੰਦ ਨਹੀਂ ਹੁੰਦੀ। ਦਿੱਗਜ਼ ਨੇਤਾਵਾਂ ਦਾ ਸਮੁੱਚੇ ਸੂਬੇ ਵਿਚ ਪ੍ਰਭਾਵ ਤਾਂ ਹੁੰਦਾ ਹੈ। ਇਹ ਪ੍ਰਭਾਵ ਚੋਣ ਪ੍ਰਚਾਰ ਲਈ ਤਾਂ ਸ਼ੁੱਭ ਸਾਬਤ ਹੋ ਸਕਦਾ ਹੈ ਪ੍ਰੰਤੂ ਖ਼ੁਦ ਦੂਜੇ ਥਾਂ 'ਤੇ ਆ ਕੇ ਚੋਣ ਲੜਨ ਵਿਚ ਸਹਾਈ ਹੋਣਾ ਸੰਭਵ ਨਹੀਂ ਹੁੰਦਾ। ਇਸ ਵਾਰ ਕਾਂਗਰਸ ਪਾਰਟੀ ਨੇ ਉਮੀਦਵਾਰ ਬਣਾਉਣ ਸਮੇਂ ਸਥਾਨਕ ਵਰਕਰਾਂ/ਨੇਤਾਵਾਂ ਨੂੰ ਅਣਡਿੱਠ ਕਰਕੇ ਆਪਣਾ ਨੁਕਸਾਨ ਆਪ ਹੀ ਕਰ ਲਿਆ ਲੱਗਦਾ ਹੈ। ਹਰ ਚੋਣ ਵਿਚ ਪਾਰਟੀ ਦੀ ਚੋਣ ਮੁਹਿੰਮ ਹਮੇਸ਼ਾ ਪਾਰਟੀ ਦੇ ਟਕਸਾਲੀ ਸਥਾਨਕ ਵਰਕਰ/ਨੇਤਾ ਹੀ ਚਲਾਉਂਦੇ ਹੁੰਦੇ ਹਨ। ਜੇਕਰ ਸਥਾਨਕ ਵਰਕਰਾਂ/ਨੇਤਾਵਾਂ ਨੇ ਮੀਟਿੰਗਾਂ ਅਤੇ ਜਲਸਿਆਂ ਵਿਚ ਦਰੀਆਂ ਹੀ ਵਿਛਾਉਣੀਆਂ ਹਨ, ਤਾਂ ਫਿਰ ਉਨ੍ਹਾਂ ਦੇ ਸਿਆਸਤ ਵਿਚ ਆਉਣ ਦਾ ਕੀ ਲਾਭ ਹੋਇਆ? ਜਦੋਂ ਬਾਹਰਲੇ ਉਮੀਦਵਾਰ ਆ ਕੇ ਪੈਰ ਜਮ੍ਹਾ ਲੈਂਦੇ ਹਨ, ਤਾਂ ਫਿਰ ਉਨ੍ਹਾਂ ਦੇ ਸਿਆਸੀ ਭਵਿੱਖ 'ਤੇ ਸਵਾਲੀਆ ਨਿਸ਼ਾਨ ਲੱਗ ਜਾਂਦਾ ਹੈ। ਜੇ ਇਉਂ ਕਹਿ ਲਿਆ ਜਾਵੇ ਕਿ ਉਨ੍ਹਾਂ ਦੇ ਸਿਆਸੀ ਕੈਰੀਅਰ ਨੂੰ ਬਰੇਕਾਂ ਲੱਗ ਜਾਂਦੀਆਂ ਹਨ, ਤਾਂ ਇਹ ਵੀ ਅਟੱਲ ਸੱਚਾਈ ਹੈ। ਸਥਾਨਕ ਵਰਕਰਾਂ/ਨੇਤਾਵਾਂ ਦਾ ਭਵਿੱਖ ਸੁਨਹਿਰਾ ਨਹੀਂ ਬਣ ਸਕਦਾ। ਉਨ੍ਹਾਂ ਦੇ ਚੋਣ ਲੜਕੇ ਰਾਜ ਭਾਗ ਦੇ ਹਿੱਸੇਦਾਰ ਬਣਨ ਦੇ ਸਪਨੇ ਮਿੱਟੀ ਵਿਚ ਮਿਲ ਜਾਂਦੇ ਹਨ। ਚੋਣ ਪ੍ਰਚਾਰ ਉਹ ਨਿਰਾਸ਼ਾ ਦੇ ਆਲਮ ਵਿਚ ਕਰਦੇ ਹਨ। ਉਨ੍ਹਾਂ ਦੇ ਉਤਸ਼ਾਹ ਖ਼ਤਮ ਹੋ ਜਾਂਦੇ ਹਨ ਅਤੇ ਪਾਰਟੀ ਦੇ ਉਮੀਦਵਾਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਵਰਕਰ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਪੰਜਾਬ ਵਿਚ 13 ਅਤੇ ਇੱਕ ਚੰਡੀਗੜ੍ਹ ਵਿਚੋਂ ਲੋਕ ਸਭਾ ਦੇ ਮੈਂਬਰ ਚੁਣੇ ਜਾਣੇ ਹਨ। ਕਾਂਗਰਸ ਹਾਈ ਕਮਾਂਡ ਨੇ ਸਥਾਨਕ ਨੇਤਾਵਾਂ ਨੇਤਾਵਾਂ ਦੀ ਥਾਂ 14 ਉਮੀਦਵਾਰਾਂ ਵਿਚੋਂ 4 ਉਮੀਦਵਾਰ ਬਾਹਰਲੇ ਜ਼ਿਲ੍ਹਿਆਂ ਵਿਚੋਂ ਲਿਆਕੇ ਮੜ੍ਹ ਦਿੱਤੇ ਹਨ, ਜਿਨ੍ਹਾਂ ਦਾ ਉਨ੍ਹਾਂ ਜ਼ਿਲ੍ਹਿਆਂ ਵਿਚ ਕੋਈ ਆਧਾਰ ਨਹੀਂ, ਇਸ ਲਈ ਉਨ੍ਹਾਂ ਨੂੰ ਸਥਾਨਕ ਵਰਕਰਾਂ/ਨੇਤਾਵਾਂ 'ਤੇ ਨਿਰਭਰ ਰਹਿਣਾ ਪਵੇਗਾ। ਲੁਧਿਆਣਾ ਲਈ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਮੁਕਤਸਰ ਜ਼ਿਲ੍ਹੇ ਦੇ ਗਿਦੜਬਾਹਾ ਹਲਕੇ ਤੋਂ ਲਿਆਕੇ ਉਮੀਦਵਾਰ ਬਣਾ ਦਿੱਤਾ ਹੈ, ਉਸ ਨੇ ਗਿਦੜਬਾਹਾ ਵਿਧਾਨ ਸਭਾ ਹਲਕੇ ਤੋਂ 2012 ਵਿਚ ਉਸ ਸਮੇਂ ਦੇ ਅਕਾਲੀ ਦਲ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਬਾਦਲ ਪਰਿਵਾਰ ਦੇ ਗੜ੍ਹ ਵਿਚ ਸੰਨ੍ਹ



ਲਗਾਕੇ ਹਰਾਇਆ ਸੀ ਤੇ ਵਿਧਾਨ ਸਭਾ ਦੇ ਮੈਂਬਰ ਬਣੇ ਸਨ। ਗਿਦੜਵਾਹਾ ਤੋਂ ਉਹ ਤਿੰਨ ਵਾਰ 2012, 2017 ਅਤੇ 2022 ਵਿਚ ਵਿਧਾਨ ਸਭਾ ਦੇ ਮੈਂਬਰ ਬਣੇ ਹਨ। ਉਨ੍ਹਾਂ ਦਾ ਬਠਿੰਡਾ ਲੋਕ ਸਭਾ ਹਲਕੇ ਵਿਚ ਚੰਗਾ ਆਧਾਰ ਹੈ। 2019 ਦੀਆਂ ਲੋਕ ਸਭਾ ਚੋਣਾ ਸਮੇਂ ਉਹ ਬਠਿੰਡਾ ਤੋਂ ਲੋਕ ਸਭਾ ਦੀ ਚੋਣ ਲੜੇ ਸਨ ਅਤੇ ਥੋੜ੍ਹੇ ਫਰਕ ਨਾਲ ਹਾਰ ਗਏ ਸਨ। ਜੇਕਰ ਉਨ੍ਹਾਂ ਨੂੰ ਉਮੀਦਵਾਰ ਬਣਾਉਣਾ ਹੀ ਸੀ, ਤਾਂ ਬਠਿੰਡਾ ਤੋਂ ਬਣਾਉਂਦੇ। ਭਾਵੇਂ ਉਹ ਜੋ ਮਰਜ਼ੀ ਬਿਆਨ ਦੇਈ ਜਾਣ ਪ੍ਰੰਤੂ ਦਿਲੋਂ ਉਹ ਲੁਧਿਆਣਾ ਆ ਕੇ ਖ਼ੁਸ਼ ਨਹੀਂ ਹੋਣਗੇ। ਉਹ ਬਠਿੰਡਾ ਤੋਂ ਆਪਣੀ ਪਤਨੀ ਅੰਮ੍ਰਿਤ ਵੜਿੰਗ ਲਈ ਟਿਕਟ ਦੇ ਚਾਹਵਾਨ ਸਨ, ਉਸ ਨੂੰ ਵੀ ਟਿਕਟ ਨਹੀਂ ਦਿੱਤੀ ਗਈ। ਲੁਧਿਆਣਾ ਤੋਂ ਸਥਾਨਕ ਨੇਤਾ ਪੰਜਾਬ ਪ੍ਰਦੇਸ਼ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਨ ਆਸ਼ੂ, ਜ਼ਿਲ੍ਹਾ ਪ੍ਰਧਾਨ ਸੰਜੇ ਤਲਵਾੜ ਅਤੇ ਸਾਬਕਾ ਵਿਧਾਇਕ ਸੁਰਿੰਦਰ ਡਾਵਰ ਟਿਕਟ ਦੇ ਦਾਅਵੇਦਾਰ ਸਨ। ਉਨ੍ਹਾਂ ਵਿਚੋਂ ਭਾਰਤ ਭੂਸ਼ਨ ਆਸ਼ੂ ਦਾ ਲੁਧਿਆਣਾ ਵਿਚ ਚੰਗਾ ਅਸਰ ਰਸੂਖ਼ ਹੈ। ਉਸ ਨੂੰ ਅਣਡਿੱਠ ਕਰਨਾ ਪਾਰਟੀ ਲਈ ਨੁਕਸਾਨਦਾਇਕ ਹੋਵੇਗਾ। ਜਲੰਧਰ ਲਈ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮੋਹਾਲੀ ਜ਼ਿਲ੍ਹੇ ਦੇ ਚਮਕੌਰ ਸਾਹਿਬ ਹਲਕੇ ਤੋਂ ਲਿਆਕੇ ਉਮੀਦਵਾਰ ਬਣਾ ਦਿੱਤਾ ਹੈ। ਚਰਨਜੀਤ ਸਿੰਘ ਚੰਨੀ ਚਮਕੌਰ ਸਾਹਿਬ ਹਲਕੇ ਤੋਂ ਦੋ ਵਾਰ ਵਿਧਾਇਕ ਰਹੇ ਹਨ। ਖਰੜ ਦੇ ਵਸਨੀਕ ਹਨ, ਉਨ੍ਹਾਂ ਨੂੰ ਜਲੰਧਰ ਭੇਜਣ ਦੀ ਕੋਈ ਤੁੱਕ ਨਹੀਂ ਬਣਦੀ ਸੀ, ਵੈਸੇ ਵੀ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਹ ਦੋ ਵਿਧਾਨ ਸਭਾ ਹਲਕਿਆਂ ਮੋਹਾਲੀ ਜ਼ਿਲ੍ਹੇ ਦੇ ਚਮਕੌਰ ਸਾਹਿਬ ਅਤੇ ਬਰਨਾਲਾ ਜ਼ਿਲ੍ਹੇ ਦੇ ਭਦੌੜ ਤੋਂ ਚੋਣ ਲੜੇ ਸਨ ਅਤੇ ਚਮਕੌਰ ਸਾਹਿਬ ਦੋਹਾਂ ਸੀਟਾਂ ਤੋਂ ਉਹ ਹਾਰ ਗਏ ਸਨ। ਭਦੌੜ ਹਲਕੇ ਤੋਂ ਉਨ੍ਹਾਂ ਦੀ ਜ਼ਮਾਨਤ ਜ਼ਬਤ ਹੋ ਗਈ ਸੀ। ਜੇਕਰ ਉਸ ਨੂੰ ਕਾਂਗਰਸ ਦੀ ਚੋਣ ਲੜਾਉਣ ਦੀ ਮਜਬੂਰੀ ਸੀ, ਤਾਂ ਫਤਿਹਗੜ੍ਹ ਸਾਹਿਬ ਹਲਕੇ ਤੋਂ ਚੋਣ



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA

ਲੜਾ ਦਿੰਦੇ, ਜਿਹੜਾ ਉਸਦੇ ਚਮਕੌਰ ਸਾਹਿਬ ਵਿਧਾਨ ਸਭਾ ਹਲਕੇ ਦੇ ਨਜ਼ਦੀਕ ਹੈ। ਜਲੰਧਰ ਲੋਕ ਸਭਾ ਹਲਕੇ ਵਿਚ ਕਾਂਗਰਸ ਦੇ ਇਕ ਸਦੀ ਤੋਂ ਟਕਸਾਲੀ ਮਾਸਟਰ ਗੁਰਬੰਤਾ ਸਿੰਘ ਦੇ ਪਰਿਵਾਰ ਦੀ ਨੂੰਹ ਕਰਮਜੀਤ ਕੌਰ ਪਤਨੀ ਮਰਹੂਮ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਨੂੰ ਟਿਕਟ ਦੇਣਾ ਬਣਦਾ ਸੀ ਕਿਉਂਕਿ ਉਹ ਉਪ ਚੋਣ ਪਹਿਲਾਂ ਲੜ ਚੁੱਕੀ ਸੀ। ਉਸ ਦਾ ਲੜਕਾ ਵਿਕਰਮਜੀਤ ਸਿੰਘ ਚੌਧਰੀ ਫਿਲੌਰ ਹਲਕੇ ਤੋਂ ਵਿਧਾਨਕਾਰ ਹਨ। ਚਲੋ ਜੇਕਰ ਉਸ ਪਰਿਵਾਰ ਨੂੰ ਟਿਕਟ ਨਹੀਂ ਦੇਣਾ ਸੀ, ਤਾਂ ਮਹਿੰਦਰ ਸਿੰਘ ਕੇ.ਪੀ. ਨੂੰ ਟਿਕਟ ਦੇ ਦਿੰਦੇ, ਜਿਹੜਾ ਪਹਿਲਾਂ ਵੀ ਉਥੋਂ ਲੋਕ ਸਭਾ ਦਾ ਮੈਂਬਰ ਰਿਹਾ ਹੈ। ਬਾਹਰੀ ਉਮੀਦਵਾਰ ਨੂੰ ਟਿਕਟ ਦੇ ਕੇ ਕਾਂਗਰਸ ਨੇ ਦੋ ਟਕਸਾਲੀ ਪਰਿਵਾਰਾਂ ਨੂੰ ਪਾਰਟੀ ਬਦਲਣ ਲਈ ਮਜਬੂਰ ਕਰ ਦਿੱਤਾ। ਸੰਗਰੂਰ ਲੋਕ ਸਭਾ ਦੀ ਉਪ ਚੋਣ ਲੜਨ ਵਾਲੇ ਸਾਬਕਾ ਵਿਧਾਇਕ ਦਲਵੀਰ ਗੋਲਡੀ ਖੰਗੂੜਾ ਨੂੰ ਟਿਕਟ ਦੇਣ ਦੀ ਥਾਂ ਸੁਖਪਾਲ ਸਿੰਘ ਖਹਿਰਾ ਨੂੰ ਕਪੂਰਥਲਾ ਜ਼ਿਲ੍ਹੇ ਦੇ ਭੁਲੱਥ ਹਲਕੇ ਤੋਂ ਲਿਆਕੇ ਉਮੀਦਵਾਰ ਬਣਾ ਦਿੱਤਾ ਹੈ। ਬੇਸ਼ੱਕ ਸੁਖਪਾਲ ਸਿੰਘ ਖਹਿਰਾ ਇੱਕ ਬੇਬਾਕ ਧੜੱਲੇਦਾਰ ਵਕਤਾ ਹੈ ਪ੍ਰੰਤੂ ਉਸ ਨੂੰ ਸੰਗਰੂਰ ਵਿਚ ਲਿਆਕੇ ਪਾਰਟੀ ਨੇ ਫਸਾ ਦਿੱਤਾ ਹੈ। ਉਸ ਦਾ ਉਥੇ ਕੋਈ ਆਧਾਰ ਨਹੀਂ, ਸਥਾਨਕ ਵਰਕਰ/ਨੇਤਾ ਜਿਹੜੇ ਪਾਰਟੀ ਦੀਆਂ ਦਰੀਆਂ ਵਿਛਾਉਂਦੇ ਰਹੇ, ਉਹ ਨਿਰਾਸ਼ ਹੋ ਗਏ ਹਨ। ਸੰਗਰੂਰ ਦੀ ਟਿਕਟ ਦਾ ਦਾਅਵੇਦਾਰ ਨੌਜਵਾਨ ਨੇਤਾ ਦਲਵੀਰ ਸਿੰਘ ਗੋਲਡੀ ਪਾਰਟੀ ਛੱਡ ਗਿਆ। ਦਲਵੀਰ ਸਿੰਘ ਗੋਲਡੀ ਨੇ ਆਮ ਆਦਮੀ ਪਾਰਟੀ ਦੇ 2022 ਵਿਚ ਮੁੱਖ ਮੰਤਰੀ ਦੇ ਉਮੀਦਵਾਰ ਭਗਵੰਤ ਸਿੰਘ ਮਾਨ ਦੇ ਵਿਰੁੱਧ ਡੱਟਕੇ ਚੋਣ ਲੜੀ ਸੀ। ਉਹ ਪਹਿਲਾਂ ਵੀ ਲੋਕ ਸਭਾ ਦੀ ਉਪ ਚੋਣ ਲੜ ਚੁੱਕਿਆ ਹੈ, ਇਸ ਵਾਰ ਵੀ ਉਹ ਲੜਨਾ ਚਾਹੁੰਦਾ ਸੀ ਪ੍ਰੰਤੂ ਉਸ ਨੂੰ ਦਰਕਿਨਾਰ ਕਰਨ ਕਰਕੇ ਉਹ ਪਾਰਟੀ ਛੱਡ ਗਿਆ। ਜੇਕਰ ਦਲਵੀਰ ਸਿੰਘ ਗੋਲਡੀ ਨੂੰ ਟਿਕਟ ਨਹੀਂ ਦੇਣੀ ਸੀ, ਤਾਂ ਸੰਗਰੂਰ ਤੋਂ 2009 ਵਿਚ ਲੋਕ ਸਭਾ ਮੈਂਬਰ ਰਹੇ ਤੇ ਫਿਰ 2017 ਵਿਚ ਵਿਧਾਨ ਸਭਾ ਦੇ ਮੈਂਬਰ ਵਿਜੇ ਇੰਦਰ ਸਿੰਗਲਾ ਨੂੰ ਟਿਕਟ ਦੇ ਦਿੰਦੇ, ਉਹ ਸਥਾਨਕ ਨੇਤਾ ਹੈਗਾ ਸੀ। ਲੋਕਾਂ ਨਾਲ ਤਾਲਮੇਲ ਵੀ ਸੀ। ਪੰਜਾਬ ਸਰਕਾਰ ਵਿਚ ਮੰਤਰੀ ਵੀ ਰਿਹਾ ਸੀ। ਸ੍ਰੀ ਆਨੰਦਪੁਰ ਸਾਹਿਬ ਹਲਕੇ ਲਈ ਵਿਜੇ ਇੰਦਰ ਸਿੰਗਲਾ ਨੂੰ ਸੰਗਰੂਰ ਤੋਂ ਲਿਆਕੇ ਉਮੀਦਵਾਰ ਬਣਾ ਦਿੱਤਾ ਹੈ। ਆਨੰਦਪੁਰ ਸਾਹਿਬ ਲਈ ਸਥਾਨਕ ਨੇਤਾ ਰਾਣਾ ਕੇ.ਪੀ. ਸਿੰਘ ਅਤੇ ਬਲਬੀਰ ਸਿੰਘ ਸਿੱਧੂ ਵਿਚੋਂ ਇਕ ਨੂੰ ਬਣਾਉਣਾ ਚਾਹੀਦਾ ਸੀ। ਚੰਡੀਗੜ੍ਹ ਹਲਕੇ ਦੇ ਪੁਰਾਣੇ ਮੈਂਬਰ ਲੋਕ ਸਭਾ ਮੈਂਬਰ ਪਵਨ ਬਾਂਸਲ ਨੂੰ ਬਦਲਕੇ ਉਸ ਦੀ ਥਾਂ 'ਤੇ ਸ੍ਰੀ ਆਨੰਦਪੁਰ ਸਾਹਿਬ ਹਲਕੇ ਤੋਂ ਲਿਆ ਕੇ ਮਨੀਸ਼ ਤਿਵਾੜੀ ਨੂੰ ਉਮੀਦਵਾਰ ਬਣਾ ਦਿੱਤਾ ਹੈ। ਮਨੀਸ਼ ਤਿਵਾੜੀ 2009 ਵਿਚ ਲੁਧਿਆਣਾ ਅਤੇ 2019 ਵਿਚ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਦਾ ਮੈਂਬਰ ਅਤੇ ਡਾ. ਮਨਮੋਹਨ ਸਿੰਘ ਦੀ ਸਰਕਾਰ ਵਿਚ ਮੰਤਰੀ ਰਿਹਾ ਹੈ। ਉਹ ਲੁਧਿਆਣਾ ਲਈ ਵੀ ਵਧੀਆ ਉਮੀਦਵਾਰ ਹੋ ਸਕਦਾ ਸੀ। ਪਵਨ ਬਾਂਸਲ 2009 ਵਿਚ ਚੰਡੀਗੜ੍ਹ ਤੋਂ ਲੋਕ ਸਭਾ ਮੈਂਬਰ ਅਤੇ ਡਾ. ਮਨਮੋਹਨ ਸਿੰਘ ਦੀ ਸਰਕਾਰ ਵਿਚ ਰਾਜ ਮੰਤਰੀ ਰੇਲਵੇ ਰਿਹਾ ਹੈ। ਉਹ ਸਰਬ ਭਾਰਤੀ ਕਾਂਗਰਸ ਕਮੇਟੀ ਦਾ ਥੋੜ੍ਹਾ ਸਮਾਂ ਖ਼ਜ਼ਾਨਚੀ ਵੀ ਰਿਹਾ ਹੈ। ਇਸ ਕਰਕੇ ਸਥਾਨਕ ਵਰਕਰਾਂ/ਨੇਤਾਵਾਂ ਵਿਚ ਘੁਸਰ-ਮੁਸਰ ਸ਼ੁਰੂ ਹੋ ਗਈ ਹੈ। ਫਰੀਦਕੋਟ ਵਿਚ ਬਜ਼ੁਰਗ ਪੰਜਾਬੀ ਗਾਇਕ ਮੁਹੰਮਦ ਸਦੀਕ ਦੀ ਥਾਂ ਅਕਾਲੀ ਦਲ ਵਿਚੋਂ ਆਈ ਅਮਰਜੀਤ ਕੌਰ ਸਾਹੋਕੇ ਨੂੰ ਟਿਕਟ ਦੇ ਦਿੱਤੀ ਹੈ। ਭਾਰਤੀ ਜਨਤਾ ਪਾਰਟੀ ਦੇ ਹੰਸ ਰਾਜ ਹੰਸ ਅਤੇ ਅਨਮੋਲ ਸਿੰਘ ਦੋਵੇਂ ਗਾਇਕਾਂ ਨੂੰ ਮੁਹੰਮਦ ਸਦੀਕ ਟੱਕਰ ਦੇਣ ਦੇ ਕਾਬਲ ਸੀ। ਉਹ ਦੋ ਵਾਰ ਵਿਧਾਇਕ ਅਤੇ ਹੁਣ ਫਰੀਦਕੋਟ ਤੋਂ ਲੋਕ ਸਭਾ ਦਾ ਮੈਂਬਰ ਹੈ। ਕਾਂਗਰਸ ਦੀ ਧੜੇਬੰਦੀ ਨੇ ਮੁਹੰਮਦ ਸਦੀਕ ਦੀ ਟਿਕਟ ਕੱਟਵਾ ਦਿੱਤੀ ਹੈ। ਸਾਰੀ ਵਿਚਾਰ ਚਰਚਾ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਕਾਂਗਰਸ ਨੇ ਉਮੀਦਵਾਰਾਂ ਦੀ ਚੋਣ ਸਹੀ ਨਹੀਂ ਕੀਤੀ, ਜਿਸ ਦਾ ਖਮਿਆਜ਼ਾ ਪਾਰਟੀ ਨੂੰ ਭੁਗਤਣਾ ਪਵੇਗਾ। ਪੰਜਾਬ ਦੇ ਕਾਂਗਰਸੀ ਟਿਕਟਾਂ ਦੀ ਵੰਡ ਨੂੰ ਧੜੇਬੰਦੀ ਦਾ ਸਬੂਤ ਕਹਿ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ 2027 ਵਿਚ ਖਾਲੀ ਹੋਣ ਵਾਲੀ ਮੁੱਖ ਮੰਤਰੀ ਦੀ ਕੁਰਸੀ ਦੀ ਝਾਕ ਵਿਚ ਇੱਕ ਵੱਡੇ ਨੇਤਾ ਨੇ ਬਾਕੀ ਸੀਨੀਅਰ ਦਾਅਵੇਦਾਰ ਲੋਕ ਸਭਾ ਦੀਆਂ ਚੋਣਾਂ ਵਿਚ ਫਸਾ ਦਿੱਤੇ ਹਨ, ਤਾਂ ਜੋ ਉਸ ਦੇ ਰਸਤੇ ਦਾ ਰੋੜਾ ਨਾ ਬਣ ਸਕਣ। ਜੇ ਕਿਤੇ ਦਿੱਗਜ਼ ਨੇਤਾ ਚੋਣ ਹਾਰ ਗਏ, ਤਾਂ ਉਨ੍ਹਾਂ ਦਾ ਭਵਿੱਖ ਵੀ ਖ਼ਤਰੇ ਵਿਚ ਪੈ ਸਕਦਾ ਹੈ। ਨਵੇਂ ਫਾਰਮੂਲੇ ਪਹਿਲਾਂ ਵੀ ਕਾਂਗਰਸ ਲਈ ਸਾਰਥਿਕ ਸਾਬਤ ਨਹੀਂ ਹੋ ਸਕੇ। ਤੇਲ ਦੇਖੋ ਤੇ ਤੇਲ ਦੀ ਧਾਰ ਵੇਖੋ ਕਿ 4 ਜੂਨ ਨੂੰ ਊਂਠ ਕਿਸ ਕਰਵਟ ਬੈਠਦਾ ਹੈ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic



Dental Care & Hair Transplant
COSMETIC - IMPLANT - RESTORATIVE



ਐਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in

Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਫਲਾਂ ਦੇ ਬਾਗਾਂ ਦੀ ਧਰਤੀ ਕੈਨੇਡਾ ਦੀ ਓਕਨਾਗਨ ਘਾਟੀ ਤੇ ਇੱਥੇ ਵਸਦੇ ਪੰਜਾਬੀ









ਕੈਨੇਡਾ ਦੇ ਸਭ ਤੋਂ ਖੂਬਸੂਰਤ ਰਾਜ ਬ੍ਰਿਟਿਸ਼ ਕੋਲੰਬੀਆ ਦੀ ਓਕਨਾਗਨ ਵੈਲੀ (ਘਾਟੀ) ਵੀ ਦੇਖਣਯੋਗ ਹੈ। ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਤੋਂ ਕੈਨੇਡਾ ਆਉਣ ਵਾਲੇ ਲੋਕਾਂ ਨੂੰ ਓਕਨਾਗਨ ਘਾਟੀ ਆਪਣੇ ਵੱਲ ਖਿੱਚਦੀ ਹੋਈ ਪ੍ਰਤੀਤ ਹੁੰਦੀ ਹੈ, ਕਿਉਂਕਿ ਇਸ ਖੇਤਰ ਦੀ ਸੁੰਦਰਤਾ ਅਤੇ ਕੁਦਰਤੀ ਸੁਹੱਪਣ ਦਾ ਆਨੰਦ ਲੈਣ ਦੀ ਹਰ ਇੱਕ ਵਿਚ ਚਾਹਨਾਂ ਹੁੰਦੀ ਹੈ। ਓਕਨਾਗਨ ਘਾਟੀ ਦੇ ਖੇਤਰ ਵਿਚ ਕੈਲੋਨਾਂ, ਪੱਛਮੀ ਕੈਲੋਨਾਂ, ਓਲੀਵਰ, ਸੋਹੀਅਸ, ਪੈਨਟੈਂਕਟਨ ਅਤੇ ਵਰਨਨ ਆਦਿ ਸ਼ਹਿਰ ਆਉਂਦੇ ਹਨ। ਇਸ ਘਾਟੀ ਨੂੰ ਇੱਥੋਂ ਦੀਆਂ ਵਿਸ਼ਵ ਪ੍ਰਸਿੱਧ ਵਾਇਨਰੀਜ (ਸ਼ਰਾਬ ਬਨਾਉਣ ਵਾਲੇ ਕਾਰੋਬਾਰ) ਅਤੇ ਫਲਾਂ ਦੀ ਪੈਦਾਵਰ ਕਰਕੇ ਜਾਣਿਆਂ ਜਾਂਦਾ ਹੈ। ਓਕਨਾਗਨ ਵੈਲੀ ਦੇ ਸਾਰੇ ਹੀ ਸ਼ਹਿਰ ਓਕਨਾਗਨ ਝੀਲ ਦੇ ਕੰਢੇ ਵਸੇ ਹੋਏ ਹਨ। ਇਹੀ ਝੀਲ ਅਤੇ ਦੂਸਰੇ ਪਾਸੇ ਪਹਾੜ ਇਸ ਖੇਤਰ ਨੂੰ ਵੱਡੀ ਖੂਬਸੂਰਤੀ ਪ੍ਰਦਾਨ ਕਰਦੇ ਹਨ। ਇਹੀ ਕਾਰਨ ਹੈ ਕਿ ਵਿਸ਼ਵ ਭਰ ਦੇ ਵੱਡੀ ਗਿਣਤੀ ਸੈਲਾਨੀ ਗਰਮੀਆਂ ਵਿਚ ਇਸ ਖੇਤਰ ਵੱਲ ਨੂੰ ਵਹੀਰਾਂ ਘੱਤ ਦਿੰਦੇ ਹਨ।

ਸੰਨ 2016 ਦੀ ਜਨਗਣਨਾਂ ਮੁਤਾਬਿਕ ਓਕਨਾਗਨ ਵੈਲੀ ਦੀ ਕੁੱਲ ਜਨਸੰਖਿਆ 3 ਲੱਖ 62258 ਸੀ। ਓਕਨਾਗਨ ਵੈਲੀ ਦੇ ਸ਼ਹਿਰਾਂ ਤੱਕ ਪਹੁੰਚਣ ਲਈ ਹਾਈਵੇ 97 ਜਾਂ ਹਾਈਵੇ 3 ਰਾਹੀਂ ਜਾਇਆ ਜਾ ਸਕਦਾ ਹੈ। ਹਾਈਵੇ 97 ਕੋਕਾਹਿੱਲ ਹਾਈਵੇ ਵਜੋਂ ਵੀ ਜਾਣਿਆਂ ਜਾਂਦਾ ਹੈ, ਜੋ ਕੈਨੇਡਾ ਦੇ ਅਤਿ ਉੱਚੇ ਪਹਾੜ ਕੋਕਾਹਿੱਲ ਉੱਪਰੋਂ ਗੁਜਰਦਾ ਹੈ। ਇਸ ਕੋਕਾਹਿੱਲ ਪਹਾੜ ਦੀ ਉਚਾਈ ਬਾਰੇ ਕੈਨੇਡਾ ਦੇ ਟਰੱਕ ਡਰਾਈਵਰ ਜਾਂ ਪੰਜਾਬੀ ਗੀਤਾਂ ਵਿਚ ਵੀ ਇਸਦਾ ਜ਼ਿਕਰ ਅਕਸਰ ਹੀ ਕੀਤਾ ਜਾਂਦਾ ਹੈ। ਇਸਦੀ ਸਿੱਧੀ ਚੜ੍ਹਾਈ ਦਾ ਵੱਖਰਾ ਹੀ ਰਿਕਾਰਡ ਹੈ। ਚੰਗੀਆਂ ਮਜ਼ਬੂਤ ਗੱਡੀਆਂ ਵੀ ਕੋਕਾਹਿੱਲ ਦੀ ਚੜ੍ਹਾਈ ਚੜ੍ਹਦੀਆਂ ਦਮੋਂ ਉੱਖੜ ਜਾਂਦੀਆਂ ਹਨ।

ਓਕਨਾਗਨ ਘਾਟੀ ਦੇ ਸਮੁੱਚੇ ਵਾਤਾਵਰਣ ਵਿਚ ਹੁਣ ਥੋੜਾ ਬਦਲਾਅ ਆ ਰਿਹਾ ਹੈ। ਘਾਟੀ ਦੇ ਇੱਕ ਛੋਟੇ ਜਿਹੇ ਸ਼ਹਿਰ ਸਮਰਲੈਂਡ ਵਿਚ ਸਥਿਤ ਪੈਸੀਫਿਕ ਐਗਰੀਫੂਡ ਖੋਜ ਸੰਸਥਾ ਅਨੁਸਾਰ ਪਹਿਲਾਂ ਨਾਲੋਂ ਹੁਣ ਇਸ ਘਾਟੀ ਦਾ ਤਾਪਮਾਨ ਥੋੜਾ ਗਰਮ ਹੋ ਰਿਹਾ ਹੈ। ਪਹਿਲਾਂ ਪਹਿਲ ਇਸ ਘਾਟੀ ਵਿਚ ਕਰੀਬ 12 ਹਜ਼ਾਰ ਲੋਕ ਰਹਿਣ ਲਈ ਆਏ ਸਨ, ਜੋ ਮੱਛੀਆਂ ਫੜਨ, ਸ਼ਿਕਾਰ ਕਰਨ ਜਾਂ ਆਪਣੇ ਭੋਜਨ ਦੀ ਤਲਾਸ਼ ਵਿਚ ਇੱਥੇ ਆਏ ਸਨ। ਇਨ੍ਹਾਂ ਲੋਕਾਂ ਨੂੰ ਰੈੱਡ ਇੰਡੀਅਨ ਵੀ ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਚਿਹਰਾ ਮੋਹਰਾ ਤੇ ਰੰਗ ਰੂਪ ਭਾਰਤੀ ਲੋਕਾਂ ਨਾਲ ਮਿਲਦਾ-ਜੁਲਦਾ ਹੈ। ਇਹ ਹੀ ਇਸ ਮੁਲਕ ਦੇ ਜੱਦੀ ਬਾਸ਼ਿੰਦੇ ਸਨ। ਇਹ ਹਾਲੇ ਵੀ ਕੈਨੇਡਾ ਦੇ ਪੇਂਡੂ ਇਲਾਕਿਆਂ ਵਿਚ ਰਹਿੰਦੇ ਹਨ।

ਸੰਨ੍ਹ 1811 ਵਿਚ ਪਹਿਲੀ ਵਾਰ ਓਕਨਾਗਨ ਵੈਲੀ ਵਿਚ ਕਈ ਗੈਰ ਮੂਲ ਨਿਵਾਸੀ ਪੁੱਜੇ ਅਤੇ ਉਨ੍ਹਾਂ ਫਰ ਟਰੇਡਿੰਗ ਦਾ ਕੰਮ ਸ਼ੁਰੂ ਕੀਤਾ। 15 ਕੁ ਸਾਲਾਂ ਤੱਕ ਫਰ ਟਰੇਡਿੰਗ ਕੰਪਨੀ ਦਾ ਕਾਫੀ ਵਿਸਥਾਰ ਹੋਇਆ। ਸੰਨ 1849 ਵਿਚ ਬਰਤਾਨੀਆਂ ਅਧੀਨ ਉੱਤਰੀ ਅਮਰੀਕਾ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਹੱਦਬੰਦੀ ਸਬੰਧੀ ਓਰੇਗੌਨ ਸੰਧੀ ਹੋਈ। ਇਸ ਤੋਂ ਬਾਅਦ ਓਕਨਾਗਨ ਵੈਲੀ ਸੋਈਅਸ ਨਦੀ ਤੱਕ ਦੋ ਭਾਗਾਂ ਵਿਚ ਵੰਡੀ ਗਈ। ਫਿਰ ਕਸਬਾ ਹੋਪ ਤੋਂ ਲੈ ਕੇ ਰੌਕ ਕਰੀਕ, ਵਿਲਡ ਹੌਰਸ ਕਰੀਕ ਸੋਈਅਸ ਲੇਕ ਅਤੇ ਅਮਰੀਕਾ ਦੇ ਬਾਰਡਰ ਤੱਕ ਸੋਨੇ ਅਤੇ ਤਾਂਬੇ ਦੇ ਭੰਡਾਰ ਖੋਜੇ ਗਏ। ਦੱਖਣੀ ਓਕਨਾਗਨ ਖੇਤਰ ਵਿਚ ਸੋਨੇ ਦੀਆਂ ਖਾਣਾਂ ਸੰਬੰਧੀ ਪਲਾਂਟ ਓਲੀਵਰ ਦੇ ਕੋਲ ਲਗਾਇਆ ਗਿਆ। ਸੋਨੇ ਦੀਆਂ ਖਾਣਾਂ ਵਿਚ ਕੰਮ ਕਰਦੇ ਵਿਅਕਤੀਆਂ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ 19ਵੀਂ ਸਦੀ ਵਿਚ ਹੋਰ ਵਧੇਰੇ ਕਿਸਾਨਾਂ ਨੂੰ ਉਕਤ ਖੇਤਰ ਵਿਚ ਫਲ ਅਤੇ ਸਬਜ਼ੀਆਂ ਦੀ ਖੇਤੀ ਕਰਨ ਲਈ ਉਤਸ਼ਾਹਿਤ ਕੀਤਾ ਗਿਆ।

ਫਲਾਂ ਦੀ ਖੇਤੀ ਅੱਜ ਓਕਨਾਗਨ ਵੈਲੀ ਦੀ ਇੱਕ ਵੱਡੀ ਪਛਾਣ ਬਣ ਚੁੱਕੀ ਹੈ। ਸੇਬਾਂ ਦੀ ਖੇਤੀ ਸਭ ਤੋਂ ਪਹਿਲਾਂ ਉਕਤ ਖੇਤਰ ਵਿਚ ਸੰਨ 1892 ਦੇ ਆਸ-ਪਾਸ ਸ਼ੁਰੂ ਹੋਈ ਦੱਸੀ ਜਾਂਦੀ ਹੈ। ਸੋਈਅਸ, ਓਲੀਵਰ ਤੇ ਕੈਰਮੀਅਸ ਆੜੂ ਅਤੇ ਅੰਗੂਰਾਂ ਦੀ ਖੇਤੀ ਲਈ ਪ੍ਰਸਿੱਧ ਹਨ।

## ਖੇਤੀਬਾੜੀ ਖੇਤਰ ਵਿਚ ਮੱਲ੍ਹਾਂ ਮਾਰ ਰਹੇ ਪੰਜਾਬੀ:-

ਕੈਨੇਡਾ ਵਿਚ ਟਰੱਕਿੰਗ ਦੇ ਕਾਰੋਬਾਰ ਵਿਚ ਵੱਡਾ ਦਬਦਬਾ ਬਨਾਉਣ ਤੋਂ ਬਾਅਦ ਖੇਤੀਬਾੜੀ ਦੇ ਖੇਤਰ ਵਿਚ ਪੰਜਾਬੀ ਲਗਾਤਾਰ ਛਾਏ ਹੋਏ ਹਨ। ਸਰੀ, ਵੈਨਕੂਵਰ, ਲੈਂਗਲੀ ਅਤੇ ਐਬਟਸਫੋਰਡ ਇਲਾਕਿਆਂ ਵਿਚ ਬਲੂ ਬੇਰੀ, ਰਸਪਬੇਰੀ ਤੇ ਸਟਰਾਬੇਰੀ ਦੀ ਖੇਤੀ ਤੋਂ ਇਲਾਵਾ ਰਿਚਮੰਡ, ਡੈਲਟਾ ਅਤੇ ਚਿੱਲੀਵੈਕ ਸਮੇਤ ਹੋਰਨਾਂ ਕਈ ਇਲਾਕਿਆਂ ਵਿਚ ਸਬਜ਼ੀਆਂ, ਆਲੂ ਜਾਂ ਮੱਕੀ ਦੀ ਭਰਪੂਰ ਪੈਦਾਵਰ ਵੀ ਪੰਜਾਬੀਆਂ ਦੀ ਸਖਤ ਮਿਹਨਤ ਦਾ ਹੀ ਨਤੀਜਾ ਹੈ। ਇਸ ਤੋਂ ਇਲਾਵਾ ਕੋਕਾਹੈੱਲ ਦੀ ਪਹਾੜੀ ਲੜੀ ਪਾਰ ਕਰਕੇ ਕੈਰਮੀਅਸ, ਸੋਈਅਸ, ਓਲੀਵਰ, ਕੈਲੋਨਾਂ, ਵਰਨਨ, ਕੈਮਲੂਪਸ ਵਿਚ ਆੜੂ, ਅਮਗੂਰ ਜਾਂ ਸੇਬਾਂ ਦੇ ਵਿਸ਼ਾਲ ਬਾਗ ਵੀ ਲਗਭਗ ਪੰਜਾਬੀਆਂ ਦੇ ਹਨ। ਇਨ੍ਹਾਂ ਕਈ-ਕਈ ਸੈਂਕੜੇ ਏਕੜਾਂ ਦੇ ਫਾਰਮਾਂ ਅੱਗੇ ਪੰਜਾਬੀਆਂ ਦੇ ਗੋਤ ਜਾਂ ਨਾਮ ਦਰਸਾਉਂਦੇ ਬੋਰਡ ਇਨ੍ਹਾਂ ਖਿੱਤਿਆਂ ਵਿਚ ਪੰਜਾਬੀਆਂ ਦੀ ਚੜ੍ਹਤ ਨੂੰ ਦਰਸਾਉਂਦੇ ਹਨ। ਸੰਘਣੀ ਅਬਾਦੀ ਵਾਲੇ ਸ਼ਹਿਰਾਂ ਦੀ ਚਕਾਚੌਂਧ ਤੋਂ ਹਟਕੇ ਜਦ ਗਰਮੀਆਂ ਵਿਚ ਪੰਜਾਬੀ ਪਰਿਵਾਰ ਆਪਣੇ ਬੱਚਿਆਂ ਸਮੇਤ ਦੂਰ-ਦੁਰਾਡੇ ਇਨ੍ਹਾਂ ਪੇਂਡੂ ਖੇਤਰਾਂ ਵਿਚ ਘੁੰਮਣ ਲਈ ਜਾਂਦੇ ਹਨ, ਤਾਂ ਪੰਜਾਬੀਆਂ ਦੇ ਨਾਵਾਂ ਵਾਲੇ ਬੋਰਡ ਦੇਖ ਕੇ ਹਰ ਇੱਕ ਦਾ ਸੀਨਾਂ ਫਖਰ ਨਾਲ ਚੌੜਾ ਹੋ ਜਾਂਦਾ ਹੈ ਅਤੇ ਹਰ ਕੋਈ ਆਪਣੇ ਪੰਜਾਬੀ ਭਾਈਚਾਰੇ ਦੀ ਮਿਹਨਤ ਅਤੇ ਮਾਰੀਆਂ ਮੱਲ੍ਹਾਂ ’ਤੇ ਮਾਣ ਕਰਦਾ ਹੈ। ਇੱਥੇ ਇਹ ਗੱਲ ਵੀ ਕਾਬਲੇ ਗੌਰ ਹੈ ਕਿ ਸ਼ਹਿਰੀ ਖੇਤਰਾਂ ਵਿਚ ਰਹਿਣ ਵਾਲੇ ਪੰਜਾਬੀ ਪਰਿਵਾਰ ਆਪਣੇ ਆਸ-ਪਾਸ ਦੇ ਲੋਕਾਂ ਨਾਲ ਬਹੁਤ ਹੀ ਘੱਟ ਸਹਿਚਾਰ ਰੱਖਦੇ ਹਨ, ਜਾਂ ਫਿਰ ਬਹੁਤੇ ਆਪਣੇ ਗੁਆਂਢੀ ਨੂੰ ਜਾਣਦੇ ਤੱਕ ਵੀ ਨਹੀਂ ਹਨ। ਲੇਕਿਨ ਸ਼ਹਿਰਾਂ ਤੋਂ ਦੂਰ-ਦੁਰਾਡੇ ਛੋਟੇ ਕਸਬਿਆਂ ਵਿਚ ਰਹਿਣ ਵਾਲੇ ਪੰਜਾਬੀ ਲਗਭਗ ਹਰ ਇੱਕ ਪੰਜਾਬੀ ਪਰਿਵਾਰ ਨੂੰ ਕੇਵਲ ਜਾਣਦੇ ਹੀ ਨਹੀਂ, ਸਗੋਂ ਆਪਣੀ ਸਹਿਚਾਰ ਵੀ ਪੂਰਾ ਰੱਖਦੇ ਹਨ। ਸ਼ਹਿਰੀ ਲੋਕਾਂ ਦੇ ਮੁਕਾਬਲੇ ਇਨ੍ਹਾਂ ਪਰਿਵਾਰਾਂ ਨੂੰ ਪ੍ਰਾਹੁਣਚਾਰੀ ਦਾ ਵੀ ਕੋਈ ਸਾਨੀ ਨਹੀਂ ਹੈ।

-ਗੁਰਪ੍ਰੀਤ ਸਿੰਘ ਤਲਵੰਡੀ
-ਸਰੀ (ਕੈਨੇਡਾ)
778-980-9196
ਪੰਜਾਬ ਮੇਲ USA



ਸੋਈਅਸ ਵਿਚ ਵਸਦਾ ਜ਼ਿਲ੍ਹਾ ਲੁਧਿਆਣਾਂ ਦੇ ਪਿੰਡ ਤਲਵੰਡੀ ਖੁਰਦ ਦਾ ਔਜਲਾ ਪਰਿਵਾਰ ਵੀ ਆਪਣੀ ਸਖਤ ਮਿਹਨਤ ਦੇ ਜ਼ਰੀਏ ਚੋਖਾ ਨਾਂ ਕਮਾ ਰਿਹਾ ਹੈ। ਅਮਰ ਸਿੰਘ ਔਜਲਾ ਦੇ ਵੱਡੇ ਲੜਕੇ ਮਨਪ੍ਰੀਤ ਸਿੰਘ ਔਜਲਾ ਕੋਲ ਸੋਈਅਸ ਅਤੇ ਛੋਟੇ ਲੜਕੇ ਮਨਜੋਤ ਸਿੰਘ ਕੋਲ ਓਲੀਵਰ ਵਿਚ ਸੈਂਕੜੇ ਏਕੜਾਂ ਦੇ ਫਲਾਂ ਦੇ ਫਾਰਮ ਹਨ। ਹਾਈਵੇ ਨੰਬਰ 3 ਰਾਹੀਂ ਸੋਈਅਸ ਵਿਚ ਦਾਖਲ ਹੁੰਦਿਆਂ ਹੀ ਸੋਈਅਸ ਫਰੂਟ ਬਾਸਕਟ ਨਾਮ ਦਾ ਤਾਜ਼ੇ ਫਲ ਅਤੇ ਸਬਜ਼ੀਆਂ ਦਾ ਵੱਡਾ ਸਟੋਰ ਅਤੇ ਅੱਗੇ ਸ਼ਿੰਗਾਰ ਕੇ ਖੜ੍ਹਾ ਕੀਤਾ, ਪੰਜਾਬੋਂ ਮੰਗਵਾਇਆ ਫੋਰਡ ਟਰੈਕਟਰ ਹਰ ਇੱਕ ਪੰਜਾਬੀ ਦਾ ਧਿਆਨ ਖਿੱਚਦਾ ਹੈ। ਇਸੇ ਤਰ੍ਹਾਂ ਓਲੀਵਰ ਦਾ ਔਜਲਾ ਫਰੂਟ ਸਟੈਂਡ ਵੀ ਤਾਜ਼ੇ ਫਲ ਅਤੇ ਸਬਜ਼ੀਆਂ ਲਈ ਕਾਫੀ ਪ੍ਰਸਿੱਧ ਹੈ। ਮਨਪ੍ਰੀਤ ਸਿੰਘ ਔਜਲਾ ਕੋਲ ਦੋ ਦਿਨ ਛੁੱਟੀਆਂ ਦੇ ਬਿਤਾ ਕੇ ਪੰਜਾਬੀਆਂ ਵਲੋਂ ਕੀਤੀ ਜਾ ਰਹੀ ਫਲ਼ਾਂ ਦੀ ਖੇਤੀ ਬਾਰੇ ਕਾਫੀ ਜਾਣਕਾਰੀ ਇਕੱਤਰ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਕੈਨੇਡਾ ਪਹੁੰਚ ਕੇ ਹੋਰ ਵੀ ਕਈ ਤਰ੍ਹਾਂ ਦੇ ਕੰਮ ਕੀਤੇ ਪਰ ਪਿਤਾ ਪੁਰਖੀ ਧੰਦੇ ਖੇਤੀਬਾੜੀ ਵਿਚ ਲੱਗ ਕੇ ਉਨ੍ਹਾਂ ਦੀ ਰੂਹ ਨੂੰ ਅਸਲ ਸਕੂਨ ਮਿਲਿਆ। ਉਨ੍ਹਾਂ ਨੇ ਫਲ਼ਾਂ ਤੇ ਸਬਜ਼ੀਆਂ ਦੀ ਰਿਕਾਰਡਤੋੜ ਕਾਸ਼ਤ ਦੇ ਨਾਲ-ਨਾਲ ਹੁਣ ਵਾਇਨਰੀ ਦਾ ਕਾਰੋਬਾਰ ਵੀ ਸ਼ੁਰੂ ਕੀਤਾ ਹੈ। ਉਹ ਦੱਸਦੇ ਹਨ ਕਿ ਉਨ੍ਹਾਂ ਦਾ ਸਮੁੱਚਾ ਪਰਿਵਾਰ ਖੇਤੀਬਾੜੀ ਵਿਚ ਬੜੇ ਹੀ ਉਤਸ਼ਾਹ ਨਾਲ ਜੁਟਿਆ ਹੋਇਆ ਹੈ। ਏਥੋਂ ਤੱਕ ਕਿ ਬੱਚੇ ਸਕੂਲ ਜਾਂ ਕਾਲਜ ਦੀ ਪੜ੍ਹਾਈ ਤੋਂ ਵੇਹਲੇ ਹੋ ਉਨ੍ਹਾਂ ਨਾਲ ਕੰਮ ਵਿਚ ਹੱਥ ਵਟਾਉਂਦੇ ਹਨ। ਉਨ੍ਹਾਂ ਖੇਤੀਬਾੜੀ ਦਾ ਕੰਮ ਕਰਨ ਦੇ ਨਾਲ-ਨਾਲ ਆਪਣੇ ਪਰਿਵਾਰ ਜਾਂ ਹੋਰਨਾਂ ਸ਼ਹਿਰਾਂ ਤੋਂ ਘੁੰਮਣ ਆਏ ਪੰਜਾਬੀਆਂ ਦੇ ਮਨੋਰੰਜਨ ਲਈ ਇੰਜਣ ਵਾਲੀ ਵੱਡੀ ਕਿਸ਼ਤੀ ਵੀ ਰੱਖੀ ਹੋਈ ਹੈ। ਕਿਸ਼ਤੀ ਨੂੰ ਸੋਈਅਸ ਝੀਲ ਵਿਚ ਠੇਲ ਕੇ ਪਾਣੀ ਵਿਚ ਅਠਖੇਲੀਆਂ ਕਰਦੇ ਵੀ ਮਨਪ੍ਰੀਤ ਸਿੰਘ ਔਜਲਾ ਦਿਖਾਈ ਦਿੰਦਾ ਹੈ। ਲੇਖਕ ਦਾ ਸਪੁੱਤਰ ਬਨਜੋਤ ਸਿੰਘ ਸੰਘੇੜਾ ਇੱਕ ਵਾਰ ਕਿਸ਼ਤੀ ਵਿਚ ਝੂਟੇ ਲੈ ਕੇ ਵਾਰ-ਵਾਰ ਉੱਥੇ ਜਾਣ ਦੀ ਹੀ ਜਿੱਦ ਕਰਦਾ ਹੈ। ਇਹ ਉਕਤ ਪਰਿਵਾਰ ਦੀ ਮਹਿਮਾਨ-ਨਿਵਾਜ਼ੀ ਦਾ ਹੀ ਨਤੀਜਾ ਹੈ। ਉਕਤ ਔਜਲਾ ਪਰਿਵਾਰ ਵਲੋਂ ਕਰੀਬ ਦਹਾਕਾ ਪਹਿਲਾਂ ਦਿਖਾਈ ਦੇਣ ਵਾਲੇ ਪੰਜਾਬ ਦੇ ਰੇਤੇ ਦੇ ਟਿੱਬੇ ਵੀ ਦਿਖਾਏ ਗਏ। ਸੋਈਅਸ ਦੀ ਵਿਸ਼ਾਲ ਝੀਲ ਤੋਂ ਪਾਰ ਜਾ ਕੇ ਇੱਕ ਬਹੁਤ ਹੀ ਵੱਡਾ ਨਿਰੋਲ ਰੇਤੇ ਵਾਲਾ ਟਿੱਬਾ ਆਉਂਦਾ ਹੈ, ਜੋ ਪੰਜਾਬ ਦੇ ਟਿੱਬਿਆਂ ਦਾ ਹੀ ਭੁਲੇਖਾ ਪਾਉਂਦਾ ਹੈ। ਇਸ ਟਿੱਬੇ ਉੱਪਰ ਛੋਟੀਆਂ ਝਾੜੀਆਂ, ਸਰਕੰਢੇ ਅਤੇ ਭੱਖੜਾ ਵੀ ਵੱਡੀ ਪੱਧਰ ’ਤੇ ਹੈ। ਇਥੇ ਪੰਜਾਬੀ ਹੀ ਨਹੀਂ, ਸਗੋਂ ਗੋਰਿਆਂ ਦੇ ਬੱਚੇ ਅਤੇ ਖੁਦ ਗੋਰੇ-ਗੋਰੀਆਂ ਰੇਤੇ ਉੱਪਰ ਲਿਟਕੇ ਮਸਤੀ ਕਰਦੇ ਦਿਖਾਈ ਦਿੰਦੇ ਹਨ। ਇਸ ਤਰ੍ਹਾਂ ਕੈਨੇਡਾ ਜਿਹੇ ਦੇਸ਼ ਵਿਚ ਆਪਣੀ ਸਖਤ ਮਿਹਨਤ ਦੇ ਬਲਬੂਤੇ ਚੰਗਾ ਮੁਕਾਮ ਹਾਸਲ ਕਰ ਰਹੇ ਅਜਿਹੇ ਵੱਡੀ ਗਿਣਤੀ ਪੰਜਾਬੀ ਪਰਿਵਾਰ ਇਸੇ ਤਰ੍ਹਾਂ ਮਿਹਨਤ ਕਰਦਿਆਂ ਆਪਣੇ ਭਾਈਚਾਰੇ ਨਾਲ ਜੁੜੇ ਰਹਿਣ। ਪ੍ਰਮਾਤਮਾਂ ਇਨ੍ਹਾਂ ਨੂੰ ਹੋਰ ਵੀ ਬੁਲੰਦੀਆਂ ’ਤੇ ਪਹੁੰਚਾਵੇ।

# ਠੂਠਾ ਜਾਂ ਨੌਕਰੀ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲUSA






ਦੇਸ਼ ਭਾਰਤ ਦੀ ਹਾਕਮ ਧਿਰ ਜਦੋਂ ਕਹਿੰਦੀ ਹੈ ਕਿ ਅਸੀਂ ਦੇਸ਼ ਦੇ 84 ਕਰੋੜ ਲੋਕਾਂ ਨੂੰ ਹਰ ਮਹੀਨੇ 5 ਕਿਲੋ ਅਨਾਜ ਮੁਫ਼ਤ ਦਿੰਦੇ ਹਾਂ, ਤਾਂ ਵਿਰੋਧੀ ਧਿਰ ਕਹਿੰਦੀ ਹੈ, ਪੰਜ ਕਿਲੋ ਅਨਾਜ ਤਾਂ ਕੁਝ ਵੀ ਨਹੀਂ, ਅਸੀਂ ਹਰ ਮਹੀਨੇ ਦਸ ਕਿਲੋ ਮੁਫ਼ਤ ਅਨਾਜ ਦੇਵਾਂਗੇ। ਬਹੁਤ ਹੀ ਖ਼ਤਰਨਾਕ ਪਹਿਲੂ ਹੈ ਇਹ, ਵੋਟਰ ਹੱਥ ਭੀਖ ਦਾ ਠੂਠਾ ਫੜਾ ਕੇ ਉਸਨੂੰ ਵੋਟਾਂ ਦੇ ਭਰਮ ਜਾਲ 'ਚ ਫਸਾਉਣਾ।

ਦੇਸ਼ ਦੇ ਹਾਕਮ ਕਹਿੰਦੇ ਹਨ ਅਸੀਂ ਕਰੋੜਾਂ ਔਰਤਾਂ ਨੂੰ ਲੱਖਪਤੀ ਦੀਦੀ ਬਣਾ ਦਿਆਂਗੇ। ਉਹ ਇਹ ਵੀ ਕਹਿੰਦੇ ਹਨ ਕਿ ਅਸੀਂ ਔਰਤਾਂ ਨੂੰ ਗੈਸ ਦੇ ਚੁੱਲੇ ਦਿੱਤੇ, ਅਸੀਂ ਪੀਣ ਦਾ ਪਾਣੀ ਉਪਲਬਧ ਕਰਵਾਇਆ, ਅਸੀਂ ਟਾਇਲਟ ਬਣਵਾਏ, ਕਿਸਾਨਾਂ ਨੂੰ ਸਾਲਾਨਾ 6000 ਰੁਪਏ ਦਿੱਤੇ ਅਤੇ ਜੇਕਰ ਤੀਜੀ ਵਾਰ ਜਿੱਤ ਗਏ, ਤਾਂ ਅਸੀਂ ਮੁਫ਼ਤ ਬਿਜਲੀ, ਮੁਫ਼ਤ ਪਾਣੀ, ਮੁਫ਼ਤ ਅਨਾਜ, ਮੁਫ਼ਤ ਪ੍ਰਵਾਸ ਦਿਆਂਗੇ।

ਵਿਰੋਧੀ ਧਿਰ ਵੀ ਚੋਣ ਲਾਰਿਆਂ, ਵਾਅਦਿਆਂ ਤੋਂ ਪਿੱਛੇ ਨਹੀਂ ਹਟ ਰਹੀ। ਕਹਿੰਦੀ ਹੈ, ਖਾਸ ਤੌਰ 'ਤੇ ਕਾਂਗਰਸ ਕਿ ਅਸੀਂ ਚੋਣਾਂ ਜਿੱਤਣ ਦੇ ਬਾਅਦ ਪਹਿਲੇ ਮਹੀਨੇ ਹਰ ਗਰੀਬ ਔਰਤ ਦੇ ਖਾਤੇ 8500 ਰੁਪਏ ਹਰ ਮਹੀਨੇ ਪਾਵਾਂਗੇ। ਅਸੀਂ ਕਰੋੜਾਂ ਲੱਖਪਤੀ ਦੇਸ਼ 'ਚ ਪੈਦਾ ਕਰਾਂਗੇ।

ਜਿਉਂ-ਜਿਉਂ ਲੰਮੀਆਂ ਖਿੱਚੀਆਂ ਲੋਕ ਸਭਾ ਚੋਣਾਂ ਆਪਣੇ ਅੰਤਮ ਪੜਾਅ ਵੱਲ ਵਧ ਰਹੀਆਂ ਹਨ, ਹਾਕਮੀ ਧਿਰ ਤੇ ਵਿਰੋਧੀ ਧਿਰ ਦੀਆਂ ਲੋਕ ਗਰੰਟੀਆਂ, ਚੋਣ ਸੁਪਨੇ ਵੱਡੇ ਤੇ ਦਿਲਕਸ਼ ਹੋ ਰਹੇ ਹਨ, ਤਾਂ ਕਿ ਵੋਟਰਾਂ ਨੂੰ ਭਰਮਾਇਆ ਜਾ ਸਕੇ ?

ਚੋਣਾਂ 'ਚ ਹਰ ਧਿਰ ਵੱਲੋਂ ਵੋਟਰਾਂ ਨੂੰ ਸੁਪਨੇ ਦਿਖਾਏ ਜਾ ਰਹੇ ਹਨ, ਲਗਭਗ ਹਰ ਧਿਰ ਲੋਕਾਂ ਨੂੰ ਮੁਫ਼ਤ ਸਹੂਲਤਾਂ ਦੇਣ ਦੇ ਵਾਇਦੇ ਕਰ ਰਹੀ ਹੈ। ਦੇਸ਼ ਦੇ ਲੋਕਾਂ ਨੂੰ ਦੇਸ਼ ਦੀ ਬਦਤਰ ਆਰਥਿਕ ਸਥਿਤੀ ਦੇ ਹਾਲਾਤ ਦੱਸਣ ਦੀ ਬਜਾਏ, ਉਨ੍ਹਾਂ ਨੂੰ ਚੰਗੀਆਂ ਸਿਹਤ ਸਹੂਲਤਾਂ, ਚੰਗੀਆਂ ਸਿੱਖਿਆ ਸਹੂਲਤਾਂ, ਰੁਜ਼ਗਾਰ ਦੇਣ ਦੀ ਬਜਾਏ ਮੁਫ਼ਤ ਸਹੂਲਤਾਂ ਦੇਣ ਦੇ ਰਾਹ ਪਾ ਰਹੇ ਹਨ। ਉਨ੍ਹਾਂ ਦਾ ਅਸਲ ਮਨੋਰਥ ਹਰ ਹੀਲੇ ਵੋਟਾਂ ਹਾਸਲ ਕਰਨਾ ਹੈ।

ਚੋਣਾਂ ਦੇ ਮੌਜੂਦਾ ਚੋਣ ਦੰਗਲ ਵਿਚ ਜਿਸ ਤਰ੍ਹਾਂ ਦਾ ਚੋਣ ਪ੍ਰਚਾਰ ਰੇਡੀਓ, ਟੀ.ਵੀ., ਸੋਸ਼ਲ ਮੀਡੀਆ ਉੱਤੇ ਹੋ ਰਿਹਾ ਹੈ, ਉਸ ਤੋਂ ਇੰਜ ਜਾਪਣ ਲੱਗ ਪਿਆ ਹੈ ਕਿ ਨੇਤਾਵਾਂ ਨੂੰ ਲੋਕਾਂ ਦੀਆਂ ਵੋਟਾਂ ਦੀ ਹੀ ਪ੍ਰਵਾਹ ਹੈ, ਦੇਸ਼ ਦੀ ਨਹੀਂ। ਇੰਜ ਵੀ ਜਾਪਣ ਲੱਗ ਪਿਆ ਹੈ ਨੇਤਾਵਾਂ ਦੇ ਭਾਸ਼ਣਾਂ ਤੋਂ ਕਿ ਉਹ ਲੋਕਾਂ ਨੂੰ ਜੋ ਮੁਫ਼ਤ ਸਹੂਲਤਾਂ ਦੇਣ ਦੇ ਵਾਇਦੇ ਦੇ ਰਹੇ ਹਨ, ਉਹ ਧੰਨ ਉਨ੍ਹਾਂ ਦੀ ਜੇਬ ਵਿਚੋਂ ਜਾਏਗਾ ਅਤੇ ਇਹ ਧੰਨ ਜੋ ਉਹ ਲੋਕਾਂ ਨੂੰ ਦੇਣ ਦੀ ਗੱਲ ਕਰਦੇ ਹਨ, ਸਰਕਾਰੀ ਖਜ਼ਾਨੇ ਦਾ ਨਹੀਂ, ਉਨ੍ਹਾਂ ਦਾ ਆਪਣਾ ਨਿੱਜੀ ਧਨ ਹੈ।

ਦੇਸ਼ ਭਾਰਤ ਵਿਕਸਿਤ ਦੇਸ਼ ਬਨਣ ਵੱਲ ਅੱਗੇ ਵਧਣਾ ਚਾਹੁੰਦਾ ਹੈ। ਚੋਣਾਂ 'ਚ ਦੇਸ਼ ਨੂੰ ਵਿਕਸਿਤ ਭਾਰਤ ਬਨਾਉਣ ਦੀ ਗੱਲ ਵੀ ਹੋ ਰਹੀ ਹੈ। ਵਿਕਸਿਤ ਦੇਸ਼ ਤਾਂ ਉਹ ਬਣਦਾ ਹੈ, ਜਦ ਉਸ ਦੇਸ਼ ਦੇ ਲੋਕ ਪੈਰਾਂ 'ਤੇ ਖੜ੍ਹਦੇ ਹਨ। ਸਵੈ-ਰੁਜ਼ਗਾਰ ਕਰਦੇ ਹਨ, ਰੁਜ਼ਗਾਰਤ ਹੁੰਦੇ ਹਨ, ਧਨ ਕਮਾਉਂਦੇ ਹਨ ਅਤੇ ਦੇਸ਼ ਨੂੰ ਵਿਕਸਿਤ ਬਨਾਉਣ ਲਈ ਆਪਣਾ ਯੋਗਦਾਨ ਪਾਉਂਦੇ ਹਨ। ਦੇਸ਼ ਵਿਕਸਿਤ ਤਦੋਂ ਹੁੰਦਾ ਹੈ, ਜਦ ਦੇਸ਼ ਦਾ ਸ਼ਾਸਕ ਜਨਤਾ ਨੂੰ ਰੁਜ਼ਗਾਰ, ਚੰਗੀਆਂ ਸਿੱਖਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਦਾ ਹੈ।

ਇਤਿਹਾਸ ਵਿਚ ਕਿਸੇ ਵੀ ਇਹੋ ਜਿਹੇ ਦੇਸ਼ ਦਾ ਨਾਂਅ ਦਰਜ ਨਹੀਂ, ਜੋ ਆਪਣੇ ਲੋਕਾਂ ਨੂੰ ਭੀਖ ਮੰਗਣ ਲਾਵੇ, ਮੁਫ਼ਤ ਅਨਾਜ ਉਨ੍ਹਾਂ ਦੇ ਠੂਠੇ ਪਾਵੇ ਅਤੇ ਇਸ ਮੰਗਣਪੁਣੇ ਦੀ ਆਦਤ ਉਨ੍ਹਾਂ ਦੇ ਦਿਮਾਗ਼ਾਂ 'ਚ ਫਸਾ ਦੇਵੇ ਅਤੇ ਉਹ ਵਿਕਸਿਤ ਦੇਸ਼ ਬਣਿਆ ਹੋਵੇ।

ਆਪਣੇ ਆਪ ਨੂੰ ਵਿਕਾਸਸ਼ੀਲ ਤੋਂ ਵਿਕਸਿਤ ਦੇਸ਼ ਬਨਣ ਦੀਆਂ ਟਾਹਰਾਂ ਮਾਰਨ ਵਾਲਾ ਅਤੇ ਵਿਸ਼ਵ ਵਿਚੋਂ ਪੰਜਵੇਂ ਨੰਬਰ ਦੀ ਅਰਥ ਵਿਵਸਥਾ ਬਣਿਆ ਭਾਰਤ ਆਖ਼ਿਰ ਗਰੀਬ ਕਿਉਂ ਹੈ ? ਗਰੀਬੀ ਦੀਆਂ ਬੇੜੀਆਂ 'ਚ ਜਕੜਿਆ ਕਿਉਂ ਹੈ ? ਪਿਛਲੇ ਸਮੇਂ 'ਚ ਜਿਸ ਢੰਗ ਨਾਲ ਦੇਸ਼ 'ਚ ਆਰਥਿਕ ਨੀਤੀਆਂ ਬਣਾਈਆਂ ਗਈਆਂ, ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥੀਂ ਸੌਂਪਿਆ ਗਿਆ ਹੈ, ਨਿੱਜੀਕਰਨ ਦਾ ਰਾਹ ਦੇਸ਼ ਦੇ ਹਾਕਮਾਂ ਅਖਤਿਆਰ ਕੀਤਾ ਹੈ, ਉਸ ਨਾਲ ਗਰੀਬ ਅਮੀਰ ਦਾ ਪਾੜਾ ਵਧਿਆ ਹੈ।

ਦੇਸ਼ ਦਾ ਸਾਧਾਰਨ ਵਰਗ ਨਿਵਾਣਾ ਵੱਲ ਗਿਆ ਹੈ। ਕਰਜ਼ਾਈ ਹੋਇਆ ਹੈ। ਦੇਸ਼ ਵਿਚ ਉਸ ਦੀਆਂ ਜੀਊਣ ਹਾਲਾਤਾਂ ਨਿੱਘਰੀਆਂ ਹਨ ਅਤੇ ਚੰਗੇਰੀਆਂ ਹੋਣ ਦੀ ਥਾਂ ਹੋਰ ਵੀ ਖਰਾਬ ਹੋ ਰਹੀਆਂ ਹਨ।

ਕੀ ਦੇਸ਼ ਦੇ ਹਾਕਮ ਪਾਣੀ ਦੇ ਸੰਕਟ, ਪ੍ਰਦੂਸ਼ਣ, ਕੂੜਾ ਕਰਕਟ, ਔੜਾਂ, ਸੋਕੇ, ਹੜਾਂ, ਕਰੋਪੀਆਂ, ਬਿਮਾਰੀਆਂ, ਦੁਸ਼ਵਾਰੀਆਂ ਪ੍ਰਤੀ ਸੁਚੇਤ ਨਹੀਂ ਹਨ ? ਕੀ ਨਹੀਂ ਜਾਣਦੇ ਕਿ ਲੋਕ ਸੰਤਾਪ ਭੋਗ ਰਹੇ ਹਨ ? ਉਨ੍ਹਾਂ ਦੀਆਂ ਫਸਲਾਂ ਹਰ ਸਾਲ ਬਰਬਾਦ ਹੋ ਰਹੀਆਂ ਹਨ। ਉਹ ਬਦਤਰ ਹਾਲਤਾਂ 'ਚ ਜੀਵਨ ਬਸਰ ਕਰਦੇ ਹਨ।

ਦੇਸ਼ ਵਿਚ ਚੋਣਾਂ 'ਚ ਪ੍ਰਚੰਡ ਰੂਪ 'ਚ ਪ੍ਰਚਾਰ ਚੱਲ ਰਿਹਾ ਹੈ। ਮਹਿੰਗਾਈ, ਭ੍ਰਿਸ਼ਟਾਚਾਰ, ਸੰਪਰਦਾਇਕ ਵੰਡ, ਅਸਮਾਨਤਾ, ਕਾਨੂੰਨ ਦੀ ਹਥਿਆਰ ਦੀ ਤਰ੍ਹਾਂ ਵਰਤੋਂ, ਜਾਂਚ ਏਜੰਸੀਆਂ ਦੀ ਦੁਰਵਰਤੋਂ, ਔਰਤਾਂ ਵਿਰੁੱਧ ਅਪਰਾਧ, ਭਾਰਤੀ ਖੇਤਰ 'ਤੇ ਚੀਨੀ ਸੈਨਿਕਾਂ ਦਾ ਕਬਜ਼ਾ, ਗੋਦੀ ਮੀਡੀਆ ਆਦਿ ਮੁੱਦੇ ਵਿਰੋਧੀ ਧਿਰ ਵੱਲੋਂ ਉਠਾਏ ਜਾ ਰਹੇ ਹਨ। ਮੋਦੀ ਦੀ ਸਰਕਾਰ ਅਤੇ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਨ੍ਹਾਂ ਮੁੱਦਿਆਂ ਨੂੰ ਦਰਕਿਨਾਰ ਕਰਕੇ ਆਪਣੇ ਨਫ਼ੇ ਨੁਕਸਾਨ ਨੂੰ ਧਿਆਨ 'ਚ ਰੱਖਦਿਆਂ, ਉਹ ਮੁੱਦੇ ਉਠਾਏ ਜਾ ਰਹੇ ਹਨ ਜਾਂ ਵਿਰੋਧੀ ਧਿਰ ਕਾਂਗਰਸ ਉੱਤੇ ਉਹ ਇਲਜ਼ਾਮ ਲਗਾਏ ਜਾ ਰਹੇ ਹਨ, ਜਿਹੜੇ ਆਮ ਆਦਮੀ ਦੇ ਮਨ 'ਚ ਨਫ਼ਰਤ ਤਾਂ ਭਰ ਸਕਦੇ ਹਨ, ਧਰਮ ਦੇ ਨਾਂਅ ਉੱਤੇ ਧਰੁਵੀਕਰਨ ਤਾਂ ਕਰ ਸਕਦੇ ਹਨ, ਪਰ ਉਹਦੀ ਰੋਟੀ ਦੀ ਭੁੱਖ ਨਹੀਂ ਮਿਟਾ ਸਕਦੇ, ਬੀਮਾਰ ਹੋਣ 'ਤੇ ਉਨ੍ਹਾਂ ਦਾ ਦੁੱਖ ਨਹੀਂ ਹਰ ਸਕਦੇ।

1952 'ਚ ਪਹਿਲੀਆਂ ਚੋਣਾਂ ਵੇਲੇ ਜਿਸ ਕਿਸਮ ਦੀ ਜਾਤੀ, ਸੰਪਰਦਾ, ਵੰਸ਼ਵਾਦ ਅਤੇ ਧਨ ਸ਼ਕਤੀ ਦੀ ਵਰਤੋਂ ਸੀ, ਉਹ ਹੁਣ ਸੁਨਾਮੀ ਦਾ ਰੂਪ ਧਾਰਨ ਕਰ ਚੁੱਕੀ ਹੈ। ਹਰ ਕੋਈ ਇਥੇ ਸੁਨਾਮੀ ਦੀ ਲਪੇਟ ਵਿਚ ਹੈ ਅਤੇ ਆਪਣਾ ਸਿਆਸੀ ਭਵਿੱਖ ਇਥੋਂ ਹੀ ਲੱਭ ਰਿਹਾ ਹੈ। ਕਿਧਰੇ ਧਰਮ ਦੇ ਨਾਂਅ 'ਤੇ ਸਿਆਸਤ ਹੋ ਰਹੀ ਹੈ, ਕਿਧਰੇ ਜਾਤ ਆਧਾਰਿਤ ਜਨ-ਗਣਨਾ ਦੀ ਗੱਲ ਹੋ ਰਹੀ ਹੈ। ਲੋਕਾਂ ਦੇ ਸਰੋਕਾਰ ਦਫ਼ਨ ਹੋ ਚੁੱਕੇ ਹਨ।

ਜਦੋਂ ਤੱਕ ਦੇਸ਼ ਦੀ ਰਾਜਨੀਤੀ ਵਿਚ ਸਿਆਸੀ-ਸਮਾਜਿਕ ਕੰਮ ਕਰਨ ਵਾਲੇ ਕਾਰਕੁੰਨਾਂ ਦਾ ਪ੍ਰਭਾਵ ਸੀ, ਉਦੋਂ ਤੱਕ ਲੋਕਾਂ ਦੇ ਮਸਲੇ, ਸਰੋਕਾਰ ਚੋਣਾਂ 'ਚ ਮੁੱਖ ਮੁੱਦਾ ਬਣਦੇ ਰਹੇ। ਇਹੀ ਸਿਆਸੀ-ਸਮਾਜੀ ਕਾਰਕੁੰਨ ਸਮਾਜ ਨੂੰ ਪੜਦੇ ਸਨ, ਸਮਾਜ ਨੂੰ ਇਕ ਪ੍ਰਯੋਗਸ਼ਾਲਾ ਸਮਝਦੇ ਹੋਏ, ਦਲੀਲਾਂ ਨਾਲ ਲੋਕ ਕਚਹਿਰੀ 'ਚ ਪੁੱਜਦੇ ਸਨ। ਦਲੀਲ-ਰਾਜਨੀਤੀ ਕਰਦਿਆਂ ਪੂਰੀ ਕਠੋਰਤਾ ਨਾਲ ਆਪਣਾ ਪੱਖ ਪੇਸ਼ ਕਰਦੇ ਸਨ। ਇਸ ਕਾਰਨ ਸਾਰਵਜਨਿਕ ਲੋਕ ਪੱਖੀ ਨੀਤੀਆਂ ਸਰਕਾਰਾਂ ਨੂੰ ਬਨਾਉਣੀਆਂ ਅਤੇ ਅਪਨਾਉਣੀਆਂ ਪੈਂਦੀਆਂ ਸਨ। ਪਰ ਹੁਣ ਨੇਤਾਵਾਂ ਦੀ ਤਾਕਤ ਦੀ ਹਵਸ ਨੇ ਭਾਰਤੀ ਮੁੱਖ ਧਾਰਾ ਜਿਸ ਵਿਚ ਲੋਕਤੰਤਰ ਦਾ ਖਾਦ ਪਾਣੀ ਸਮਾਜਿਕ-ਸਿਆਸੀ ਕਾਰਕੁੰਨ ਸਨ, ਉਨ੍ਹਾਂ ਨੂੰ ਤੋੜ ਦਿੱਤਾ। ਸਮਾਜਿਕ-ਸੰਸਕ੍ਰਿਤਿਕ ਸੰਗਠਨਾਂ ਦੀ ਭੂਮਿਕਾ ਨੂੰ ਇਨ੍ਹਾਂ ਨੇਤਾਵਾਂ ਨੇ ਰੋਲ ਕੇ ਰੱਖ ਦਿੱਤਾ। ਨੈਤਿਕ ਕਦਰਾਂ-ਕੀਮਤਾਂ ਦਾ ਸਤਿਆਨਾਸ਼ ਕਰ ਦਿੱਤਾ ਅਤੇ ਇਹੋ ਜਿਹੀ ਨਿਰਾਸ਼ਾਜਨਕ ਸਥਿਤੀ ਵਿਚ ਲੈ ਆਂਦਾ, ਜਿਥੇ ਲੋਕ ਸੋਚਣ ਲੱਗ ਪਏ ਹਨ ਕਿ ਅਸੀਂ ਹੁਣ ਕੀ ਕਰੀਏ ?

ਦੇਸ਼ ਦੇ ਸਾਹਮਣੇ ਵੀ ਦੋ ਰਸਤੇ ਹਨ, ਉਨ੍ਹਾਂ 'ਚੋਂ ਇੱਕ ਰਸਤਾ ਹੈ ਦੇਸ਼ ਦੀ ਅਰਥ-ਵਿਵਸਥਾ ਮਜ਼ਬੂਤ ਕਰਨ ਦਾ। ਜਿਸ ਨਾਲ ਰੁਜ਼ਗਾਰ ਪੈਦਾ ਹੋਏਗਾ। ਜਿਸ ਨਾਲ ਦੇਸ਼ ਵਿਕਸਿਤ ਹੋਏਗਾ। ਜਿਸ ਨਾਲ ਬੁਨਿਆਦੀ ਢਾਂਚਾ, ਸਿਹਤ ਸਹੂਲਤਾਂ ਤੇ ਚੰਗਾ ਵਾਤਾਵਰਨ ਬਣੇਗਾ। ਦੂਜਾ ਰਸਤਾ ਹੈ ਸਾਡੇ ਸ਼ਾਸਕਾਂ ਵੱਲੋਂ ਜਿਸ ਨੂੰ ਮੌਜੂਦਾ ਦੌਰ 'ਚ ਅਪਨਾਇਆ ਜਾ ਰਿਹਾ ਹੈ, ਉਹ ਇਹ ਕਿ ਜਨਤਾ 'ਚ ਇਹ ਆਦਤ ਪਾ ਦਿਓ ਕਿ ਉਨ੍ਹਾਂ ਲਈ ਸਰਕਾਰ ਨੇ ਹੀ ਸਭ ਕੁਝ ਕਰਨਾ ਹੈ। ਸਭੋ ਕੁਝ ਮੁਫ਼ਤ ਉਹਦੀ ਝੋਲੀ ਪਾਉਣਾ ਹੈ। ਇਹੋ ਹੀ ਇਸ ਸਮੇਂ ਦਾ ਦੁਖਾਂਤ ਹੈ।

ਅੱਜ ਦੇਸ਼ ਵਿਚ ਸਥਿਤੀ ਕੁਝ ਇਸ ਤਰ੍ਹਾਂ ਦੀ ਨਜ਼ਰ ਆ ਰਹੀ ਹੈ ਕਿ ਦੇਸ਼ ਮੌਜੂਦਾ ਨੀਤੀਆਂ ਦੇ ਚਲਦਿਆਂ ਵਿਕਸਿਤ ਹੋ ਜਾਏਗਾ, ਲੇਕਿਨ ਦੇਸ਼ 'ਚ ਰਹਿਣ ਵਾਲੇ ਵੱਡੀ ਗਿਣਤੀ ਲੋਕ ਗਰੀਬ ਅਤੇ ਮੁੱਢਲੀਆਂ ਲੋੜਾਂ ਤੋਂ ਵੰਚਿਤ ਹੋ ਜਾਣਗੇ। ਜਨਤਾ ਲੋੜਾਂ ਤੋਂ ਤਰਸਦੀ ਰਹੇਗੀ। ਇਹ ਵਿਕਾਸ ਚੁਣਵੇਂ ਧੰਨ ਕੁਬੇਰਾਂ ਤੱਕ ਸਿਮਟ ਜਾਏਗਾ।

ਦੇਸ਼ 'ਚ ਮਹਿੰਗਾਈ ਵੱਧ ਰਹੀ ਹੈ। ਬੇਰੁਜ਼ਗਾਰੀ ਦੀ ਦਰ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਸਮੇਂ ਮੁਦਰਾ ਮਹਿੰਗਾਈ 7.74 ਫੀਸਦੀ ਹੈ। ਬੇਰੁਜ਼ਗਾਰੀ ਦਰ 2022-23 ਦੇ ਮਾਰਚ ਤਿਮਾਹੀ ਦੇ ਅੰਕੜਿਆਂ ਅਨੁਸਾਰ 6.8 ਫੀਸਦੀ ਸੀ। ਦੇਸ਼ ਵਿਚ ਇਕ ਅਜੀਬ ਤਰ੍ਹਾਂ ਦਾ ਅਸੰਤੁਲਨ ਹੈ। ਦੇਸ਼ ਦੀ ਅਰਥ ਵਿਵਸਥਾ ਦਾ ਰੁਖ ਉੱਪਰ ਵੱਲ ਹੈ, ਜਦਕਿ ਮਹਿੰਗਾਈ ਵੱਡੀ ਚੁਣੌਤੀ ਹੈ।

ਬੇਰੁਜ਼ਗਾਰੀ ਵੱਧਦੀ ਜਾ ਰਹੀ ਹੈ। ਜਿਸ ਦੇ ਕਾਰਨ ਪ੍ਰਤੀ ਜੀਅ ਆਮਦਨ ਘੱਟ ਰਹੀ ਹੈ। ਖਾਣ-ਪੀਣ ਦੀਆਂ ਚੀਜ਼ਾਂ ਦੇ ਭਾਅ ਵਧਣ ਕਾਰਨ ਲੋਕ ਪ੍ਰੇਸ਼ਾਨ ਦਿਖਦੇ ਹਨ ਪਰ ਇਹ ਸਭ ਕੁਝ ਦੇਸ਼ ਦੀਆਂ ਪਾਰਟੀਆਂ ਦੇ ਏਜੰਡੇ ਉੱਤੇ ਨਹੀਂ ਹੈ।

ਦੇਸ਼ ਇਸ ਵੇਲੇ ਵਿਕਾਸ ਚਾਹੁੰਦਾ ਹੈ, ਦੇਸ਼ਵਾਸੀ ਰੁਜ਼ਗਾਰ ਚਾਹੁੰਦੇ ਹਨ। ਦੇਸ਼ ਇਸ ਵੇਲੇ 'ਮਾਈ ਬਾਪ' ਵਾਲੀ ਸਰਕਾਰ ਨਹੀਂ, ਸਗੋਂ ਅਸਲ ਲੋਕਤੰਤਰੀ ਸਰਕਾਰ ਚਾਹੁੰਦੇ ਹਨ। ਲੋਕਾਂ ਸਾਹਵੇਂ ਰੋਸ਼ਨ ਭਵਿੱਖ ਦੀ ਉਮੀਦ ਤਦੇ ਬੱਝੇਗੀ, ਜੇਕਰ ਦੇਸ਼ ਦੇ ਨੇਤਾ ਪਾਰਦਰਸ਼ੀ ਢੰਗ ਨਾਲ ਆਮ ਲੋਕਾਂ ਦੇ ਸਰੋਕਾਰਾਂ ਨੂੰ ਪਹਿਲ ਦੇਣਗੇ।

ਇਸ ਵੇਲੇ ਦੇਸ਼ ਵਿਚ ਰਾਜਨੀਤਿਕ ਕੁਲੀਨਾਂ ਦਾ ਬੋਲਬਾਲਾ ਹੈ। ਮੋਦੀ, ਰਾਹੁਲ, ਕੇਜਰੀਵਾਲ, ਮਮਤਾ, ਲਾਲੂ ਯਾਦਵ ਆਦਿ ਇਕੋ ਕਿਸਮ ਦੀ ਸਿਆਸਤ ਕਰ ਰਹੇ ਹਨ। ਉਹ ਅੰਕ ਗਣਿਤ ਦੇ ਪੰਡਿਤ ਹਨ। ਲੋਕ ਕੁਝ ਹੱਦ ਤੱਕ ਲਾਲਚਵਸ ਠੂਠਾ ਸਿਆਸਤ ਨਾਲ ਭਰਮਿਤ ਹੁੰਦੇ ਹਨ, ਪਰ ਜੀਊਂਦੇ ਜਾਗਦੇ ਸਮਾਜ ਵਿਚ ਉਹ ਆਪਣੀ ਊਰਜਾ ਨਾਲ ਉਹ ਸਭ ਕੁਝ ਬਦਲਣ ਦੇ ਸਮਰੱਥ ਹਨ, ਜੋ ਉਹ ਨਹੀਂ ਚਾਹੁੰਦੇ ।

ਲੋਕ ਠੂਠੇ 'ਚ ਭਿੱਖਿਆ 'ਅਨਾਜ' ਨਹੀਂ, ਨੌਕਰੀ ਚਾਹੁੰਦੇ ਹਨ। ਦੇਸ਼ ਦੇ ਸਿਆਸਤਦਾਨਾਂ ਨੂੰ ਇਹ ਸਮਝਣਾ ਪਵੇਗਾ। ਸਾਹਿਬਾਂ ਦੀਆਂ ਫਾਇਲਾਂ, ਬਸਤਿਆਂ 'ਚ ਦੱਬੀ ਲੋਕਾਂ ਦੀ ਆਵਾਜ਼ ਨੂੰ ਲੋਕ ਕਟਹਿਰੇ 'ਚ ਲਿਆਉਣਾ ਹੀ ਹੋਵੇਗਾ।

# ਪੁਲਿਸ ਵਾਲਾ ਕੌਣ?

## ਮਿੰਨੀ ਕਹਾਣੀ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)



ਬਖਤੌਰ ਸਿੰਘ ਨੇ ਸਿਟੀ ਥਾਣੇ ਜਾ ਕੇ ਐੱਸ.ਐੱਚ.ਓ. ਸਾਹਿਬ ਨੂੰ ਦੱਸਿਆ, ਜਨਾਬ ਬੱਸ ਅੱਡੇ ਦੇ ਬਾਥਰੂਮਾਂ ਵਿਚ ਮੁੰਡੇ ਚਿੱਟਾ ਲਾਉਂਦੇ ਪਏ ਨੇ, ਹੁਣੇ ਚੱਲੋ ਜਾਂ ਕਿਸੇ ਨੂੰ ਭੇਜੋ, ਮੁੰਡੇ ਫੜੋ, ਉਨ੍ਹਾਂ ਦੀ ਜਾਨ ਬਚੂ, ਨਾਲੇ ਇਹ ਪੁਛਿਓ ਕਿ ਨਸ਼ਾ ਲੈਂਦੇ ਕਿਥੋਂ ਨੇ, ਅਗਾਂਹ ਨੂੰ ਵੀ ਠੱਲ੍ਹ ਪੈ ਜਾਊ। ਐੱਸ.ਐੱਚ.ਓ. ਸਾਹਿਬ ਨੇ ਸਿਰ ਤੋਂ ਪੈਰਾਂ ਤੱਕ ਬਖਤੌਰ ਸੋਂਹ ਨੂੰ ਵੇਖਿਆ ਤੇ ਸਾਹਮਣੇ ਜਾਂਦੇ ਹਵਾਲਦਾਰ ਨੂੰ ਕਿਹਾ, ਉਹੇ ਮੁੰਡਿਆ ਵਿਹਲਾ ਹੋ ਕਿ ਬੱਸ ਅੱਡੇ ਦੇ ਬਾਥਰੂਮਾਂ ਨੂੰ ਤਾਲਾ ਲਾ ਆਵੀਂ, ਉਥੇ ਗਲਤ ਅਨਸਰ ਫਿਰਦੇ ਨੇ। ਇੰਸਪੈਕਟਰ ਸਾਹਿਬ ਦੀ ਗੱਲ ਸੁਣ ਕੇ ਬਖਤੌਰ ਸੋਂਹ ਹੱਕਾ-ਬੱਕਾ ਜਿਹਾ ਹੋ ਗਿਆ, ਜਨਾਬ ਇਹਦੇ ਨਾਲ ਨਸ਼ਿਆਂ ਨੂੰ ਕਿਵੇਂ ਰੋਕ ਲੱਗੂ, ਉਲਟਾ ਬਾਥਰੂਮ ਵਰਤਣ ਵਾਲੇ ਲੋਕ ਵੀ ਤੰਗ ਹੋ ਜਾਣਗੇ! ਹੁਣ ਇੰਸਪੈਕਟਰ ਸਾਹਿਬ ਅਸਲੀ ਰੂਪ ਵਿਚ ਆ ਗਏ ਤੇ ਕਹਿਣ ਲੱਗੇ ਪੁਲਿਸ ਵਾਲਾ ਤੂੰ ਹੈਂ ਕਿ ਮੈਂ ? ਸਾਨੂੰ ਕਾਨੂੰਨ ਨਾ ਸਿਖਾ, ਅਸੀਂ ਕਾਨੂੰਨ ਅਨੁਸਾਰ ਕੰਮ ਕਰਾਂਗੇ। ਕੰਨ ਖੁਰਕਦਾ ਬਖਤੌਰ ਸਿੰਘ ਘਰ ਨੂੰ ਤੁਰ ਪਿਆ।



# ਕੀ ਨੈਟਫਲਿਕਸ ਤੋਂ ਬੰਦ ਹੋ ਰਿਹਾ ਕਪਿਲ ਦਾ ਕਮੇਡੀ ਸ਼ੋਅ?

-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲUSA



ਟੈਲੀਵਿਜ਼ਨ ਉਦਯੋਗ ਵਿਚ ਬੜੀ ਤੇਜ਼ੀ ਨਾਲ ਬੜੇ ਵੱਡੇ ਬਦਲਾਅ ਵਾਪਰ ਰਹੇ ਹਨ। ਅਜੇ ਕੁਝ ਮਹੀਨੇ ਪਹਿਲਾਂ ਕਪਿਲ ਸ਼ਰਮਾ ਦਾ ਚਰਚਿਤ ਕਾਮੇਡੀ ਸ਼ੋਅ ਸੋਨੀ ਚੈਨਲ ਤੋਂ ਬੰਦ ਹੋ ਕੇ ਨੈਟਫਲਿਕਸ ਤੋਂ ਬੜੇ ਧੂਮ-ਧੜੱਕੇ ਨਾਲ ਆਰੰਭ ਹੋਇਆ ਸੀ। ਹੁਣ ਖ਼ਬਰ ਆਈ ਹੈ ਕਿ ਕੁਝ ਕੜੀਆਂ ਉਪਰੰਤ ਉਸਦੀ ਸ਼ੂਟਿੰਗ ਰੋਕ ਦਿੱਤੀ ਗਈ ਹੈ ਕਿਉਂਕਿ ਨੈਟਫਲਿਕਸ ਨੂੰ ਉਮੀਦ ਅਨੁਸਾਰ ਦਰਸ਼ਕ ਨਹੀਂ ਮਿਲੇ ਹਨ। ਚੈਨਲਾਂ ਵਾਂਗ ਨੈਟਫਲਿਕਸ ਦਾ ਦਾਰੋਮਦਾਰ ਵੀ ਦਰਸ਼ਕ-ਗਿਣਤੀ ਉਪਰ ਹੈ।




30 ਮਾਰਚ ਨੂੰ ਨੈਟਫਲਿਕਸ 'ਤੇ ਆਰੰਭ ਹੋਇਆ ਇਹ ਸ਼ੋਅ ਦਰਸ਼ਕਾਂ ਨੂੰ ਪ੍ਰਭਾਵਤ ਨਹੀਂ ਕਰ ਸਕਿਆ ਅਤੇ ਹਰੇਕ ਸ਼ੋਅ ਦੀ ਟੀ.ਆਰ.ਪੀ. ਡਿੱਗਦੀ ਗਈ। ਇੰਝ ਨੈਟਫਲਿਕਸ ਦੇ ਪਹਿਲੇ ਦਸ ਪ੍ਰੋਗਰਾਮਾਂ ਵਿਚੋਂ ਵੀ ਇਹ ਬਾਹਰ ਹੋ ਗਿਆ। ਮੰਨਿਆ ਜਾ ਰਿਹਾ ਹੈ ਕਿ ਵਿਸ਼ਾ-ਸਮੱਗਰੀ ਸੰਬੰਧੀ ਸਮੱਸਿਆ ਹੈ। ਸੋਨੀ ਚੈਨਲ 'ਤੇ ਪ੍ਰੋਗਰਾਮ ਦੀ ਪੇਸ਼ਕਾਰੀ ਖੁੱਲ੍ਹੀ-ਡੁੱਲ੍ਹੀ ਹੁੰਦੀ ਸੀ ਅਤੇ ਕਪਿਲ ਸ਼ਰਮਾ ਨੂੰ ਖੁੱਲ੍ਹ ਕੇ ਕੰਮ ਕਰਨ ਦਿੱਤਾ ਜਾਂਦਾ ਸੀ। ਇਹੀ ਦਰਸ਼ਕਾਂ ਨੂੰ ਪਸੰਦ ਆਉਂਦਾ ਸੀ। ਨੈਟਫਲਿਕਸ 'ਤੇ ਮਾਹੌਲ ਰਸਮੀ ਜਿਹਾ ਹੋ ਗਿਆ ਅਤੇ ਕਪਿਲ ਨੂੰ ਵੀ ਆਮ ਟੈਲੀਵਿਜ਼ਨ ਐਂਕਰਾਂ ਵਾਂਗ ਬੰਨ੍ਹ ਕੇ ਬਿਠਾ ਦਿੱਤਾ ਗਿਆ। ਨਤੀਜੇ ਵਜੋਂ ਇਸ ਸ਼ੋਅ ਦੀ ਰੂਹ ਗਾਇਬ ਹੋ ਗਈ ਅਤੇ ਇਹ ਹੋਰਨਾਂ ਟੈਲੀਵਿਜ਼ਨ ਇੰਟਰਵਿਊ ਵਾਂਗ ਸਵਾਲਾਂ ਜਵਾਬਾਂ ਤੱਕ ਸੀਮਤ ਹੋ ਗਿਆ।

ਪਹਿਲਾਂ ਨੈਟਫਲਿਕਸ ਨੇ ਇਸਨੂੰ ਤੁਰੰਤ ਬੰਦ ਕਰਨ ਦਾ ਮਨ ਬਣਾ ਲਿਆ ਸੀ ਪਰੰਤੂ ਤਾਜ਼ਾ ਖ਼ਬਰਾਂ ਅਨੁਸਾਰ ਇਸਦੀਆਂ 13 ਕੜੀਆਂ ਦਾ ਪ੍ਰਸਾਰਨ ਜ਼ਰੂਰ ਹੋਵੇਗਾ। 13 ਕੜੀਆਂ ਦੀ ਸ਼ੂਟਿੰਗ ਕਰਕੇ ਨੈਟਫਲਿਕਸ ਨੇ ਇਸ ਦਾ ਸੈੱਟ ਉਖਾੜ ਦਿੱਤਾ ਹੈ। ਇਸ ਸ਼ੋਅ ਦਾ ਦੂਸਰਾ ਰਾਊਂਡ 2024 ਦੇ ਅਖੀਰ ਵਿਚ ਹੋਵੇਗਾ ਜਾਂ ਨਹੀਂ, ਇਸਦੀ ਘੋਸ਼ਨਾ ਬਾਅਦ ਵਿਚ ਕੀਤੀ ਜਾਵੇਗੀ।

ਦਰਸ਼ਕਾਂ ਦਾ ਕਹਿਣਾ ਹੈ ਕਿ ਨੈਟਫਲਿਕਸ 'ਤੇ ਆਉਣ ਉਪਰੰਤ ਕਾਮੇਡੀ ਸ਼ੋਅ ਨਕਲੀ ਕਿਸਮ ਦਾ ਹੋ ਗਿਆ ਹੈ। ਉਹ ਰਸ, ਉਹ ਰੁਚੀ, ਉਹ ਆਨੰਦ, ਉਹ ਆਪ-ਮੁਹਾਰਾ ਹਾਸਾ ਮਨਫ਼ੀ ਹੋ ਗਿਆ ਹੈ। ਨਤੀਜੇ ਵਜੋਂ ਦਰਸ਼ਕ ਗਿਣਤੀ ਲਗਾਤਾਰ ਘੱਟਦੀ ਗਈ। ਅੰਕੜੇ ਦੱਸਦੇ ਹਨ ਕਿ ਲੰਮੀ ਉਡੀਕ ਬਾਅਦ ਜਦ ਸ਼ੋਅ ਨੈਟਫਲਿਕਸ 'ਤੇ ਸ਼ੁਰੂ ਹੋਇਆ, ਤਾਂ ਪਹਿਲੀ ਕੜੀ ਨੂੰ 2.5 ਮਿਲੀਅਨ ਲੋਕਾਂ ਨੇ ਵੇਖਿਆ। ਦੂਸਰੀ ਕੜੀ ਦੇ ਪ੍ਰਸਾਰਨ ਸਮੇਂ ਦਰਸ਼ਕਾਂ ਦੀ ਗਿਣਤੀ 2.6 ਮਿਲੀਅਨ ਹੋ ਗਈ। ਪਰੰਤੂ ਤੀਸਰੀ ਕੜੀ ਸਮੇਂ ਇਹ ਗਿਣਤੀ ਇਕਦਮ ਘੱਟ ਕੇ 1.7 ਮਲੀਅਨ ਰਹਿ ਗਈ। ਜਿਹੜੀ ਚੌਥੀ ਕੜੀ ਤੱਕ ਪਹੁੰਚਦੇ 1.2 ਮਿਲੀਅਨ 'ਤੇ ਖਿਸਕ ਗਈ। ਇਥੇ ਆ ਕੇ ਸ਼ੋਅ ਨੈਟਫਲਿਕਸ ਦੇ ਉਪਰਲੇ ਦਸ ਪ੍ਰੋਗਰਾਮਾਂ ਦੀ ਸੂਚੀ ਵਿਚੋਂ ਬਾਹਰ ਹੋ ਗਿਆ।

ਛੇਵੇਂ ਹਫ਼ਤੇ ਦਰਸ਼ਕ-ਗਿਣਤੀ ਕੇਵਲ ਇਕ ਮਿਲੀਅਨ ਰਹਿ ਗਈ। ਪਹਿਲੀਆਂ ਦੋ ਕਿਸ਼ਤਾਂ ਤੋਂ ਬਾਅਦ ਦਰਸ਼ਕ-ਗਿਣਤੀ ਵਧਾਉਣ ਦੀ ਸਿਰ-ਤੋੜ ਕੋਸ਼ਿਸ਼ ਕੀਤੀ ਗਈ ਪਰੰਤੂ ਟੀਮ ਅਤੇ ਨੈਟਫਲਿਕਸ ਨੂੰ ਇਸ ਵਿਚ ਸਫ਼ਲਤਾ ਨਹੀਂ ਮਿਲੀ। ਇਹ ਅੰਕੜੇ ਨੈਟਫਲਿਕਸ ਦੇ ਆਪਣੇ ਡਾਟਾ ਦੇ ਹਨ।

ਨੈਟਫਲਿਕਸ ਨੇ ਇਸ ਸ਼ੋਅ ਦੀ ਲੰਮਾ ਸਮਾਂ ਮਸ਼ਹੂਰੀ ਕੀਤੀ ਸੀ, ਤਾਂ ਜੋ ਦੁਨੀਆਂ ਭਰ ਵਿਚੋਂ ਵੱਖ-ਵੱਖ ਵਰਗ ਦੇ ਦਰਸ਼ਕਾਂ ਨੂੰ ਆਕਰਸ਼ਿਤ ਕੀਤਾ ਜਾ ਸਕੇ। ਸ਼ੋਅ ਨਾਲ ਜੋੜਿਆ ਜਾ ਸਕੇ। ਪਰੰਤੂ ਸ਼ੋਅ ਨੈਟਫਲਿਕਸ ਅਤੇ ਦਰਸ਼ਕਾਂ ਦੀਆਂ ਉਮੀਦਾਂ 'ਤੇ ਪੂਰਾ ਨਹੀਂ ਉਤਰਿਆ।

ਇਹ ਵੀ ਨੋਟ ਕੀਤਾ ਗਿਆ ਕਿ ਉਪਰੋਕਤ ਅੰਕੜਿਆਂ ਵਿਚ ਦਰਸਾਏ ਗਏ ਦਰਸ਼ਕਾਂ ਵਿਚੋਂ ਬਹੁਤ ਸਾਰਿਆਂ ਨੇ ਸ਼ੋਅ ਆਰੰਭ ਤੋਂ ਅਖ਼ੀਰ ਤੱਕ ਨਹੀਂ ਵੇਖਿਆ। ਸ਼ੁਰੂ ਕਰਕੇ ਵਿਚਾਲੇ ਹੀ ਵੇਖਣਾ ਬੰਦ ਕਰ ਦਿੱਤਾ।

ਦਰਅਸਲ ਆਪਣੀ ਅਲੱਗ ਕਿਸਮ ਦੀ ਵਿਸ਼ਾ-ਸਮੱਗਰੀ ਕਾਰਨ ਨੈਟਫਲਿਕਸ ਭਾਰਤ ਵਿਚ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਘੱਟ ਵੇਖਿਆ ਜਾਂਦਾ ਹੈ। ਇਸ ਘਾਟ ਨੂੰ ਦੂਰ ਕਰਨ ਲਈ ਹੀ ਨੈਟਫਲਿਕਸ ਕਪਿਲ ਸ਼ਰਮਾ ਦੇ ਸ਼ੋਅ ਨੂੰ ਲੈ ਕੇ ਆਇਆ ਸੀ। ਪਰੰਤੂ ਇਸ ਚਰਚਿਤ ਅਤੇ ਕਾਮਯਾਬ ਸ਼ੋਅ ਨਾਲ ਵੀ ਨੈਟਫਲਿਕਸ ਵੱਡੀ ਗਿਣਤੀ ਵਿਚ ਭਾਰਤੀ ਦਰਸ਼ਕਾਂ ਨੂੰ ਆਪਣੇ ਨਾਲ ਨਹੀਂ ਜੋੜ ਸਕਿਆ। ਹਾਲ ਦੀ ਘੜੀ ਇਸ ਦੇ ਕਾਰਨਾਂ ਬਾਰੇ ਘੋਖ ਕੀਤੀ ਜਾ ਰਹੀ ਹੈ।

ਉਮੀਦ ਹੈ ਦਰਸ਼ਕਾਂ ਦੀਆਂ ਉਮੀਦਾਂ ਅਨੁਸਾਰ ਅਦਲ-ਬਦਲ ਕਰਕੇ ਸ਼ੋਅ ਦੂਸਰਾ ਸੀਜ਼ਨ ਲੈ ਕੇ ਵਾਪਸ ਪਰਤੇਗਾ।

ਸੈੱਟ ਵਿਚ, ਪਾਤਰਾਂ ਵਿਚ ਤਬਦੀਲੀਆਂ ਕਰਕੇ ਨੈਟਫਲਿਕਸ ਨੇ 192 ਦੇਸ਼ਾਂ 'ਚ ਇਸਦਾ ਪ੍ਰਸਾਰਨ ਆਰੰਭ ਕੀਤਾ। ਕਪਿਲ ਸ਼ਰਮਾ ਦਾ ਕਹਿਣਾ ਹੈ ਕਿ "ਜੇਕਰ ਕੋਈ ਚੀਜ਼ ਪੂਰੇ ਪਰਿਵਾਰ ਲਈ ਫਿੱਟ ਹੈ, ਤਾਂ ਉਹ ਇੰਡੀਆ ਵਿਚ ਹਿੱਟ ਹੈ।" ਪਰੰਤੂ ਇਸ ਵਾਰ ਅਜਿਹਾ ਨਹੀਂ ਹੋਇਆ ਕਿਉਂਕਿ ਭਾਰਤ ਪਿੰਡਾਂ ਵਿਚ ਵੱਸਦਾ ਹੈ ਅਤੇ ਸ਼ੋਅ ਦਾ ਸ਼ਹਿਰੀਕਰਨ ਕਰ ਦਿੱਤਾ ਗਿਆ ਹੈ। ਪਿੰਡਾਂ ਦੇ ਬਹੁਗਿਣਤੀ ਲੋਕ ਹਾਲ ਦੀ ਘੜੀ ਨੈਟਫਲਿਕਸ ਦੇ ਆਦਿ ਨਹੀਂ ਹਨ।

---

# ਇਤਿਹਾਸਕ ਗੁਰਦੁਆਰਾ ਰਣਜੀਤ ਗੜ੍ਹ ਸਾਹਿਬ, ਸ੍ਰੀ ਚਮਕੌਰ ਸਾਹਿਬ

ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ।
ਮੋਬ : 75279-31887
ਪੰਜਾਬ ਮੇਲUSA



ਗੁਰਦੁਆਰਾ ਰਣਜੀਤ ਗੜ੍ਹ ਸਾਹਿਬ, ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤ 'ਤੇ ਸੁਭਾਇਮਾਨ ਹੈ। ਇਹ ਗੁਰਦੁਆਰਾ ਸਾਹਿਬ ਸ੍ਰੀ ਚਮਕੌਰ ਸਾਹਿਬ ਸ਼ਹਿਰ ਦੇ ਬਾਹਰ-ਬਾਹਰ ਪੂਰਬ ਦਿਸ਼ਾ ਵੱਲ ਉੱਚੀ ਥਾਂ 'ਤੇ ਸੁਸ਼ੋਭਿਤ ਹੈ। ਇਹ ਅਸਥਾਨ ਗੁਰੂ ਗੋਬਿੰਦ ਸਿੰਘ ਜੀ ਦੀ ਪਹਿਲੀ ਜੰਗ ਦੀ ਯਾਦਗਾਰ ਹੈ। ਇੱਥੇ ਕੁਰੂਕਸ਼ੇਤਰ ਤੋਂ ਮੁੜਦਿਆਂ ਹੋਇਆਂ ਰਣਜੀਤ ਨਗਾਰਾ ਵਜਾ ਕੇ ਗੁਰੂ ਜੀ ਨੇ ਯੁੱਧ ਕੀਤਾ ਸੀ।

"ਸੁਨਿ ਕਲਗੀਧਰ ਹੁਕਮ ਉਚਾਰਾ॥
ਦੀਉ ਬਜਾਇ ਰਣਜੀਤ ਨਗਾਰਾ॥"



ਗੁਰੂ ਜੀ ਅਤੇ ਸਿੰਘਾਂ ਨੇ ਇਸ ਅਸਥਾਨ 'ਤੇ ਕੁੱਝ ਦਿਨ ਆਰਾਮ ਵੀ ਕੀਤਾ ਸੀ। ਗੁਰੂ ਜੀ ਦੇ ਨਾਲ 100 ਕੁ ਦੇ ਕਰੀਬ ਸਿੰਘ ਸਨ। ਉਨ੍ਹਾਂ ਦਿਨਾਂ ਵਿਚ ਹੀ ਦੋ ਤੁਰਕ ਅਲਿਫ ਖਾਨ ਤੇ ਸੈਦ ਬੇਗ ਆਪਣੀਆਂ ਫੌਜਾਂ ਸਮੇਤ ਦਿੱਲੀ ਤੋਂ ਲਾਹੌਰ ਵੱਲ ਨੂੰ ਜਾ ਰਹੇ ਸਨ, ਤਾਂ ਰਾਹ ਵਿਚ ਬਿਲਾਸਪੁਰ ਦੇ ਰਾਜਾ ਅਜਮੇਰ ਚੰਦ ਦੀ ਅਗਵਾਈ ਹੇਠਾਂ, ਪਹਾੜੀ ਰਾਜਿਆਂ ਨੇ ਇਨ੍ਹਾਂ ਦੋਹਾਂ ਤੁਰਕਾਂ ਨੂੰ ਮਾਇਆ ਦਾ ਲਾਲਚ ਦੇ ਕੇ ਗੁਰੂ ਗੋਬਿੰਦ ਸਿੰਘ ਉੱਤੇ ਹਮਲਾ ਕਰਨ ਲਈ ਮਨਾ ਲਿਆ। ਦੋਵੇਂ ਜਣੇ ਫੌਜਾਂ ਸਮੇਤ ਚਮਕੌਰ ਵੱਲ ਨੂੰ ਮੁੜ ਪਏ। ਸਵੇਰ ਦਾ ਵੇਲਾ ਸੀ ਸੱਦੂ ਅਤੇ ਮੱਦੂ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਇਲਾਕੇ ਦੀ ਅਤੇ ਕਾਬਲ, ਪਿਸ਼ੌਰ ਦੀ ਸੰਗਤ ਵੀ ਗੁਰੂ ਜੀ ਦੇ ਦਰਸ਼ਨ ਕਰਨ ਆਈ ਹੋਈ ਸੀ। ਅਚਾਨਕ ਪਹਾੜੀ ਰਾਜਿਆਂ ਦੇ ਭੇਜੇ ਤੁਰਕ ਸੈਦ ਬੇਗ ਤੇ ਅਲਫ ਖਾਨ ਨੇ ਹਮਲਾ ਕਰ ਦਿੱਤਾ। ਜਦੋਂ ਗੁਰੂ ਜੀ ਨੂੰ ਤੁਰਕ ਸੈਨਾ ਦੇ ਆਉਣ ਦੀ ਸੂਹ ਮਿਲੀ, ਤਾਂ ਗੁਰੂ ਜੀ ਨੇ ਸਿੰਘਾਂ ਨੂੰ ਜੰਗ ਲਈ ਤਿਆਰ ਹੋਣ ਦਾ ਹੁਕਮ ਕੀਤਾ ਤੇ ਰਣਜੀਤ ਨਗਾਰਾ ਵਜਾਇਆ। ਜਦੋਂ ਸੈਦ ਬੇਗ ਨੇ ਸੁੰਦਰ ਨੀਲੇ ਜੰਗੀ ਘੋੜੇ 'ਤੇ ਸਵਾਰ ਗੁਰੂ ਗੋਬਿੰਦ ਸਿੰਘ ਦੇ ਜਲਾਲ ਤੇ ਜਮਾਲ ਭਰੇ ਚਿਹਰੇ ਨੂੰ ਵੇਖਿਆ, ਤਾਂ ਉਹ ਗੁਰੂ ਜੀ ਦੇ ਦਰਸ਼ਨ ਕਰਨ ਸਾਰ ਹੀ ਉਨ੍ਹਾਂ ਦਾ ਮੁਰੀਦ ਬਣ ਗਿਆ। ਇਹ ਤੁਰਕ ਤੁਰੰਤ ਆਪਣੀ ਫੌਜ ਅਤੇ ਹਥਿਆਰ ਛੱਡ ਕੇ ਗੁਰੂ ਸਾਹਿਬ ਵਾਲੇ ਪਾਸੇ ਆਣ ਪਹੁੰਚਾ ਤੇ ਗੁਰੂ ਜੀ ਦੇ ਸਿੰਘਾਂ ਨਾਲ ਰਲ ਕੇ ਤੁਰਕ ਫੌਜਾਂ ਵਿਰੁੱਧ ਜੰਗ ਕਰਨ ਲੱਗਾ। ਸੈਦ ਬੇਗ ਨੂੰ ਇਸ ਤਰ੍ਹਾਂ ਕਰਦਿਆਂ ਵੇਖ ਕੇ ਅਲਿਫ ਖ਼ਾਨ ਨੂੰ ਬੜੀ ਹੈਰਾਨੀ ਹੋਈ ਅਤੇ ਨਾਲ ਹੀ ਉਹ ਵੀ ਦਿਲ ਛੱਡ ਗਿਆ। ਨਤੀਜੇ ਵਜੋਂ ਉਸ ਨੇ ਵੀ ਆਪਣੀਆਂ ਵਾਗਾਂ ਮੋੜ ਲਈਆਂ ਤੇ ਫੌਜਾਂ ਸਮੇਤ ਨੱਠ ਤੁਰਿਆ। ਇਸ ਜੰਗ ਵਿਚ ਗੁਰੂ ਜੀ ਨੇ ਜਿੱਤ ਪ੍ਰਾਪਤ ਕੀਤੀ ਤੇ ਨੀਚ ਪਹਾੜੀ ਰਾਜਿਆਂ ਦੇ ਮਨਸੂਬਿਆਂ 'ਤੇ ਪਾਣੀ ਫਿਰ ਗਿਆ। ਸੈਦ ਬੇਗ ਗੁਰੂ ਗੋਬਿੰਦ ਸਿੰਘ ਜੀ ਪਾਸ ਹੀ ਰਿਹਾ ਅਤੇ ਜਦੋਂ ਫਰਵਰੀ 1703 ਵਿਚ ਪਹਾੜੀ ਰਾਜਿਆਂ ਨਾਲ ਮਿਲ ਕੇ ਸੈਦ ਖ਼ਾਨ ਅਧੀਨ ਇੱਕ ਹੋਰ ਸ਼ਾਹੀ ਫੌਜ ਨੇ ਅਨੰਦਪੁਰ ਉੱਤੇ ਹਮਲਾ ਕੀਤਾ, ਤਾਂ ਇਹ ਗੁਰੂ ਸਾਹਿਬ ਵੱਲੋਂ ਬੜੀ ਬਹਾਦੁਰੀ ਨਾਲ ਲੜਦਾ ਹੋਇਆ ਮਾਰਿਆ ਗਿਆ ਸੀ। ਚਮਕੌਰ ਸਾਹਿਬ ਦੀ ਇਸ ਜੰਗ ਨੂੰ ਜਿੱਤਣ ਕਰਕੇ ਤੇ ਰਣਜੀਤ ਨਗਾਰਾ ਵਜਾਉਣ ਕਰਕੇ ਹੀ ਇਸ ਅਸਥਾਨ ਦਾ ਨਾਮ 'ਰਣਜੀਤ ਗੜ੍ਹ' ਪੈ ਗਿਆ। ਇਸ ਗੁਰਦੁਆਰੇ ਦਾ ਪ੍ਰਬੰਧ ਸ੍ਰੋਮਣੀ ਪੰਥ ਰਤਨ, ਸ੍ਰੋਮਣੀ ਸੇਵਾ ਰਤਨ ਜੱਥੇਦਾਰ ਬਾਬਾ ਬਲਬੀਰ ਸਿੰਘ ਜੀ ਅਕਾਲੀ 96 ਕਰੋੜੀ ਮੁਖੀ ਸ੍ਰੋਮਣੀ ਪੰਥ ਅਕਾਲੀ ਬੁੱਢਾ ਦਲ ਤਖਤ ਕੋਲ ਹੈ।

# ਸਿੱਖ ਇਤਿਹਾਸ ਵਿਚ ਸਾਕਾ ਗੁਰਦੁਆਰਾ ਪਾਉਂਟਾ ਸਾਹਿਬ 22 ਮਈ 1964 ਦਾ ਮਹੱਤਵ

-ਡਾ. ਚਰਨਜੀਤ ਸਿੰਘ ਗੁਮਟਾਲਾ
919417533060
gumtalacs@gmail.com
ਪੰਜਾਬ ਮੇਲ USA





ਪਾਉਂਟਾ ਸਾਹਿਬ ਇੱਕ ਇਹੋ ਜਿਹਾ ਪਵਿੱਤਰ ਸਥਾਨ ਹੈ, ਜਿਥੇ ਆਨੰਦਪੁਰ ਸਾਹਿਬ ਤੋਂ ਪਿੱਛੋਂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ 1685 ਤੋਂ 1689 ਤੱਕ ਲਗਭਗ ਚਾਰ ਸਾਲ ਨਿਵਾਸ ਕੀਤਾ। ਡਾ. ਸੁਖਦਿਆਲ ਸਿੰਘ ਨੇ ਆਪਣੀ ਪੁਸਤਕ ਪੰਜਾਬ ਦਾ ਇਤਿਹਾਸ ਵਿਚ ਗੁਰੂ ਕੀਆਂ ਸਾਖੀਆਂ ਦੇ ਹਵਾਲੇ ਨਾਲ ਲਿਖਿਆ ਹੈ ਕਿ ਗੁਰੂ ਜੀ 1685 ਈ. ਨੂੰ ਵਿਸਾਖ ਮਹੀਨੇ ਦੇ ਅਖੀਰ ਵਿਚ ਪਾਉਂਟਾ ਸਾਹਿਬ ਪਹੁੰਚੇ। ਜੇਠ ਮਹੀਨੇ ਦੀ ਸੰਗਰਾਂਦ ਨੂੰ ਦੀਵਾਨ ਨੰਦ ਚੰਦ ਨੇ ਅਰਦਾਸ ਕੀਤੀ ਅਤੇ ਭਾਈ ਰਾਮ ਕੋਇਰ ਨੇ ਆਪਣੇ ਹੱਥਾਂ ਨਾਲ ਨਵੇਂ ਮਕਾਨ ਦੀ ਨੀਂਹ ਰੱਖੀ। ਕੁਝ ਮਹੀਨਿਆਂ ਵਿਚ ਹੀ ਰਿਹਾਇਸ਼ੀ ਮਕਾਨ ਉਸਾਰ ਦਿੱਤੇ ਗਏ। ਇਹ ਮਕਾਨ ਕਿਲ੍ਹਾ ਨੁਮਾ ਸਨ। ਕੁਝ ਲੇਖਕਾਂ ਇੱਥੇ ਕਿਲ੍ਹਾ ਉਸਾਰਨ ਦੀ ਗੱਲ ਲਿਖੀ ਹੈ ਪਰ ਉਹ ਇਸ ਵਿਚਾਰ ਨਾਲ ਸਹਿਮਤ ਨਹੀਂ। ਉਨ੍ਹਾਂ ਅਨੁਸਾਰ ਅੱਜਕੱਲ੍ਹ ਇੱਥੇ ਕਿਲ੍ਹੇ ਦੇ ਕੋਈ ਨਿਸ਼ਾਨ ਨਹੀਂ ਹਨ ਅਤੇ ਨਾ ਹੀ ਕਿਲ੍ਹਾ ਢਹਿ ਜਾਣ ਕਰਕੇ ਕੋਈ ਥੇਹ ਦੇ ਨਿਸ਼ਾਨ ਹਨ। ਜੇ ਇੱਥੇ ਕਿਲ੍ਹਾ ਹੁੰਦਾ, ਤਾਂ ਉਸ ਦੇ ਢਹਿ ਜਾਣ ਨਾਲ ਉਸ ਨੇ ਥੇਹ ਦਾ ਰੂਪ ਲੈ ਲੈਣਾ ਸੀ। ਜਿੱਥੋਂ ਤੀਕ ਭੰਗਾਣੀ ਦੇ ਯੁੱਧ ਦਾ ਸਬੰਧ ਹੈ, ਉਹ ਇਸ ਜਗ੍ਹਾ ਤੋਂ ਕੋਈ 7 ਮੀਲ ਦੀ ਦੂਰੀ ’ਤੇ ਲੜਿਆ ਗਿਆ ਸੀ। ਮੌਜੂਦਾ ਗੁਰਦੁਆਰਾ ਜਦ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ, ਤਾਂ ਉਸ ਸਮੇਂ ਸਰਦਾਰ ਸਾਹਿਬ ਸਿੰਘ ਸੰਧਾਵਾਲੀਆ ਨੇ ਬਾਬਾ ਕਪੂਰ ਸਿੰਘ ਤੋਂ ਮਾਇਕ ਸਹਾਇਤਾ ਲੈ ਕੇ ਉਸਾਰੀ ਕਰਵਾਈ।

ਇਹ ਰਮਣੀਕ ਥਾਂ ਜਮਨਾ ਦਾ ਕੰਢਾ ਬਹੁਤ ਹੀ ਮਨਮੋਹਕ ਦ੍ਰਿਸ਼ ਅਤੇ ਕੁਦਰਤ ਦੀਆਂ ਬਖਸ਼ਿਸ਼ਾਂ ਨਾਲ ਭਰਪੂਰ ਹੈ। ਇੱਥੇ ਹੀ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ 11 ਫਰਵਰੀ, 1687 ਈ. ਨੂੰ ਹੋਇਆ। ਇਸੇ ਜਗ੍ਹਾ ’ਤੇ ਕਲਗੀਧਰ ਪਾਤਸ਼ਾਹ ਨੇ 52 ਕਵੀ ਰੱਖ ਕੇ ਕੋਮਲ ਹੁਨਰ ਤੇ ਸਾਹਿਤ ਰੱਚ ਕੇ ਉਸ ਦਾ ਸਤਿਕਾਰ ਕਰਨਾ ਸਿਖਾਇਆ। ਇਸੇ ਜਗ੍ਹਾ ’ਤੇ ਪੀਰ ਬੁੱਧੂ ਸ਼ਾਹ ਜੀ ਨੇ ਆਪਣੇ ਚਾਰ ਬੇਟੇ ਬਾਈਧਾਰ ਦੇ ਰਾਜਿਆਂ ਨਾਲ ਭੰਗਾਣੀ ਦੇ ਯੁੱਧ ਸਮੇਂ ਗੁਰੂ ਜੀ ਤੋਂ ਕੁਰਬਾਨ ਕੀਤੇ। ਪੀਰ ਬੁੱਧੂ ਸ਼ਾਹ ਜਦੋਂ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਇਆ, ਤਾਂ ਗੁਰੂ ਸਾਹਿਬ ਉਸ ਸਮੇਂ ਕੇਸਾਂ ਵਿਚ ਕੰਘਾ ਕਰ ਰਹੇ ਸਨ। ਗੁਰੂ ਸਾਹਿਬ ਤੋਂ ਕੰਘੇ ਵਿਚ ਅੜੇ ਕੇਸਾਂ ਸਮੇਤ ਕੰਘੇ ਦੀ ਦਾਤ ਮੰਗੀ ਤੇ ਗੁਰੂ ਜੀ ਨੇ ਆਪਣੇ ਸੇਵਕ ਦੀ ਮੰਗ ਪੂਰੀ ਕੀਤੀ। ਗੁਰੂ ਜੀ ਇਸ ਪਵਿੱਤਰ ਜਗ੍ਹਾ ’ਤੇ ਕਵੀ ਦਰਬਾਰ, ਕੀਰਤਨ ਦਰਬਾਰ ਅਤੇ ਦਸਤਾਰ ਮੁਕਾਬਲੇ ਕਰਾਉਂਦੇ ਰਹੇ। ਭੰਗਾਣੀ ਦੇ ਯੁੱਧ ਤੋਂ ਬਾਦ ਜਦ ਗੁਰੂ ਜੀ ਵਾਪਸ ਆਨੰਦਪੁਰ ਸਾਹਿਬ ਗਏ, ਤਾਂ ਏਥੋਂ ਦਾ ਪ੍ਰਬੰਧ ਬਾਬਾ ਬਿਸ਼ਨ ਸਿੰਘ ਨੂੰ ਸੌਂਪ ਦਿੱਤਾ। ਉਨ੍ਹਾਂ ਤੋਂ ਬਾਦ ਇਸ ਸਥਾਨ ਦਾ ਪ੍ਰਬੰਧ ਮਹੰਤਾਂ ਕੋਲ ਆ ਗਿਆ।

ਗੁਰਦੁਆਰਾ ਸੁਧਾਰ ਲਹਿਰ ਸਮੇਂ ਗੁਰਦੁਆਰਾ ਪਾਉਂਟਾ ਸਾਹਿਬ ਦਾ ਮਹੰਤ ਲਹਿਣਾ ਸਿੰਘ, ਆਪ ਚਾਬੀਆਂ ਲੈ ਕੇ ਅੰਮ੍ਰਿਤਸਰ ਪੁੱਜੇ। ਪੰਥ ਨੇ ਮਹੰਤ ਜੀ ਦੀ ਕੁਰਬਾਨੀ ਤੇ ਨਿਮਰਤਾ ਦੇਖ ਕੇ ਉਨ੍ਹਾਂ ਨੂੰ ਸੇਵਾ-ਸੰਭਾਲ ਦਾ ਕੰਮ ਸੌਂਪੀ ਰੱਖਣ ਦਾ ਵੱਖਰਾ ਮਤਾ ਪਾਸ ਕਰ ਦਿੱਤਾ। ਮਹੰਤ ਜੀ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਗੁਰਦਿਆਲ ਸਿੰਘ ਨੇ ਗੁਰਦੁਆਰੇ ’ਤੇ ਆਪਣਾ ਹੱਕ ਸਮਝਦੇ ਹੋਏ ਕਬਜ਼ਾ ਕਰ ਲਿਆ ਅਤੇ ਆਪਣੇ ਇੱਕ ਰਿਸ਼ਤੇਦਾਰ ਮੂਲਾ ਸਿੰਘ ਰਾਹੀਂ ਲੀਡਰਾਂ ਤੱਕ ਪਹੁੰਚ ਬਣਾ ਲਈ ਸੀ। ਸਰਕਾਰੇ-ਦਰਬਾਰੇ ਅਫ਼ਸਰਾਂ ਨਾਲ ਉਸ ਦਾ ਚੰਗਾ ਰਸੂਖ ਸੀ, ਜਿਸ ਕਰਕੇ ਉਹ ਸਰਕਾਰ ਦੀ ਸ਼ਹਿ ਤੇ ਮਨਮੱਤੀਆਂ ਤੇ ਕੁਰੀਤੀਆਂ ਕਰਦਾ ਸੀ। ਗੁਰਦੁਆਰੇ ਦੇ ਪ੍ਰਬੰਧ ਨੂੰ ਚੰਗੀ ਤਰ੍ਹਾਂ ਨਾ ਚਲਾਉਣ ਕਾਰਨ ਸੰਗਤਾਂ ਵਿਚ ਭਾਰੀ ਰੋਸ ਸੀ। ਸੰਗਤਾਂ ਨੇ ਪੰਥਕ ਲੀਡਰ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਸ. ਹੁਕਮ ਸਿੰਘ ਅਤੇ ਬਹੁਤ ਸਾਰੇ ਅਕਾਲੀ ਆਗੂਆਂ ਨੂੰ ਅਤੇ ਸਾਬਕਾ ਪ੍ਰਧਾਨ ਸੰਤਾ ਸਿੰਘ ਨੂੰ ਆਪਣੇ ਪ੍ਰਤੀਨਿਧ ਮੰਡਲ ਨਾਲ ਮਿਲ ਕੇ ਮਹੰਤ ਦੀਆਂ ਕਮਜ਼ੋਰੀਆਂ ਬਾਰੇ ਦੱਸਿਆ, ਪਰ ਇਹ ਮਹੰਤ ਵਿਰੁੱਧ ਐਕਸ਼ਨ ਨਾ ਲੈ ਸਕੇ।

ਜਦ ਮਨਮਤੀਆਂ ਦੀ ਚਰਚਾ ਚਰਚਾ ਆਮ ਹੋਣ ਲੱਗ ਪਈ, ਤਾਂ ਪਾਉਂਟਾ ਸਾਹਿਬ ਦੇ ਆਸ-ਪਾਸ ਦੇ ਪਿੰਡਾਂ ਦੀ ਸੰਗਤ ਇੱਕ ਵਿਸ਼ੇਸ਼ ਜੱਥਾ ਲੈ ਕੇ ਦੁਆਬੇ ਦੇ ਇਤਿਹਾਸਕ ਪਿੰਡ ਗੁਰਦੁਆਰਾ ਹਰੀਆਂ ਵੇਲਾਂ (ਹੁਸ਼ਿਆਰਪੁਰ) ਪਹੁੰਚਿਆ ਤੇ ਤਰੁਨਾ ਦਲ ਹਰੀਆਂ ਵੇਲਾਂ ਦੇ ਮੁਖੀ ਨਿਹੰਗ ਸਿੰਘ ਜਥੇਦਾਰ ਹਰਭਜਨ ਸਿੰਘ ਨੂੰ ਪ੍ਰਬੰਧ ਬਾਰੇ ਸਾਰੀ ਜਾਣਕਾਰੀ ਦਿੱਤੀ। ਗੁਰਦੁਆਰਾ ਸਾਹਿਬ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਬਾਬਾ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ। ਜਥੇਦਾਰ ਬਾਬਾ ਨਿਹਾਲ ਸਿੰਘ ਅਨੁਸਾਰ ਬਾਬਾ ਹਰਭਜਨ ਸਿੰਘ ਦੀ ਅਗਵਾਈ ਹੇਠ 10 ਮਾਰਚ 1964 ਨੂੰ ਜੈਕਾਰਿਆਂ ਦੀ ਗੂੰਜ ਵਿਚ ਸ਼ਸਤਰਧਾਰੀ ਨਿਹੰਗ ਸਿੰਘਾਂ ਦਾ ਦਲ ਪਾਉਂਟਾ ਸਾਹਿਬ ਪਹੁੰਚ ਗਿਆ, ਜਿਸ ਨੂੰ ਦੇਖ ਕੇ ਮਹੰਤ ਘਬਰਾ ਗਿਆ ਅਤੇ ਉਸ ਨੇ ਭਾੜੇ ਦੇ ਬਦਮਾਸ਼ ਆਪਣੇ ਪਾਸ ਬੁਲਾ ਲਏ ਅਤੇ ਪੁਲਿਸ ਦਾ ਪ੍ਰਬੰਧ ਆਪਣੀ ਪਹੁੰਚ ਨਾਲ ਕਰ ਲਿਆ। ਇਹ ਮਹੰਤ ਬਹੁਤ ਚਤੁਰ ਚਲਾਕ ਸੀ।

ਇਧਰ ਗੁਰੂ ਕੇ ਸਿੰਘਾਂ ਨੇ ਪੁਰਾਤਨ ਮਰਿਯਾਦਾ ਅਨੁਸਾਰ ਸੰਗਤਾਂ ਵੱਲੋਂ ਰਸਦਾਂ ਇਕੱਠੀਆਂ ਹੋਣ ਤੇ ਗੁਰੂ ਕਾ ਲੰਗਰ ਅਤੇ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਸ਼ਾਮ ਗੁਰਬਾਣੀ ਦੇ ਕੀਰਤਨ ਦਾ ਪ੍ਰਵਾਹ ਚਲਾ ਦਿੱਤਾ। ਦਲ ਦੇ ਆਉਣ ਕਾਰਨ ਸਾਰੇ ਪਾਸੇ ਭਾਰੀ ਰੌਣਕਾਂ ਲੱਗ ਗਈਆਂ। ਮਹੰਤ ਦੇ ਬੰਦਿਆਂ ਨੇ ਸਿੰਘਾਂ ਨਾਲ ਹੱਥੋਪਾਈ ਵੀ ਕੀਤੀ ਪਰ ਸਿੰਘਾਂ ਨੇ ਸਿਆਣਪ ਤੋਂ ਕੰਮ ਲਿਆ। ਬਾਬਾ ਜੀ ਨੇ ਪਾਉਂਟਾ ਸਾਹਿਬ ਦੀ ਪਵਿੱਤਰਤਾ ਲਈ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੀ ਲੜੀ ਆਰੰਭ ਦਿੱਤੀ। ਹਿਮਾਚਲ ਪ੍ਰਸ਼ਾਸਨ ਨੇ ਬਾਬਾ ਹਰਭਜਨ ਸਿੰਘ ਜੀ ਨੂੰ ਗੈਸਟ ਹਾਊਸ ਬੁਲਾ ਕੇ ਸਮਝੌਤੇ ਦੇ ਬਹਾਨੇ ਗ੍ਰਿਫਤਾਰ ਕਰ ਲਿਆ ਅਤੇ ਪੁਲਿਸ ਕਮਿਸ਼ਨਰ ਆਰ.ਕੇ. ਚੰਡੋਲ ਦੀ ਅਗਵਾਈ ਹੇਠ ਸਪੀਕਰ ਰਾਹੀਂ ਅਖੰਡ ਪਾਠ ਬੰਦ ਕਰਕੇ ਬਾਹਰ ਆਉਣ ਦੀ ਚਿਤਾਵਨੀ ਦਿੱਤੀ। ਪਰ ਕੋਈ ਬਾਹਰ ਨਾ ਆਇਆ। ਆਖਿਰ ਪੁਲਿਸ ਪੌੜੀਆਂ ਲਾ ਕੇ ਅੰਦਰ ਦਾਖਲ ਹੋ ਗਈ ਅਤੇ ਇਕਦਮ ਗੋਲੀਆਂ ਦੀ ਬੁਛਾੜ ਕਰ ਦਿੱਤੀ।


ਸਰਕਾਰ ਦੇ ਕਰਮਚਾਰੀਆਂ ਨੇ 22 ਮਈ, 1964 ਸ਼ੁਕਰਵਾਰ ਦੇ ਦਿਨ ਜੋ ਅੱਤਿਆਚਾਰ ਕੀਤਾ, ਉਹ ਸੁਣ ਕੇ ਸਮੁੱਚੇ ਪੰਥ ਦੀ ਰੂਹ ਤੜਫ ਉਠਦੀ ਹੈ। 22 ਮਈ ਦਾ ਇਹ ਸਾਕਾ ਸਰਕਾਰ ਦੇ ਮੱਥੇ ਉੱਪਰ ਨਾ ਮਿਟਾਏ ਜਾਣ ਵਾਲੇ ਕਲੰਕ ਵਾਂਗ ਲੱਗ ਗਿਆ ਹੈ। ਦਿਨ ਦਿਹਾੜੇ ਨਿਹੱਥੇ ਲੰਗਰ ਪਕਾਉਂਦੇ, ਸੇਵਾ ਕਰਦੇ, ਪਾਠ ਕਰਦੇ ਸਿੰਘਾਂ ਉੱਪਰ ਸ਼ਰ੍ਹੇਆਮ ਗੋਲੀ ਚਲਾਈ ਗਈ। ਗੁਰਦੁਆਰਾ ਸਾਹਿਬ ਦੇ ਅੰਦਰ ਦਰਵਾਜ਼ੇ ਤੋੜ ਕੇ, ਖਿੜਕੀਆਂ ਭੰਨ੍ਹ ਕੇ, ਬੂਟਾਂ ਸਮੇਤ ਜਾ ਕੇ ਅਖੰਡ ਪਾਠ ਕਰਦੇ ਸਿੰਘਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਇਸ ਤੋਂ ਵੀ ਨੀਚ ਕੰਮ ਉਸ ਸਮੇਂ ਕੀਤਾ ਗਿਆ, ਜਦੋਂ ਪਾਠ ਕਰਦੇ ਸਿੰਘ ਨੇ ਇਸ਼ਾਰੇ ਨਾਲ ਹੱਥ ਉੱਪਰ ਕਰਕੇ ਪਾਠ ਵਿਚ ਵਿਘਨ ਨਾ ਪਾਉਣ ਲਈ ਕਿਹਾ ਤਾਂ ਉਸ ਦੀ ਹਥੇਲੀ ਦਾ ਨਿਸ਼ਾਨਾ ਲਗਾ ਕੇ ਉਸ ਵਿਚ ਗੋਲੀ ਦਾਗ ਦਿੱਤੀ ਗਈ। ਜ਼ਖਮੀ ਹਾਲਤ ਵਿਚ ਉਸ ਨੇ ਪਾਠ ਜਾਰੀ ਰੱਖਿਆ ਤਾਂ ਉਸ ਉੱਤੇ ਹੋਰ ਗੋਲੀ ਦਾਗ ਦਿੱਤੀ, ਜੋ ਉਸ ਦੇ ਸੀਨੇ ਨੂੰ ਚੀਰ ਕੇ ਪਾਰ ਹੋ ਗਈ ਤੇ ਉਹ ਲਹੂ-ਲੁਹਾਨ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਦੇਹ ’ਤੇ ਡਿੱਗ ਪਿਆ।

ਕੋਲ ਖੜ੍ਹੇ ਸਿੰਘ ਬਾਬਾ ਨਿਹਾਲ ਸਿੰਘ ਜੀ, ਜੋ ਚੌਰ ਕਰ ਰਹੇ ਸਨ ਨੇ ਡਿੱਗਦੇ ਪਾਠੀ ਦੀ ਥਾਂ ਲੈਣੀ ਚਾਹੀ, ਤਾਂ ਕਿ ਅਖੰਡ ਪਾਠ ਖੰਡਿਤ ਨਾ ਹੋ ਸਕੇ ਤਾਂ ਉਸ ਨੂੰ ਵੀ ਥਾਂ ਉਤੇ ਹੀ ਗੋਲੀ ਮਾਰ ਦਿੱਤੀ ਗਈ, ਜਿਸ ਨਾਲ ਉਹ ਗੰਭੀਰ ਜ਼ਖਮੀ ਹੋ ਗਿਆ। ਉਸ ਮੌਕੇ ਗੁਰਦੁਆਰਾ ਸਾਹਿਬ ਅੰਦਰ ਸਿਰਫ 9 ਸਿੰਘ ਸਨ, ਜਿਨ੍ਹਾਂ ਵਿਚੋਂ 8 ਸ਼ਹੀਦ ਹੋ ਗਏ। ਸ਼ਹੀਦ ਸਿੰਘਾਂ ਦੀਆਂ ਦੇਹਾਂ ਨੂੰ ਟਰੱਕਾਂ ਵਿਚ ਸੁੱਟ ਕੇ ਜੰਗਲ ਵਿਚ ਲਿਜਾ ਕੇ ਸਸਕਾਰ ਕਰ ਦਿੱਤਾ ਗਿਆ। ਸਿਰਫ ਤਿੰਨ ਸਿੰਘਾਂ ਦੀਆਂ ਮ੍ਰਿਤਕ ਦੇਹਾਂ ਦਿੱਤੀਆਂ ਗਈਆਂ, ਜੋ ਬਾਹਰ ਸ਼ਹੀਦ ਕੀਤੇ ਗਏ ਸਨ। ਉਨ੍ਹਾਂ ਤਿੰਨਾਂ ਦਾ ਸਸਕਾਰ ਜਮਨਾ ਦੇ ਕਿਨਾਰੇ, ਪੂਰਨ ਮਰਿਯਾਦਾ ਅਨੁਸਾਰ 24 ਮਈ, 1964 ਨੂੰ ਕੀਤਾ ਗਿਆ। ਪੁਲਿਸ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ, ਇੱਕ ਗੁਰੂ ਗ੍ਰੰਥ ਸਾਹਿਬ ਜੀ ਤੇ ਇੱਕ ਦਸਮ ਗ੍ਰੰਥ ਸਾਹਿਬ ਦੀ ਬੀੜ ਤੇ ਰੁਮਾਲੇ ਨਾਲ ਲੈ ਗਈ। ਸਾਰਾ ਗੁਰਦੁਆਰਾ ਸਾਹਿਬ ਅੰਦਰੋਂ ਲਹੂ-ਲੁਹਾਨ ਹੋ ਗਿਆ ਸੀ, ਜੋ ਨਾਲ ਲੱਗਦੇ ਪਾਣੀ ਦੇ ਚੁਬੱਚੇ ਵਿਚ ਪੈ ਕੇ ਸਾਰਾ ਪਾਣੀ ਲਾਲੋ-ਲਾਲ ਹੋ ਗਿਆ ਸੀ। ਭਾਈ ਸਰਦਾਰਾ ਸਿੰਘ ਨੇ ਆਪ ਜਾ ਕੇ ਉਸ ਚੁਬੱਚੇ ਨੂੰ ਖੂਨ ਨਾਲ ਭਰਿਆ ਦੇਖਿਆ। ਗੁਰਦੁਆਰਾ ਸਾਹਿਬ ਦੀਆਂ ਚਾਰੇ ਦੀਵਾਰਾਂ ਗੋਲੀਆਂ ਨਾਲ ਛਲਣੀ-ਛਲਣੀ ਹੋ ਗਈਆਂ ਸਨ। ਦੀਵਾਰਾਂ ਤੋਂ ਗੋਲੀਆਂ ਦੇ ਨਿਸ਼ਾਨ ਕਰਮਚਾਰੀਆਂ ਨੇ ਸੀਮਿੰਟ ਨਾਲ ਮਿਟਾਉਣ ਤੇ ਭਰਨ ਦੀ ਵੀ ਕੋਸ਼ਿਸ਼ ਕੀਤੀ।

47 ਨਿਸ਼ਾਨ ਉਨ੍ਹਾਂ ਦੀ ਕੀਤੀ ਕਾਰੀਗਰੀ ਤੋਂ ਬਾਅਦ ਵੀ ਦਿਖਾਈ ਦੇ ਰਹੇ ਸਨ। ਇੱਕ ਸਿੰਘ ਨਗਾਰਾ ਵਜਾ ਕੇ ਇਸ ਹਮਲੇ ਦੀ ਸੂਚਨਾ ਬਾਹਰ ਪਹੁੰਚਾ ਰਿਹਾ ਸੀ, ਉਸ ਨੂੰ ਵੀ ਗੋਲੀਆਂ ਮਾਰ ਕੇ ਉਥੇ ਹੀ ਖਤਮ ਕਰ ਦਿੱਤਾ ਗਿਆ। ਨਗਾਰੇ ਲਾਗੇ ਗੋਲੀਆਂ ਦੇ ਨਿਸ਼ਾਨ ਇਸ ਗੱਲ ਦੀ ਗਵਾਹੀ ਦੇ ਰਹੇ ਸਨ। ਦਰੀਆਂ, ਚਾਦਰਾਂ ਜਿਨ੍ਹਾਂ ਉੱਪਰ ਖੂਨ ਡੁੱਲ੍ਹਾ ਹੋਇਆ ਸੀ, ਪੁਲਿਸ ਨਾਲ ਲੈ ਗਈ, ਪਰ ਜਿਸ ਕੱਪੜੇ ਨਾਲ ਖੂਨ ਦੇ ਧੱਬੇ ਫਰਸ਼ ਤੋਂ ਸਾਫ ਕੀਤੇ ਗਏ ਸਨ, ਉਹ ਉਥੇ ਹੀ ਛੱਡ ਗਏ, ਜੋ ਖੂਨੀ ਦਾਸਤਾਨ ਦੀ ਕਹਾਣੀ ਸੁਣਾ ਰਿਹਾ ਸੀ। ਇਸ ਮੌਕੇ ’ਤੇ ਅੱਠ ਨਿਹੰਗ 1. ਸ. ਪ੍ਰੀਤਮ ਸਿੰਘ ਫਤਹਿ ਪੁਰ ਕੋਠੀ ਹੁਸ਼ਿਆਰਪੁਰ, 2. ਸ. ਮੰਗਲ ਸਿੰਘ ਬਜਰੋਰ ਹੁਸ਼ਿਆਰਪੁਰ, 3. ਸ. ਹਰਭਜਨ ਸਿੰਘ ਟੌਹੜਾ ਹੁਸ਼ਿਆਰਪੁਰ, 4. ਸ. ਧੰਨਾ ਸਿੰਘ ਭਦੋੜ ਸੰਗਰੂਰ, 5. ਸ. ਸੰਤੋਖ ਸਿੰਘ ਅੰਮ੍ਰਿਤਸਰ 6. ਸ. ਲਾਭ ਸਿੰਘ ਫਿਰੋਜ਼ਪੁਰ, 7. ਸ. ਦਲੀਪ ਸਿੰਘ ਕਾਂਗੜਾ, 8. ਸ. ਉਦੈ ਸਿੰਘ ਮਤੇਵਾਲ, ਅੰਮ੍ਰਿਤਸਰ ਤੇ ਤਿੰਨ ਯਾਤਰੀ : 1. ਨਾਮਧਾਰੀ ਸਿੰਘ, 2. ਬਾਬਾ ਸੂਬੇਦਾਰ ਜੀ, 3. ਇਕ ਹੋਰ ਯਾਤਰੀ ਸ਼ਹੀਦੀ ਪ੍ਰਾਪਤ ਕਰ ਗਏ। ਸ਼ਹੀਦੀ ਪ੍ਰਾਪਤ ਕਰਨ ਵਾਲੇ ਸਿੰਘ ਤਰੁਨਾ ਦਲ ਹਰੀਆਂ ਵੇਲਾਂ ਦੇ ਨਿਹੰਗ ਸਿੰਘ ਸਨ, ਜਿਨ੍ਹਾਂ ਦੀ ਅਗਵਾਈ ਮੁੱਖ ਜਥੇਦਾਰ ਬਾਬਾ ਹਰਭਜਨ ਸਿੰਘ ਜੀ ਕਰ ਰਹੇ ਸਨ। ਉਸ ਮੌਕੇ ’ਤੇ ਸਖ਼ਤ ਜ਼ਖਮੀ ਹੋਏ ਬਾਬਾ ਨਿਹਾਲ ਸਿੰਘ ਜੀ ਜੋ ਅੱਜਕੱਲ੍ਹ ਤਰੁਨਾ ਦਲ ਹਰੀਆਂ ਬੇਲਾਂ ਦੇ ਮੁੱਖ ਜਥੇਦਾਰ ਹਨ। ਇਸ ਤਰ੍ਹਾਂ ਬਾਕੀ ਗੁਰਦੁਆਰਿਆਂ ਵਾਂਗ ਇਸ ਨੂੰ ਵੀ ਮਹੰਤਾਂ ਦੇ ਕਬਜ਼ੇ ਤੋਂ ਛੁਡਾ ਲਿਆ ਗਿਆ।

# ਦਿਵਿਆਂਗਾਂ ਲਈ ਵੋਟ ਦੇ ਅਧਿਕਾਰ ਦੀ ਮਹੱਤਤਾ

ਪੂਜਾ ਸ਼ਰਮਾ
ਸਟੇਟ ਅਵਾਰਡੀ ਅੰਗਰੇਜ਼ੀ ਲੈਕਚਰਾਰ
ਸਕੂਲ ਆਫ ਐਮੀਨੈਂਸ ਨਵਾਂ ਸ਼ਹਿਰ
ਪੰਜਾਬ ਮੇਲ USA



ਭਾਰਤ ਇੱਕ ਲੋਕਤਾਂਤਰਿਕ ਦੇਸ਼ ਹੈ। ਸੰਵਿਧਾਨ ਦੀ ਪ੍ਰਸਤਾਵਨਾ ਵਿਚ ਭਾਰਤ ਨੂੰ ਸੰਪੂਰਨ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰੀ ਗਣਰਾਜ ਘੋਸ਼ਿਤ ਕੀਤਾ ਗਿਆ ਹੈ। ਸੰਵਿਧਾਨ ਮੁਤਾਬਕ ਲੋਕਤੰਤਰ ਦਾ ਮੁੱਖ ਉਦੇਸ਼ ਭਾਰਤ ਦੇ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਤੇ ਰਾਜਨੀਤਿਕ ਨਿਆਂ ਦੁਆਉਣਾ ਹੈ। ਸਰਲ ਸ਼ਬਦਾਂ ਵਿਚ ਲੋਕਤੰਤਰ ਦਾ ਅਰਥ ਲੋਕਾਂ ਰਾਹੀਂ, ਲੋਕਾਂ ਲਈ ਅਤੇ ਲੋਕਾਂ ਦੀ ਸਰਕਾਰ ਹੈ। ਲੋਕਤੰਤਰ ਨੂੰ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਚੋਣਾਂ ਦੀ ਵਿਵਸਥਾ ਕੀਤੀ ਜਾਂਦੀ ਹੈ ਅਤੇ ਬਾਲਗ ਵੋਟ ਅਧਿਕਾਰ ਦੀ ਵਰਤੋਂ ਕੀਤੀ ਜਾਂਦੀ ਹੈ। ਸੰਵਿਧਾਨ ਅਨੁਸਾਰ ਰਾਜ ਵਿਚ ਰਹਿਣ ਵਾਲੇ ਸਾਰੇ ਬਾਲਗਾਂ ਨੂੰ ਰੰਗ, ਲਿੰਗ, ਜਾਤੀ, ਧਰਮ, ਵੰਸ਼, ਸਿੱਖਿਆ ਆਦਿ ਦੇ ਭੇਦਭਾਵ ਤੋਂ ਬਿਨਾਂ ਵੋਟ ਦੇਣ ਦਾ ਅਧਿਕਾਰ ਦਿੱਤਾ ਗਿਆ ਹੈ। ਭਾਰਤ ਦੀਆਂ ਪਹਿਲੀਆਂ ਚੋਣਾਂ 21 ਅਕਤੂਬਰ 1951 ਵਿਚ ਕਰਵਾਈਆਂ ਗਈਆਂ, ਜਿਸ ਵਿਚ ਵੋਟ ਦੇਣ ਦਾ ਅਧਿਕਾਰ 21 ਸਾਲ ਜਾਂ ਉਸ ਤੋਂ ਉੱਪਰ ਦੇ ਵਿਅਕਤੀ ਨੂੰ ਸੀ। 61ਵੇਂ ਸੰਸ਼ੋਧਨ ਐਕਟ 1988 ਨੂੰ ਵੋਟ ਦੇਣ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿੱਤੀ ਗਈ ਸੀ। ਭਾਰਤ ਵਿਚ ਹਰ ਸਾਲ 25 ਜਨਵਰੀ ਨੂੰ ਰਾਸ਼ਟਰੀ ਵੋਟਰ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਹ ਦਿਨ ਮਨਾਉਣ ਦਾ ਮੁੱਖ ਉਦੇਸ਼ ਇਹ ਹੈ ਕਿ ਸਾਡੇ ਦੇਸ਼ ਦਾ ਹਰ ਨਾਗਰਿਕ ਇਹ ਸਮਝੇ ਕਿ ਉਸ ਦਾ ਵੋਟ ਬਹੁਤ ਕੀਮਤੀ ਹੈ ਅਤੇ ਇਹ ਉਸਦਾ ਫਰਜ਼ ਬਣਦਾ ਹੈ ਕਿ ਉਹ ਖੇਤਰ, ਭਾਸ਼ਾ, ਜਾਤ, ਸੰਪਰਦਾਇ ਅਤੇ ਧਰਮ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਬਿਨਾਂ ਕਿਸੇ ਡਰ ਤੋਂ ਸੂਝਬੂਝ ਨਾਲ ਆਪਣਾ ਕੀਮਤੀ ਵੋਟ ਦਾ ਇਸਤੇਮਾਲ ਕਰੇ ਅਤੇ ਚੰਗੇ ਪ੍ਰਤੀਨਿਧੀ ਦੀ ਚੋਣ ਕਰੇ।

ਦਿਵਿਆਂਗ ਵਿਅਕਤੀਆਂ ਦੇ ਅਧਿਕਾਰ ਐਕਟ 2016 ਦੇ ਅਨੁਛੇਦ 11 ਅਨੁਸਾਰ "ਭਾਰਤੀ ਚੋਣ ਕਮਿਸ਼ਨ ਅਤੇ ਰਾਜ ਚੋਣ ਕਮਿਸ਼ਨ ਯਕੀਨੀ ਬਣਾਉਣਗੇ ਕਿ ਸਾਰੇ ਪੋਲਿੰਗ ਸਟੇਸ਼ਨ ਦੇ ਦਿਵਿਆਂਗ ਵਿਅਕਤੀਆਂ ਦੀ ਪਹੁੰਚ ਵਿਚ ਹਨ ਅਤੇ ਚੋਣ ਪ੍ਰਕਿਰਿਆ ਨਾਲ ਸੰਬੰਧਿਤ ਸਾਰੀ ਸਮੱਗਰੀ ਆਸਾਨੀ ਨਾਲ ਉਨ੍ਹਾਂ ਦੀ ਸਮਝ ਅਤੇ ਪਹੁੰਚ ਵਿਚ ਹੈ।"





ਦਿਵਿਆਂਗ ਵਿਅਕਤੀਆਂ ਦੀ ਵਧੇਰੇ ਭਾਗੀਦਾਰੀ ਦੇ ਰਾਹ ਵਿਚ ਬਹੁਤ ਸਮੱਸਿਆਵਾਂ ਆਉਂਦੀਆਂ ਹਨ। ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਮਾਨਸਿਕ ਤੌਰ 'ਤੇ ਅਵਿਕਸਿਤ ਵਿਅਕਤੀਆਂ ਦੀ ਵੋਟਰ ਦੇ ਤੌਰ 'ਤੇ ਰਜਿਸਟਰੇਸ਼ਨ। ਅਜਿਹੇ ਵੋਟਰਾਂ ਦੀ ਰਜਿਸਟਰੇਸ਼ਨ ਵੀ ਹੋਵੇ ਅਤੇ ਉਨ੍ਹਾਂ ਦੀ ਵੋਟ ਪਾਉਣ ਦਾ ਅਧਿਕਾਰ ਵੀ ਉਨ੍ਹਾਂ ਦੇ ਮਾਪਿਆਂ ਜਾਂ ਪਰਿਵਾਰਿਕ ਮੈਂਬਰ ਨੂੰ ਮਿਲੇ, ਜਿਹੜੇ ਉਨ੍ਹਾਂ ਦੀ ਦੇਖਭਾਲ ਕਰਦੇ ਹਨ। ਅਗਲੀ ਸਮੱਸਿਆ ਵੋਟਰਾਂ ਦੀ ਆਪਣੇ ਹੱਕਾਂ ਪ੍ਰਤੀ ਜਾਗਰੂਕਤਾ ਦੀ ਕਮੀ ਹੈ। ਪੋਲਿੰਗ ਸਟੇਸ਼ਨਾਂ ਤੱਕ ਦਿਵਿਆਂਗ ਵਿਅਕਤੀਆਂ ਦੀ ਪਹੁੰਚ ਬਹੁਤ ਮੁਸ਼ਕਿਲ ਹੁੰਦੀ ਹੈ। ਜ਼ਿਆਦਾਤਰ ਦਿਵਿਆਂਗ ਪੋਲਿੰਗ ਸਟੇਸ਼ਨ ਤੱਕ ਪਹੁੰਚਣ ਵਿਚ ਅਸਮਰਥ ਮਹਿਸੂਸ ਕਰਦੇ ਹਨ। ਪੋਲਿੰਗ ਸਟਾਫ ਦਾ ਵਿਵਹਾਰ ਜਾਂ ਸਹਾਇਤਾ ਤੋਂ ਗੁਰੇਜ਼ ਦਿਵਿਆਂਗ ਵਿਅਕਤੀਆਂ ਨੂੰ ਵੋਟ ਪਾਉਣ ਤੋਂ ਰੋਕਦਾ ਹੈ।

ਦਿਵਿਆਂਗ ਵਿਅਕਤੀਆਂ ਦੀ ਸ਼ਮੂਲੀਅਤ ਨੂੰ ਵਧਾਉਣ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਣੇ ਚਾਹੀਦੇ ਹਨ, ਜਿਸ ਵਿਚ ਉਨ੍ਹਾਂ ਨੂੰ ਚੋਣ ਪ੍ਰਣਾਲੀ ਵਿਚ ਸ਼ਾਮਿਲ ਹੋਣ ਲਈ ਉਤਸਾਹਿਤ ਕੀਤਾ ਜਾਣਾ ਚਾਹੀਦਾ ਹੈ। ਉਸ ਤੋਂ ਬਾਅਦ ਉਨ੍ਹਾਂ ਨੂੰ ਸਭ ਤੋਂ ਨੇੜੇ ਪੋਲਿੰਗ ਸਟੇਸ਼ਨ 'ਤੇ ਵੋਟ ਦੇਣ ਦੀ ਵਿਵਸਥਾ ਹੋਣੀ ਚਾਹੀਦੀ ਹੈ। ਦਿਵਿਆਂਗ ਵਿਅਕਤੀਆਂ ਲਈ ਅਲੱਗ ਤੋਂ ਸੁਵਿਧਾ ਪ੍ਰਦਾਨ ਕੀਤੀ ਜਾਵੇ, ਤਾਂ ਜੋ ਉਸ ਦੀ ਪਹੁੰਚ ਪੋਲਿੰਗ ਬੂਥਾਂ ਤੱਕ ਬਿਨਾਂ ਕਿਸੇ ਪਰੇਸ਼ਾਨੀ ਤੋਂ ਹੋਵੇ। ਜਿਸ ਵੀ ਪੋਲਿੰਗ ਬੂਥ ਲਈ ਕੋਈ ਅਪਾਹਜ ਰਜਿਸਟਰ ਕੀਤਾ ਗਿਆ ਹੋਵੇ, ਉਥੇ ਉਸ ਲਈ ਉਸ ਦੀ ਲੋੜ ਅਨੁਸਾਰ ਸਾਰੀਆਂ ਸੁਵਿਧਾਵਾਂ ਉਪਲਬਧ ਕਰਵਾਉਣੀਆਂ ਬਣਦੀਆਂ ਹਨ, ਜਿਵੇਂ ਕਿ ਰੈਂਪ, ਮੇਜ ਦੀ ਉਚਾਈ, ਰੌਸ਼ਨੀ ਦੀ ਪੂਰੀ ਵਿਵਸਥਾ, ਵੋਟ 'ਤੇ ਬਰੇਲ ਲਿਪੀ ਦੀ ਵਿਵਸਥਾ, ਵਿਸ਼ੇਸ਼ ਟਾਇਲਟ ਦਾ ਪ੍ਰਬੰਧ, ਵਲੰਟੀਅਰਾਂ ਦੀ ਨਿਯੁਕਤੀ ਅਤੇ ਵ੍ਹੀਲ ਚੇਅਰ ਮੁੱਢਲੀ ਮੈਡੀਕਲ। ਭਾਰਤੀ ਚੋਣ ਕਮਿਸ਼ਨ ਨੇ ਦਿਵਿਆਂਗਾਂ ਅਤੇ ਬਜ਼ੁਰਗ ਵਿਅਕਤੀਆਂ ਲਈ ਘਰ ਬੈਠੇ ਵੋਟ ਪਾਉਣ ਦੀ ਸੁਵਿਧਾ ਮੁਹੱਈਆ ਕਰਵਾਈ ਹੈ। ਜੋ ਵਿਅਕਤੀ 85 ਸਾਲ ਦੀ ਉਮਰ ਤੋਂ ਵੱਧ ਦੇ ਹਨ ਅਤੇ ਜਿਨ੍ਹਾਂ ਦੀ ਦਿਵਿਆਂਗਤਾ 40 ਫੀਸਦੀ ਤੋਂ ਜ਼ਿਆਦਾ ਹੈ, ਉਹ ਫਾਰਮ ਨੰਬਰ 12-ਡੀ ਭਰ ਕੇ ਆਪਣੇ ਬੀ.ਐੱਲ.ਓ. ਨੂੰ ਜਮਾ ਕਰਾ ਸਕਦੇ ਹਨ, ਤਾਂ ਜੋ ਉਨ੍ਹਾਂ ਦੇ ਵੋਟ ਦੇਣ ਦੀ ਵਿਵਸਥਾ ਸਮੇਂ ਸਿਰ ਕੀਤੀ ਜਾ ਸਕੇ। ਇਹ ਭਾਰਤੀ ਚੋਣ ਕਮਿਸ਼ਨ ਦਾ ਬਹੁਤ ਹੀ ਵਧੀਆ ਉਪਰਾਲਾ ਹੈ। ਇਸ ਤੋਂ ਪਹਿਲਾਂ ਵੀ ਸੰਨ 2009 ਤੋਂ ਸਵੀਪ ਪ੍ਰੋਗਰਾਮ ਤਹਿਤ ਵੋਟਰਾਂ ਨੂੰ ਵੋਟ ਪਾਉਣ ਲਈ ਜਾਗਰੂਕ ਕਰਨ ਸਬੰਧੀ ਪ੍ਰੋਗਰਾਮ ਉਲੀਕੇ ਜਾਂਦੇ ਰਹੇ ਹਨ।

ਅੰਤ ਵਿਚ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਹਰ ਇੱਕ ਵੋਟਰ ਨੂੰ ਬਹੁਤ ਹੀ ਜਾਗਰੂਕ ਹੋ ਕੇ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ। ਦਿਵਿਆਂਗ ਵਿਅਕਤੀ ਨੂੰ ਹੋਰ ਵੀ ਸੁਚੇਤ ਰਹਿਣ ਦੀ ਲੋੜ ਹੈ ਕਿਉਂਕਿ ਇਹ ਉਸਦਾ ਵੀ ਮੌਲਿਕ ਅਧਿਕਾਰ ਹੈ। ਇਸ ਨਾਲ ਉਸਦੇ ਮਨ ਵਿਚ ਆਤਮ ਵਿਸ਼ਵਾਸ, ਬਰਾਬਰਤਾ ਅਤੇ ਸਰਕਾਰ ਬਣਾਉਣ ਵਿਚ ਯੋਗਦਾਨ ਦੀ ਭਾਵਨਾ ਪੈਦਾ ਹੋਵੇਗੀ। ਪਰਿਵਾਰਿਕ ਪੱਧਰ 'ਤੇ ਦਿਵਿਆਂਗ ਵਿਅਕਤੀ ਦੇ ਪਰਿਵਾਰ ਦੇ ਮੈਂਬਰਾਂ ਦਾ ਫਰਜ਼ ਹੈ ਕਿ ਉਸ ਨੂੰ ਵੋਟ ਪਾਉਣ ਲਈ ਉਤਸਾਹਿਤ ਕਰਨ ਅਤੇ ਸਹਿਯੋਗ ਦੇਣ। ਚੋਣ ਕਮਿਸ਼ਨ ਦਾ ਵੀ ਫਰਜ਼ ਹੈ ਕਿ ਉਹ ਦਿਵਿਆਂਗ ਵਿਅਕਤੀਆਂ ਨੂੰ ਹਰ ਤਰ੍ਹਾਂ ਦੀ ਮਦਦ ਪ੍ਰਦਾਨ ਕਰੇ, ਤਾਂ ਜੋ ਉਹ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਤੇ ਨਿਰਪੱਖ ਹੋ ਕੇ ਸਮਾਜ ਭਲਾਈ ਹਿੱਤ ਪ੍ਰਤੀਨਿਧੀ ਦੇ ਚੋਣ ਵਿਚ ਜ਼ਿੰਮੇਦਾਰ ਹਿੱਸੇਦਾਰ ਬਣਨ। ਆਓ ਅਸੀਂ ਸਾਰੇ ਮਿਲ ਕੇ ਇਸ ਚੋਣ ਉਤਸਵ ਦਾ ਹਿੱਸਾ ਬਣੀਏ ਤੇ ਆਪਣੇ ਦੇਸ਼ ਨੂੰ ਨਵੀਆਂ ਉਚਾਈਆਂ ਵੱਲ ਲੈ ਕੇ ਜਾਈਏ।

# ਸਿੱਖੀ ਸਿੱਖਿਆ ਗੁਰ ਵੀਚਾਰਿ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



ਉਪਰੋਕਤ ਮਹਾਂਵਾਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਹੋਇਆ ਹੈ। ਇਸ ਮਹਾਂਵਾਕ ਦੇ ਸ਼ਬਦੀ ਅਰਥ ਹਨ ਕਿ ਸਿੱਖਣਾ, ਭਾਵ ਸਿੱਖ ਉਹ ਹੈ, ਜਿਹੜਾ ਸਿੱਖਿਆਰਥੀ ਹੈ। ਸਿੱਖਦੇ ਰਹਿਣਾ ਹੀ ਸਿੱਖੀ ਜੀਵਨ ਹੈ, ਪਰ ਅਫਸੋਸ ਦੀ ਗੱਲ ਹੈ ਕਿ ਸਿੱਖ ਧਰਮ ਦੀ ਸਥਾਪਤੀ ਨੂੰ ਸਦੀਆਂ ਹੀ ਬੀਤ ਗਈਆਂ, ਅਜੇ ਇਸ ਵਿਸ਼ੇ ਬਾਰੇ ਛਿੱਕੂ ਵਿਚੋਂ ਇਕ ਪੂਣੀ ਵੀ ਨਹੀਂ ਕੱਤੀ। ਜਿਸ ਦਾ ਸਿੱਟਾ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਵੇਲੇ ਦੇ ਸਮਾਜ ਤੇ ਵਰਤਮਾਨ ਸਮਾਜ ਵਿਚ ਕੋਈ ਅੰਤਰ ਨਹੀਂ ਆਇਆ। ਕਿਉਂਕਿ ਅਸੀਂ ਧਰਮ ਨੂੰ ਅੱਜ ਤੱਕ ਸਮਝ ਹੀ ਨਹੀਂ ਸਕੇ। ਅਸੀਂ ਗੁਰਬਾਣੀ ਪੜ੍ਹਦੇ ਹਾਂ, ਗੁਰੂ ਘਰ ਵੀ ਜਾਂਦੇ ਹਾਂ, ਕੀਰਤਨ ਤੇ ਕਥਾ ਵੀ ਸੁਣਦੇ ਹਾਂ, ਪਰ ਸਿੱਖਦੇ ਕੁਝ ਵੀ ਨਹੀਂ। ਭਾਵ ਗੁਰਬਾਣੀ ਮਨੁੱਖ ਨੂੰ ਸਿੱਖਿਆ ਕੀ ਦਿੰਦੀ ਹੈ। ਮਨੁੱਖ ਨੇ ਕਰਨਾ ਕੀ ਹੈ ਅਤੇ ਮਨੁੱਖ ਕਰ ਕੀ ਰਿਹਾ ਹੈ। ਇਹ ਦਸ਼ਾ ਇਕ ਸਾਧਾਰਨ ਸਿੱਖ ਦੀ ਹੀ ਨਹੀਂ, ਸਗੋਂ ਸਾਡੇ ਪ੍ਰਚਾਰਕਾਂ, ਧਾਰਮਿਕ ਆਗੂਆਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਦੀ ਵੀ ਇਹੋ ਦਸ਼ਾ ਹੈ।

ਕੇਸ ਦਾੜ੍ਹੀ ਰੱਖਣ ਅਤੇ ਅੰਮ੍ਰਿਤ ਛਕਣ ਨਾਲ ਕੋਈ ਮਨੁੱਖ ਧਰਮੀ ਨਹੀਂ ਬਣ ਜਾਂਦਾ, ਪਰ ਅਸੀਂ ਇਸ ਨੂੰ ਹੀ ਧਰਮ ਸਮਝਿਆ। ਇਹ ਤਾਂ ਸਿੱਖੀ ਸਰੂਪ ਹੈ ਅਤੇ ਜਿੰਨੀ ਦੇਰ ਸਿੱਖੀ ਕਿਰਦਾਰ ਦਾ ਮਨੁੱਖ ਨਹੀਂ ਬਣ ਸਕਦਾ ਹੈ। ਤੁਸੀਂ ਕੀ ਹੋ? ਤੁਹਾਡੇ ਪਾਸ ਕੀ ਹੈ? ਇਹ ਜੀਵਨ ਦੇ ਦੋ ਪਹਿਲੂ ਹਨ। ਅਸੀਂ ਜਾਇਦਾਦ ਬਣਾਉਣ, ਡਾਕਟਰ ਬਣਨ, ਅਧਿਆਪਕ ਬਣਨ ਦਾ ਯਤਨ ਕਰਦੇ ਹਾਂ ਅਤੇ ਬੱਚਿਆਂ ਨੂੰ ਇਸ ਦੀ ਸਿੱਖਿਆ ਦਿੰਦੇ ਹਾਂ, ਪਰ ਅਸੀਂ ਇਹ ਕਦੀਂ ਨਹੀਂ ਸੋਚਿਆ ਕਿ ਅਸੀਂ ਚੰਗੇ ਮਨੁੱਖ ਵੀ ਬਣਨਾ ਹੈ। ਇਕ ਚੰਗਾ ਡਾਕਟਰ ਬਣਨਾ, ਇਕ ਚੰਗਾ ਲੇਖਕ ਬਣਨਾ, ਇਕ ਚੰਗਾ ਅਧਿਆਪਕ ਬਣਨਾ ਵੱਖਰੀ ਗੱਲ ਹੈ ਅਤੇ ਇਕ ਚੰਗਾ ਮਨੁੱਖ ਬਣਨਾ ਦੂਜੀ ਗੱਲ ਹੈ। ਅੱਜ ਸਮਾਜ ਦੀ ਧਾਰਮਿਕ, ਰਾਜਨੀਤਿਕ, ਵਿਦਿਅਕ, ਸੱਭਿਆਚਾਰ, ਮਨੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਭੁੱਲਦੇ ਜਾ ਰਹੇ ਹਾਂ। ਅੱਜ ਦਾ ਮਨੁੱਖ ਏਨਾ ਪਦਾਰਥਵਾਦੀ ਹੋ ਗਿਆ ਹੈ ਕਿ ਉਸ ਨੂੰ ਪੈਸੇ ਬਿਨਾਂ ਕੁਝ ਵੀ ਹੋਰ ਨਜ਼ਰ ਨਹੀਂ ਆਉਂਦਾ। ਅੱਜ ਅਸੀਂ ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਨੂੰ ਭੁੱਲ ਗਏ ਹਾਂ। ਕਦੀ ਸਮਾਂ ਹੁੰਦਾ ਸੀ ਕਿ ਪਰਿਵਾਰਕ ਰਿਸ਼ਤਿਆਂ ਵਿਚ ਕਿੰਨਾ ਨਿੱਘ ਹੁੰਦਾ ਸੀ, ਭਾਵ ਚਾਚਾ, ਤਾਇਆ, ਮਾਮਾ, ਫੁੱਫੜ ਆਦਿ ਸ਼ਬਦ ਮਨੁੱਖੀ ਮਨ ਨੂੰ ਕਿੰਨਾ ਸਕੂਨ ਦਿੰਦੇ ਸੀ। ਪਰ ਅੱਜਕੱਲ੍ਹ ਆਂਟੀ ਤੇ ਅੰਕਲ ਹੀ ਰਹਿ ਗਿਆ ਹੈ। ਅਸੀਂ ਲੇਖ ਦਾ ਆਰੰਭ ਸਿੱਖਣ ਤੋਂ ਕੀਤਾ ਸੀ। ਸਿੱਖ ਧਰਮ ਦਾ ਆਰੰਭ ਵੀ ਸਿੱਖਣ ਤੋਂ ਹੀ ਹੋਇਆ ਸੀ। ਉਸ ਵੇਲੇ ਸਮਾਜ ਵਿਚ ਬਹੁਤ ਊਣਤਾਈਆਂ ਸਨ, ਭਾਵ ਮਨੁੱਖ, ਮਨੁੱਖ ਨੂੰ ਮਨੁੱਖ ਨਹੀਂ ਸਮਝਦਾ ਸੀ। ਊਚ-ਨੀਚ, ਜਾਤਾਂ-ਪਾਤਾਂ, ਅਮੀਰੀ-ਗਰੀਬੀ ਦਾ ਬੋਲਬਾਲਾ ਸੀ। ਰਾਜੇ ਹੀ ਆਪਣੀ ਪਰਜਾ ਉੱਤੇ ਅਕਹਿ ਅਤੇ ਅਸਹਿ ਜ਼ੁਲਮ ਕਰਦੇ ਸਨ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਰਾਜੇ ਸ਼ੀਂਹ ਮੁਕੱਦਮ ਕੁੱਤੇ॥"

ਧਰਮ ਦਾ ਵੀ ਇਹੋ ਹਾਲ ਸੀ। ਇਸਤਰੀ ਜਾਤੀ ਦੀ ਦਸ਼ਾ ਵੀ ਬਿਆਨ ਤੋਂ ਬਾਹਰ ਸੀ, ਜਿਸ ਕਰਕੇ ਗੁਰੂ ਜੀ ਨੇ ਫੁਰਮਾਇਆ ਸੀ:

"ਸੋ ਕਿਉਂ ਮੰਦਾ ਆਖੀਐ, ਜਿਤ ਜੰਮਹਿ ਰਜਾਨ॥"

ਗੁਰਬਾਣੀ ਪੜ੍ਹਨਾ, ਸਿਮਰਨ ਕਰਨਾ ਅਤੇ ਅੰਮ੍ਰਿਤ ਛਕਣਾ, ਇਹ ਚੰਗੇ ਮਨੁੱਖ ਬਣਨ ਦੇ ਸਾਧਨ ਹਨ, ਨਾ ਕਿ ਮਨੋਰਥ। ਸਿੱਖ ਧਰਮ ਅਤੇ ਗੁਰਬਾਣੀ ਮਨੁੱਖ ਨੂੰ ਪੂਰਨ ਮਨੁੱਖ ਬਣਨ ਦੀ ਸਿੱਖਿਆ ਦਿੰਦੀ ਹੈ। ਸਿੱਖ ਧਰਮ ਤੋਂ ਪਹਿਲੇ ਵੀ ਧਰਮ ਤਾਂ ਸਨ ਪਰ ਉਹ ਮਨੁੱਖਤਾ 'ਤੇ ਪੂਰੇ ਨਹੀਂ ਉਤਰਦੇ ਸਨ, ਜਿਵੇਂ ਨਿਰਧਨਾਂ ਨੂੰ ਤਾਂ ਮੰਦਰਾਂ ਵਿਚ ਜਾਣ ਦੀ ਵੀ ਆਗਿਆ ਨਹੀਂ ਸੀ ਅਤੇ ਅਮੀਰ ਗਰੀਬਾਂ 'ਤੇ ਜ਼ੁਲਮ ਕਰਦੇ ਸਨ। ਗੁਰੂ ਜੀ ਨੇ ਸਿੱਖ ਧਰਮ ਦੀ ਸਥਾਪਨਾ ਹੀ ਇਸ ਲਈ ਕੀਤੀ ਸੀ ਕਿ ਮਨੁੱਖ ਪੂਰਨ ਮਨੁੱਖ ਬਣੇ ਅਤੇ ਸੇਵਾ ਸਿਮਰਨ ਦਾ ਧਾਰਨੀ ਬਣੇ। ਗੁਰੂ ਜੀ ਨੇ ਮਨੁੱਖ ਨੂੰ ਚੰਗਾ ਮਨੁੱਖ ਬਣਕੇ ਸ਼ੁੱਭ ਕੰਮ ਕਰਨ 'ਤੇ ਜ਼ੋਰ ਦਿਤਾ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤ ਕਿਸੇ ਪੁੱਛਣੀ ਨਹੀਂ।" ਜਦੋਂ ਗੁਰੂ ਜੀ ਨੂੰ ਪੁੱਛਿਆ ਗਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ, "ਸ਼ੁੱਭ ਅਮਲਾਂ ਬਾਝੋਂ ਦੋਨੋ ਰੋਇ॥"

ਸੋ ਅੰਤ ਵਿਚ ਜਦੋਂ ਤੱਕ ਮਨੁੱਖ ਦੇ ਸੁਭਾਅ ਵਿਚ ਬੇਨੇਮੀ ਤੇ ਵਹਿਸ਼ੀਪੁਣੇ ਦੀ ਲਕੀਰ ਮਿੱਟ ਨਹੀਂ ਜਾਂਦੀ, ਭਾਵ ਮਨੁੱਖ ਪੂਰਨ ਮਨੁੱਖ ਨਹੀਂ ਬਣ ਜਾਂਦਾ, ਤਾਂ ਸਮਾਜ ਦਾ ਸੁਧਾਰ ਨਹੀਂ ਹੋ ਸਕਦਾ। ਦੂਸਰੀ ਗੱਲ, ਜਦੋਂ ਤੱਕ ਅਸੀਂ ਗੁਰਬਾਣੀ ਦੇ ਅਨੁਸਰ ਭਾਵ ਗੁਰੂ ਜੀ ਦੀ ਸਿੱਖਿਆ, ਉਪਦੇਸ਼ਾਂ ਤੇ ਸਿਧਾਂਤਾਂ ਦੇ ਅਨੁਸਾਰ, ਆਪਣਾ ਜੀਵਨ ਨਹੀਂ ਗੁਜ਼ਾਰਦੇ, ਮਨੁੱਖ ਜੀਵਨ ਸੁੱਖਮਈ, ਸ਼ਾਂਤ, ਸੰਤੁਸ਼ਟ ਤੇ ਖੁਸ਼ਹਾਲ ਨਹੀਂ ਹੋ ਸਕਦਾ। ਤੀਜੀ ਗੱਲ, ਚੰਗੇ ਸਮਾਜ ਦੀ ਸਿਰਜਣਾ ਨਹੀਂ ਹੋ ਸਕਦੀ, ਜਦੋਂ ਤੱਕ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਭਾਵ ਧਾਰਮਿਕ ਆਗੂ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਅਤੇ ਅਧਿਆਪਕ ਚੰਗੇ, ਸੱਚੇ ਤੇ ਸੁੱਚੇ ਕਿਰਦਾਰ ਵਾਲੇ ਨਹੀਂ ਹੁੰਦੇ।

ਮਨੁੱਖ ਨੇ ਸਿੱਖਣਾ ਕੀ ਹੈ? ਸਾਰੀ ਉਮਰ ਮਨੁੱਖ ਸਿੱਖਦਾ ਹੈ, ਜਿਹੜਾ ਸਿੱਖਣਾ ਚਾਹੁੰਦਾ ਹੈ, ਕਿਉਂਕਿ ਗਿਆਨ ਕਦੀ ਵੀ ਸਮਾਪਤ ਨਹੀਂ ਹੁੰਦੀ।

ਮਨੁੱਖ ਘੱਟੋ-ਘੱਟ ਕਾਮ, ਕ੍ਰੋਧ, ਲੋਭ, ਅਹੰਕਾਰ ਤੇ ਈਰਖਾ ਦਾ ਤਿਆਗ ਕਰੇ ਅਤੇ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦਾ ਧਾਰਨੀ ਬਣੇ। ਕਿਸੇ ਦਾ ਬੁਰਾ ਨਾ ਕਰੋ। ਕਿਸੇ ਦਾ ਦਿਲ ਨਾ ਦੁਖਾਉ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ। ਜਿਵੇਂ ਗੁਰੂ ਜੀ ਫੁਰਮਾਉਂਦੇ ਹਨ "ਹੱਕ ਪਰਾਇਆ, ਨਾਨਕਾ ਉਸ ਸੂਅਰ ਉਸ ਗਾਇ॥" ਗਲਤ ਕੰਮ ਨਾ ਕਰੋ, ਜਿਵੇਂ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨਾ ਕੀਚੇ ਜਿਤ ਅੰਤ ਪਛੋਤਾਈਐ॥" ਗੁਰੂ ਜੀ ਨੇ ਸਿੱਖ ਧਰਮ ਵਿਚ ਨਿਮਰਤਾ ਨੂੰ ਬਹੁਤ ਮਹਾਨਤਾ ਦਿੱਤੀ ਹੈ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ॥" ਜੇ ਤੁਸੀਂ ਬੰਦੇ ਨਹੀਂ ਬਣ ਸਕਦੇ, ਤਾਂ ਪਸ਼ੂ ਵੀ ਨਾ ਬਣੋ, ਭਾਵ ਜੋ ਤੁਸੀਂ ਕਿਸੇ ਦਾ ਭਲਾ ਨਹੀਂ ਕਰ ਸਕਦੇ, ਤਾਂ ਬੁਰਾ ਵੀ ਨਾ ਕਰੋ। ਪਰਉਪਕਾਰੀ, ਕਲਿਆਣਕਾਰੀ ਅਤੇ ਮਾਨਵਵਾਦੀ ਬਣੋ। ਭੈੜੀ ਸੰਗਤ ਤੋਂ ਬਚੋ, ਕਿਉਂਕਿ ਜੈਸੀ ਸੰਗਤ ਵੈਸੀ ਰੰਗਤ।

ਸਿੱਖ ਕੌਮ ਜਾਂ ਸਿੱਖ ਭਾਈਚਾਰੇ ਲਈ ਸਭ ਤੋਂ ਜ਼ਰੂਰੀ ਗੱਲ ਸਿੱਖਣ ਵਾਲੀ ਇਹ ਹੈ ਕਿ ਕੌਮ ਨੂੰ ਏਕਤਾ ਦੀ ਲੋੜ ਹੈ। ਕੌਮ ਦੀ ਵਰਤਮਾਨ ਦਸ਼ਾ ਬਹੁਤ ਚਿੰਤਾ ਦਾ ਵਿਸ਼ਾ ਹੈ। ਪ੍ਰਾਪਤੀ ਕਿਸੇ ਵੀ ਪ੍ਰਕਾਰ ਦੀ ਹੋਵੇ, ਉਸ ਵਾਸਤੇ ਅਨੁਸ਼ਾਸਨ ਤੇ ਏਕਤਾ ਦੀ ਲੋੜ ਹੁੰਦੀ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:


"ਹੋਏ ਇਕਤ੍ਰ ਮਿਲਹੁ ਮੇਰੇ ਭਾਈ,
ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰ ਨਾਮੈ ਕੇ ਹੋਵਉ ਜੋੜੀ, ਗੁਰ ਮੁਖਿ
ਬੈਸਹੁ ਸਫਾ ਵਿਛਾਇ॥੧॥
ਜਬ ਲਗ ਦੁਨੀਆਂ ਰਹੀਏ, ਨਾਨਕ
ਕਿਛ ਸੁਣੀਐ, ਕਿਛੁ ਕਹੀਐ"॥

# 'ਦਿਲਾਂ ਦੀ ਜੂਹ'

-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA



## ਕਾਂਡ 11




ਅਗਲੇ ਦਿਨ ਦਸ ਹਜ਼ਾਰ ਰੁਪਈਆ ਜੇਬ ਵਿਚ ਪਾ ਗਿੰਦਰ ਸ਼ਹਿਰ ਦੇ ਬੱਸ ਅੱਡੇ ਪਹੁੰਚ ਗਿਆ।

ਉਨ੍ਹਾਂ ਅਗਲੀ ਬੱਸ ਫ਼ੜੀ ਅਤੇ ਚੰਡੀਗੜ੍ਹ ਆ ਗਏ।

ਗਿੰਦਰ ਨੂੰ ਬਾਹਰ ਬਿਠਾ ਕਲਿਆਣ ਜਾਣਕਾਰ ਅਫ਼ਸਰ ਕੋਲ਼ ਅੰਦਰ ਚਲਿਆ ਗਿਆ।

-"ਬੂਝੜ ਜੱਟ ਐ, ਕੁੜੀ ਬਾਹਰ ਤੋਰਨ ਦੀ ਲੱਲੀ ਲੱਗੀ ਐ, ਪਾਸਪੋਰਟ ਜਲਦੀ ਮੰਗਦੈ, ਮਾਰ ਖਾਣ ਨੂੰ ਤਿਆਰ ਐ, ਬੋਲ ਕੀ ਲੈਣੈਂ..?" ਉਸ ਨੇ ਸਿੱਧੀ ਸਪੱਸ਼ਟ ਗੱਲ ਅਫ਼ਸਰ ਦੇ ਮੱਥੇ 'ਚ ਮਾਰੀ। ਉਨ੍ਹਾਂ ਦੀ ਸਿੱਧੀ ਗੱਲ ਸੀ, ਬੁੱਕਲ਼ ਖੁੱਲ੍ਹੀ ਸੀ।

-"ਸਾਅਮੀਂ ਚੰਗੀ ਐ..?" ਅਫ਼ਸਰ ਨੇ ਅਗਲੀ ਜਾਣਕਾਰੀ ਲਈ।

-"ਕਾਹਨੂੰ ਯਾਰ..! ਤੀਹ ਹਜ਼ਾਰ ਕਰਜ਼ਾ ਚੁੱਕਿਆ ਸੀ ਬਾਣੀਏਂ ਤੋਂ, ਉਹ ਇਹਦੇ ਘਰੋਂ ਚੋਰੀ ਹੋ ਗਿਆ, ਹੁਣ ਤੀਹ ਹਜ਼ਾਰ ਹੋਰ ਕਰਜ਼ਾ ਚੱਕ ਕੇ ਆਇਐ, ਬਚਾਰਾ..!"

-"ਤੇ ਤੂੰ ਬੜੀ ਹਮਦਰਦੀ ਕਰਨ 'ਤੇ ਤੁਲਿਐਂ..!" ਅਫ਼ਸਰ ਨੇ ਕਲਿਆਣ 'ਤੇ ਸਿੱਧੀ ਚੋਟ ਕੀਤੀ।

-"..............।" ਕਲਿਆਣ ਛਿੱਥਾ ਪੈ ਗਿਆ।

-"ਇੱਕ ਉਹਨੂੰ ਬਾਣੀਏਂ ਨੇ ਵਿਆਜੂ ਪੈਸੇ ਦਿੱਤੇ, ਓਹਨੇ ਲੁੱਟਿਆ, ਦੂਜਾ ਚੋਰ ਲੁੱਟ ਕੇ ਲੈ'ਗੇ, ਹੁਣ ਰਹਿੰਦਾ-ਖੂੰਹਦਾ ਪੋਸ਼ ਲਾਹੁੰਣ ਵਾਸਤੇ ਤੂੰ ਰੰਬੀ ਚੱਕੀ ਫ਼ਿਰਦੈਂ..? ਕੁਛ ਤਾਂ ਤਰਸ ਕਰ ਲਿਆ ਕਰੋ ਦੁਨੀਆਂ 'ਤੇ, ਰੱਬ ਨੂੰ ਜਾਨ ਦੇਣੀਂ ਐਂ, ਜੇ ਕੋਈ ਮੋਟੀ ਅਸਾਮੀਂ ਹੋਵੇ, ਚੱਲਦਾ ਪੁਰਜਾ ਹੋਵੇ, ਉਹਨੂੰ ਲੁੱਟਦੇ ਵੀ ਚੰਗੇ ਲੱਗਦੇ ਐਂ, ਗਰੀਬ, ਜਾਂ ਮਜਬੂਰ ਦਾ ਖਾ ਕੇ ਜਾਵਾਂਗੇ ਕਿੱਥੇ..?"

-"..............।" ਕਲਿਆਣ ਨੂੰ ਕੋਈ ਗੱਲ ਨਹੀਂ ਔੜ ਰਹੀ ਸੀ।

-"ਰਿਸ਼ਵਤ ਆਪਣੇ ਖ਼ੂਨ 'ਚ ਰਚੀ ਐ ਬਾਈ ਕਲਿਆਣ..! ਅਸੀਂ ਰਿਸ਼ਵਤ ਦੇਣ ਵੇਲ਼ੇ ਵੀ ਨੀ ਥਿੜਕਦੇ, ਤੇ ਰਿਸ਼ਵਤ ਲੈਣ ਵੇਲ਼ੇ ਵੀ ਨੀ ਝਿਜਕਦੇ..! ਰਿਸ਼ਵਤ ਲੈਣਾਂ ਅਸੀਂ ਆਪਣਾ ਅਫ਼ਸਰੀ ਅਧਿਕਾਰ ਮੰਨੀ ਬੈਠੇ ਐਂ, ਬਈ ਜੇ ਬੰਦਾ ਰਿਸ਼ਵਤ ਦਿਊ, ਤਾਂ ਕੰਮ ਕਰਵਾ ਲਊ, ਨਹੀਂ ਖਾਂਦਾ ਫ਼ਿਰੇ ਧੱਕੇ..! ਪਰ ਬੰਦਾ-ਕੁਬੰਦਾ ਤਾਂ ਦੇਖ ਲੈਣਾ ਚਾਹੀਦੈ ਯਾਰ..! ਨਾਲ਼ੇ ਇਹ ਵੀ ਸੋਚਣਾ ਚਾਹੀਦੈ ਕਿ ਗੌਰਮਿੰਟ ਸਾਨੂੰ ਤਨਖਾਹ ਕਾਸ ਲਈ ਦਿੰਦੀ ਐ..? ਜਨਤਾ ਦੇ ਕਾਰਜ ਕਰਨ ਵਾਸਤੇ..! ਆਪਣੀ ਡਿਊਟੀ, ਤੇ ਆਪਣੇ ਫ਼ਰਜ਼ ਬਾਰੇ ਅਸੀਂ ਕੁਛ ਨੀ ਸੋਚਦੇ, ਭ੍ਰਿਸ਼ਟਾਚਾਰ ਸਾਡੇ ਅੰਦਰ ਸੀਮਿੰਟ ਵਾਂਗੂੰ ਪਲੱਸਤਰ ਹੋਇਆ ਪਿਐ..! ਕੋਈ ਕਿੰਨੇ ਵੀ ਦਮਗੱਜੇ ਮਾਰੀ ਜਾਵੇ, ਗੱਲੀਂ-ਬਾਤੀਂ ਕਿੰਨੇ ਵੀ ਪੜੁੱਲ ਸਿੱਟੀ ਜਾਵੇ, ਪਰ ਭਾਰਤ 'ਚ ਭ੍ਰਿਸ਼ਟਾਚਾਰ ਖ਼ਤਮ ਕਰਨ ਨੂੰ ਅਜੇ ਸਦੀਆਂ ਲੱਗਣਗੀਆਂ, ਐਵੇਂ ਨੀ ਕਿਸਾਨ ਦਿਨ-ਬ-ਦਿਨ ਖ਼ੁਦਕਸ਼ੀਆਂ ਕਰੀ ਜਾਂਦੇ, ਕੱਲ੍ਹ ਨੂੰ ਜੇ ਇਹਦੇ ਵਰਗਾ ਮਜਬੂਰ ਬੰਦਾ ਖ਼ੁਦਕਸ਼ੀ ਕਰਦੈ, ਤਾਂ ਮੈਂ ਤਾਂ ਆਪਣੇ ਆਪ ਨੂੰ ਮੁਆਫ਼ ਨੀ ਕਰਨਾ, ਇਹਦੀ ਖ਼ੁਦਕਸ਼ੀ ਵਿਚ ਆਪਣੇ ਆਪ ਨੂੰ ਸਭ ਤੋਂ ਵੱਡਾ ਦੋਸ਼ੀ ਮੰਨੂੰਗਾ..! ਓਹਨਾਂ ਵੱਡੇ ਢਿੱਡਾਂ ਵਾਲ਼ੇ ਰੱਜਿਆਂ-ਪੁੱਜਿਆਂ ਨੂੰ ਲੁੱਟੋ, ਜਿਹੜੇ ਲੋਕਾਂ ਦਾ ਖ਼ੂਨ ਪੀਂਦੇ ਐ, ਮੈਨੂੰ ਕੋਈ ਇਤਰਾਜ਼ ਨੀ, ਪਰ ਗਰੀਬਾਂ ਨੂੰ ਮੁਆਫ਼ ਕਰੋ ਵੀਰ ਬਣ ਕੇ, ਇਹ ਵੀ ਆਪਣੇ ਭਾਈ, ਤੇ ਆਪਣੇ ਦੇਸ਼ ਦੇ ਵਸਿੰਦੇ ਨੇ ਸੱਜਣਾ..!"

-"ਤੁਸੀਂ ਅੱਜ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਚਾਹਲ ਸਾਹਿਬ..! ਮੈਨੂੰ ਮੁਆਫ਼ ਕਰੋ..! ਪਰ ਇਸ ਬੰਦੇ ਦਾ ਕੰਮ ਜ਼ਰੂਰ ਕਰੋ, ਬੱਚੀ ਦੇ ਭਵਿੱਖ ਦਾ ਸੁਆਲ ਐ...!"

-"ਜਿਸ ਦਿਨ ਪੁਲਿਸ ਦੀ ਇੰਨਕੁਆਰੀ ਦੀ ਰਿਪੋਰਟ ਆ ਗਈ, ਮੈਂ ਪਾਸਪੋਰਟ ਜਾਰੀ ਕਰਵਾ ਦਿਊਂਗਾ, ਅੱਗੇ ਤੋਂ ਗੱਲ ਯਾਦ ਰੱਖਣੀ...!" ਚਾਹਲ ਨੇ ਤਾਕੀਦ ਕੀਤੀ।

-"ਚੱਲਦੇ ਪੁਰਜ਼ਿਆਂ ਨੂੰ ਭੋਰ-ਭੋਰ ਖਾਓ, ਤੇ ਗਰੀਬਾਂ ਨੂੰ ਬਖਸ਼ੋ..! ਦੁਨੀਆਂ ਵਿਚ ਰੌਬਿਨ ਹੁੱਡ ਤੋਂ ਲੈ ਕੇ ਸੁੱਚੇ ਸੂਰਮੇਂ ਤੱਕ ਏਸੇ ਲਈ ਮਹਾਨ ਮੰਨੇ ਜਾਂਦੇ ਨੇ ਕਿ ਉਨ੍ਹਾਂ ਨੇ ਤਕੜਿਆਂ ਨੂੰ ਲੁੱਟ ਕੇ ਮਾੜਿਆਂ ਅਤੇ ਗਰੀਬਾਂ ਦੀ ਮਦਦ ਕੀਤੀ..!"

-"ਕੋਈ ਸ਼ੱਕ ਨੀ..! ਪਰ ਆਹ ਪਾਸਪੋਰਟ ਜਾਰੀ ਕਰਨ ਵਾਲ਼ੀ ਗੱਲ ਤੁਸੀਂ ਗਿੰਦਰ ਸਿਉਂ ਨੂੰ ਆਪ ਦੱਸ ਦਿਓ, ਥੋਨੂੰ ਪਤੈ ਪਿੰਡਾਂ ਆਲ਼ੇ ਅਫ਼ਸਰਸ਼ਾਹੀ 'ਤੇ ਬਹੁਤਾ ਇਤਬਾਰ ਨੀ ਕਰਦੇ..!" ਕਲਿਆਣ ਬੋਲਿਆ।

-"ਆਹੀ ਤਾਂ ਆਪਣੇ 'ਚ ਫ਼ਰਕ ਰਹਿ ਜਾਂਦੈ, ਕਿ ਲੋਕ ਆਪਾਂ ਨੂੰ ਬੇਈਮਾਨ ਤੇ ਲੁਟੇਰੇ ਸਮਝਦੇ ਐ, ਜੇ ਅਸੀਂ ਉਨ੍ਹਾਂ ਦਾ ਵਿਸ਼ਵਾਸ ਕਾਇਮ ਰੱਖਿਆ ਹੁੰਦਾ, ਕੋਈ ਸਾਨੂੰ ਚੋਰ ਜਾਂ ਠੱਗ ਨਾ ਸਮਝਦਾ, ਆਪਣੇ ਸਹਿਯੋਗੀ ਤੇ ਆਪਣੇ ਸਮੱਰਥਕ ਸਮਝਦਾ..! ਕੀ ਸਰਦਾਰ ਭਗਤ ਸਿੰਘ ਵਰਗੇ ਐਸੇ ਇਨਕਲਾਬ ਜਾਂ ਆਜ਼ਾਦੀ ਲਈ ਫ਼ਾਂਸੀ ਚੜ੍ਹੇ ਸੀ, ਜੋ ਅੱਜ ਸਾਡੇ ਹੱਥ 'ਚ ਐ..? ਸਰਦਾਰ ਭਗਤ ਸਿੰਘ, ਊਧਮ ਸਿੰਘ, ਰਾਜਗੁਰੂ, ਸੁਖਦੇਵ, ਤੇ ਕਰਤਾਰ ਸਿੰਘ ਸਰਾਭੇ ਵਰਗਿਆਂ ਦੀ ਸ਼ਹੀਦੀ ਈ ਯਾਦ ਕਰ ਲਿਆ ਕਰੋ ਕਦੇ ਕਿ ਉਹ ਕਿਸ ਆਜ਼ਾਦੀ ਖਾਤਰ ਜਾਨਾਂ ਵਾਰ ਗਏ..? ਪੜ੍ਹੇ-ਲਿਖੇ ਤੇ ਅਫ਼ਸਰਸ਼ਾਹੀ ਲੋਕਾਂ ਵਿਚ ਅੱਜਕੱਲ੍ਹ ਤੋਹਫ਼ੇ ਦੇਣ ਦਾ ਬੜਾ ਰਿਵਾਜ਼ ਚੱਲਿਐ, ਇਹ ਕਦੇ ਨਾ ਭੁੱਲੋ ਕਿ ਤੋਹਫ਼ਾ ਵੀ ਵੱਢੀ ਦਾ ਦੂਜਾ ਨਾਂ ਐਂ...! ਚੱਲ ਬੁਲਾ ਉਹਨੂੰ...!"

ਕਲਿਆਣ ਉਠ ਕੇ ਗਿੰਦਰ ਨੂੰ ਬੁਲਾਉਣ ਚਲਿਆ ਗਿਆ।

ਅੰਦਰ ਆਉਂਦਿਆਂ ਹੀ ਗਿੰਦਰ ਨੇ ਪੰਜ-ਪੰਜ ਹਜ਼ਾਰ ਦੀਆਂ ਦੋ ਗੁੱਟੀਆਂ ਅਫ਼ਸਰ ਦੇ ਮੇਜ਼ ਉਪਰ ਰੱਖ ਦਿੱਤੀਆਂ ਅਤੇ ਵਿਆਈਆਂ ਪਾਟੇ ਹੱਥ ਜੋੜ ਲਏ।

-"ਜਿਹੜੀ ਘਰੇ ਭੋਰ-ਚੋਰ ਸੀਗੀ, ਉਹ ਮੈਂ ਹਾਜ਼ਰ ਕਰ ਦਿੱਤੀ ਐ ਸਰਕਾਰ, ਐਦੂੰ ਵੱਧ ਮੇਰੇ 'ਚ ਤਮਾਨ ਹੈਨ੍ਹੀ, ਹੁਣ ਸਰਕਾਰ ਮੇਰੀ ਦੁਹਾਈ ਐ, ਤੁਸੀਂ ਕਿਰਪਾ ਕਰੋ, ਕੁੜੀ ਦਾ ਪਾਸਪੋਰਟ ਦੇ ਦਿਓ..!"

-"................।" ਸੁਣ ਕੇ ਅਫ਼ਸਰ ਦਾ ਮਨ ਹੋਰ ਦੁਖੀ ਹੋ ਗਿਆ ਅਤੇ ਕਲਿਆਣ ਨੇ ਨੀਵੀਂ ਪਾ ਲਈ।

-"ਸਰਦਾਰ ਜੀ...!" ਚਾਹਲ ਪੈਸੇ ਚੁੱਕ ਕੇ ਗਿੰਦਰ ਨੂੰ ਵਾਪਸ ਕਰਦਾ ਬੋਲਿਆ, "ਇਹ ਪੈਸੇ ਮੇਰੇ ਵੱਲੋਂ ਬੀਬੀ ਨੂੰ ਸ਼ਗਨ ਦੇ ਦੇਣਾਂ..! ਹੁਣ ਇਹ ਨਾ ਸੋਚਿਓ ਕਿ ਥੋਡਾ ਕੰਮ ਨੀ ਹੋਊਗਾ, ਜਿਸ ਦਿਨ ਪੁਲਿਸ ਦੀ ਇੰਨਕੁਆਰੀ ਆ ਗਈ, ਓਸੇ ਦਿਨ ਹੀ ਪਾਸਪੋਰਟ ਥੋਡੇ ਘਰੇ ਭੇਜ ਦਿੱਤਾ ਜਾਊਗਾ..!"

-"..............।" ਗਿੰਦਰ ਨੂੰ ਜਾਪਿਆ ਉਹ ਕਿਸੇ ਹੋਰ ਦੁਨੀਆਂ ਵਿਚ ਆ ਗਿਆ ਸੀ, ਜਿੱਥੇ ਉਸ ਨੂੰ ਸਤਿਜੁਗੀ ਗੱਲਾਂ ਸੁਣਾਈਆਂ ਜਾ ਰਹੀਆਂ ਸਨ।

-"ਸਰਦਾਰ, ਕੁੜੀ ਦੀ ਜ਼ਿੰਦਗੀ ਦਾ ਸੁਆਲ ਐ, ਤੁਸੀਂ ਅੱਧੇ ਕੁ ਤਾਂ ਰੱਖ ਲਓ...!" ਗਿੰਦਰ ਨੇ ਇੱਕ ਗੁੱਟੀ ਅਫ਼ਸਰ ਅੱਗੇ ਕਰ ਦਿੱਤੀ।

-"ਸਰਦਾਰ ਜੀ, ਸੌ ਹੱਥ ਰੱਸਾ, ਸਿਰੇ 'ਤੇ ਗੰਢ...! ਮੈਂ ਥੋਡੇ ਕੋਲ਼ੋਂ ਇੱਕ ਪੰਜੀ ਵੀ ਨੀ ਲੈਣੀਂ, ਪਰ ਕੰਮ ਥੋਡਾ ਪਹਿਲ ਦੇ ਆਧਾਰ 'ਤੇ ਹੋਊਗਾ..! ਪੰਜਾਬੀ ਪੁੱਤਰ ਦਾ ਥੋਡੇ ਨਾਲ਼ ਵਾਅਦਾ ਰਿਹਾ, ਜਿਸ ਦਿਨ ਪੁਲਿਸ ਦੀ ਜਾਂਚ ਦੀ ਰਿਪੋਰਟ ਸਾਡੇ ਕੋਲ਼ ਆ ਗਈ, ਓਸੇ ਦਿਨ ਪਾਸਪੋਰਟ ਡਾਕ ਰਾਹੀਂ ਭੇਜ ਦਿੱਤਾ ਜਾਊਗਾ, ਇਹ ਪੈਸੇ ਤੁਸੀਂ ਜੇਬ 'ਚ ਪਾ ਲਓ...!"

ਗਿੰਦਰ ਨੇ ਪੈਸੇ ਜੇਬ ਵਿਚ ਪਾ ਲਏ।

ਉਸ ਨੂੰ ਚਾਹਲ ਕੋਈ ਅਫ਼ਸਰ ਨਹੀਂ, ਦੇਵਤਾ ਲੱਗ ਰਿਹਾ ਸੀ।

-"ਚਾਹ ਪੀਓਂਗੇ...?"

-"ਚਾਹ ਪੀ ਲਵਾਂਗੇ ਸਰਕਾਰ..! ਸਵੇਰ ਦੇ ਘਰੋਂ ਤੁਰੇ ਐਂ..!"

ਚਾਹਲ ਨੇ ਫ਼ੋਨ 'ਤੇ ਚਾਹ ਦਾ ਹੁਕਮ ਦੇ ਦਿੱਤਾ।

-"ਆਹ ਪੰਜਾਬ 'ਚ ਰੋਜ਼ ਮਾਰ-ਮਰਾਈ ਚੱਲੀ ਜਾਂਦੀ ਐ ਚਾਹਲ ਸਾਹਿਬ, ਕੀ ਬਣੂੰ ਪੰਜਾਬ ਦਾ..?" ਕਲਿਆਣ ਬੋਲਿਆ।

-"ਜਣੇਂ ਖਣੇਂ ਨੇ ਪੰਜਾਬ ਨੂੰ ਲੁੱਟਣ 'ਤੇ ਲੱਕ ਬੰਨ੍ਹਿਐਂ, ਪੰਜਾਬ ਦਾ ਕੀ ਬਣਨੈਂ..? ਪੰਜਾਬ ਉੱਜੜੂ..!" ਵਿਚ ਦੀ ਗਿੰਦਰ ਆਪਣੀ ਭੜ੍ਹਾਸ ਕੱਢ ਗਿਆ।

-"ਪੰਜਾਬ ਦਾ ਮਸਲਾ ਬਹੁਤ ਪੇਚੀਦਾ ਮਸਲਾ ਬਣ ਗਿਆ ਕਲਿਆਣ ਸਾਹਿਬ..! ਬੁਲਿਟ ਫ਼ਾਰ ਬੁਲਿਟ ਵਾਲ਼ਾ ਫ਼ਾਰਮੂਲਾ ਗੌਰਮਿੰਟ ਨੇ ਵਰਤ ਕੇ ਦੇਖ ਲਿਆ..!" ਚਾਹਲ ਨੇ ਗੱਲ ਸ਼ੁਰੂ ਕੀਤੀ, "ਬੰਦੂਕ ਨਾਲ਼ ਬੰਦੂਕ ਦਾ ਮੁਕਾਬਲਾ ਸਰਕਾਰ ਨੇ ਕਰਕੇ ਦੇਖ ਲਿਐ, ਵਿਚੋਂ ਕੀ ਨਿਕਲ਼ਿਆ...?"

-"ਵਿੱਚੋਂ ਕੀ ਸੁਆਹ ਨਿਕਲਣੀ ਸੀ..? ਵਿੱਚੋਂ ਨਿਕਲ਼ੀ ਤਬਾਹੀ...!" ਗਿੰਦਰ ਨੇ ਬੋਲਣ ਦਾ ਭੁਸ ਪੂਰਾ ਕੀਤਾ।

-"ਹੁਣ ਅੱਗੇ ਕੀ ਹੋਊ..?" ਕਲਿਆਣ ਅਗਲੀ ਗੱਲ ਸੁਣਨ ਲਈ ਕਾਹਲ਼ਾ ਸੀ।

ਚਾਹ ਆ ਗਈ।

ਉਨ੍ਹਾਂ ਕੱਪ ਚੁੱਕ ਕੇ ਮੂੰਹ ਨੂੰ ਲਾ ਲਏ।

-"ਅੱਗੇ ਕੀ ਹੋਊ, ਉਹ ਵੀ ਸੁਣ ਲਓ...!"

-"............।" ਦਫ਼ਤਰ ਦੀ ਚੁੱਪ ਵਿਚੋਂ ਚਾਹ ਦੇ ਸੜ੍ਹਾਕੇ ਸੁਣ ਰਹੇ ਸਨ।

-"ਪਹਿਲਾਂ ਗੌਰਮਿੰਟ ਦੀ ਘਾਤਕ ਨੀਤੀ ਇਹ ਰਹੀ ਕਿ ਹੱਕ ਦੀ ਆਵਾਜ਼ ਨੂੰ ਜੋਰ ਜ਼ਬਰ ਨਾਲ਼ ਬੰਦ ਕਰ ਦਿਓ, ਤੇ ਆਵਾਜ਼ ਉਠਾਉਣ ਵਾਲ਼ਿਆਂ ਨੂੰ ਚੁਣ-ਚੁਣ ਕੇ ਮਾਰੋ..! ਪਰ ਇਹ ਗੌਰਮਿੰਟ ਦੀ ਇੱਕ ਗਲਤ ਫ਼ਹਿਮੀ ਸੀ ਕਿ ਸਖ਼ਤੀ ਨਾਲ਼ ਬੁਲੰਦ ਆਵਾਜ਼ ਬੰਦ ਹੋ ਜਾਊਗੀ..! ਇਹ ਨੀਤੀ ਕਦੇ ਵੀ ਕਾਰਗਾਰ ਨਹੀਂ ਹੋਉਗੀ..! ਹੁਣ ਅੱਗੇ ਗੌਰਮਿੰਟ ਦੀ ਪਾਲਿਸੀ ਕੀ ਹੋਊਗੀ, ਉਹ ਸੁਣੋ..!"

-"................।"

-"ਹੁਣ ਇਹ ਅਗਲੀ ਪੀੜ੍ਹੀ ਨੂੰ ਗੁਮਰਾਹ ਕਰਨ ਲਈ ਵਰਗਲਾਉਣ ਦੀ ਕੋਸ਼ਿਸ਼ ਕਰਨਗੇ..!"

-"ਓਹ ਕਿਵੇਂ...?"

-"ਨਵੀਂ ਪੀੜ੍ਹੀ ਨੂੰ ਨਸ਼ਿਆਂ, ਤੇ ਮਨੋਰੰਜਨ ਦੇ ਸਾਧਨ ਪੈਦਾ ਕਰਨਗੇ..! ਪਿੰਡਾਂ 'ਚ ਹਰ ਮੋੜ 'ਤੇ ਸ਼ਰਾਬ ਦੇ ਠੇਕੇ ਖੋਲ੍ਹੇ ਜਾਣਗੇ, ਡਰੱਗ ਮੁਹੱਈਆ ਕਰਵਾਈ ਜਾਊਗੀ, ਤੇ ਗੋਲ਼ੀ-ਗੱਟਾ ਦੁਆਈਆਂ ਦੀਆਂ ਆਮ ਦੁਕਾਨਾਂ 'ਤੇ ਮਿਲਣ ਲਾ ਦਿੱਤਾ ਜਾਊਗਾ..! ਲੁੱਚੀ ਗਾਇਕੀ ਤੇ ਆਸ਼ਕੀ ਮਾਸ਼ੂਕੀ ਵਾਲ਼ੀਆਂ ਫ਼ਿਲਮਾਂ ਦਾ ਪ੍ਰਚਾਰ, ਤੇ ਪਾਸਾਰ ਖੁੱਲ੍ਹ ਕੇ ਕੀਤਾ ਜਾਊਗਾ..! ਹਥਿਆਰਾਂ ਤੇ ਨਸ਼ਿਆਂ ਦੇ ਗੁਣ ਗਾਇਨ ਕਰਦੀ ਗਾਇਕੀ ਤੇ ਕਲਾਕਾਰੀ ਨੂੰ ਸਰਕਾਰੀ ਪੱਧਰ 'ਤੇ ਬੜਾਵਾ ਦਿੱਤਾ ਜਾਊਗਾ..! ਇਲੈਕਸ਼ਨ ਮੌਕੇ ਲੱਚਰਤਾ ਦਾ ਪਾਸਾਰ ਕਰਨ ਵਾਲ਼ੇ ਗਾਇਕ ਅਤੇ ਕਲਾਕਾਰ ਸਟੇਜ਼ਾਂ 'ਤੇ ਬੁਲਾ ਕੇ ਲੋਕਾਂ ਨੂੰ ਅਸਲ ਮਕਸਦ ਨਾਲੋਂ ਤੋੜ ਕੇ ਨੱਚਣ ਟੱਪਣ ਵੱਲ ਲਾ ਕੇ ਮਾਨਸਿਕ ਤੌਰ 'ਤੇ ਖੱਸੀ ਕੀਤਾ ਜਾਊਗਾ..! ਵਿਸ਼ੇਸ਼ ਚੈਨਲ ਖੋਲ੍ਹ ਕੇ ਹੋਰ ਸਮਾਜਿਕ ਮਸਲਿਆਂ ਦੀ ਜਗ੍ਹਾ ਇਨ੍ਹਾਂ ਗਾਇਕਾਂ ਅਤੇ ਕਲਾਕਾਰਾਂ ਨੂੰ ਮਾਂਜ ਸੁਆਰ ਕੇ ਚਮਕਾਇਆ ਜਾਊਗਾ, ਤੇ ਨੌਜਵਾਨਾਂ ਵਿਚ ਗਾਉਣ-ਪਾਣੀ, ਨਸ਼ਿਆਂ ਤੇ ਹਥਿਆਰਾਂ ਦੇ ਸ਼ੌਕ ਪਾਏ ਜਾਣਗੇ..! ਸਰਕਾਰੀ ਤੌਰ 'ਤੇ ਮੋਟੀਆਂ ਰਕਮਾਂ ਦੇ ਕੇ ਫ਼ਿਲਮੀ ਕਲਾਕਾਰਾਂ ਨੂੰ ਬੁਲਾ ਕੇ ਵਿਸ਼ੇਸ਼ ਸਮਾਗਮ ਕਰਵਾਏ ਜਾਣਗੇ, ਤੇ ਜੁਆਨੀ ਨੂੰ ਰੰਗੀਲਾ ਬਣਾ ਕੇ ਉਨ੍ਹਾਂ ਨੂੰ ਅਸਲ ਮਕਸਦ ਨਾਲੋਂ ਤੋੜ ਕੇ ਐਸ਼ਪ੍ਰਸਤੀ ਵੱਲ ਜੋੜਿਆ ਜਾਊਗਾ..! ਡੇਰਾਵਾਦ ਨੂੰ ਖ਼ੂਬ ਹਵਾ ਦਿੱਤੀ ਜਾਊਗੀ, ਤੇ ਪੰਜਾਬ ਨੂੰ ਵੱਖੋ-ਵੱਖ ਡੇਰਿਆਂ ਨਾਲ਼ ਜੋੜ ਕੇ ਵੰਡਿਆ, ਤੇ ਫ਼ੇਰ ਭੰਡਿਆ ਜਾਊਗਾ..! ਜਦ ਲੋਕ ਡੇਰਿਆਂ ਨਾਲ਼ ਜੁੜ ਗਏ, ਤਾਂ ਡੇਰੇ ਵਾਲ਼ੇ ਬਾਬਿਆਂ ਨਾਲ਼ ਭਾਈਵਾਲ਼ੀ ਕਰਕੇ ਲੋਕਾਂ ਨੂੰ ਆਪਣੇ ਅਨੁਸਾਰ ਠੋਕ ਕੇ ਵਰਤਿਆ ਜਾਊਗਾ..!"

-"..............।" ਦੋਨੋਂ ਮੰਤਰ ਮੁਘਧ ਹੋ ਕੇ ਸੁਣ ਰਹੇ ਸਨ।

-"ਗੱਲਾਂ ਥੋਡੀਆਂ ਸੋਲ਼ਾਂ ਆਨੇਂ ਸੱਚ ਲੱਗਦੀਐਂ ਚਾਹਲ ਸਾਹਿਬ..!" ਕਲਿਆਣ ਬੋਲਿਆ।

-"ਕੁਛ ਕਰੀ ਜਾਣ, ਆਖਰ ਪੁੱਤ ਬਸੰਤਿਆ, ਤੂੰ ਹੱਟੀ ਬਹਿਣਾਂ ਮਾਂਗੂੰ ਜੱਟ ਜਾਊ ਕਿੱਥੇ..? ਓਹਨੇ ਤਾਂ ਐਥੇ ਈ ਮਰਨੈਂ..!" ਗਿੰਦਰ ਬੋਲਿਆ।

-"ਚਾਹ ਪੀ ਲਈ ਸਰਦਾਰ ਜੀ..?"

-"ਡੋਲਣਾਂ ਚਾਹ ਦਾ ਪੀਣ ਆਲ਼ਿਆਂ ਨੂੰ ਆਹ ਦੀਵੇ ਜਿੱਡੇ ਕੱਪ ਨਾਲ਼ ਕੀ ਬਣਨਾ ਸੀ...?" ਗਿੰਦਰ ਹੱਸ ਪਿਆ।

-"ਸ਼ਹਿਰ 'ਚ ਐਨੀ ਕੁ ਈ ਚਾਹ ਮਿਲ਼ਦੀ ਐ ਗਿੰਦਰ ਸਿਆਂ..!"

-"ਯਾਰ ਆਹ ਥੋਡੀਆਂ ਸ਼ਹਿਰ ਆਲ਼ਿਆਂ ਦੀਆਂ ਗੱਲਾਂ ਸੁਣ ਕੇ ਮੈਨੂੰ ਤਾਂ ਚੇਹ ਚੜ੍ਹ ਜਾਂਦੀ ਐ..!"

-"ਚਲੋ ਲਿਖਾਓ ਸਾਰਾ ਅਤਾ-ਪਤਾ, ਤੇ ਮੈਂ ਵੀ ਕੰਮ ਕਰਾਂ..!" ਚਾਹਲ ਬੋਲਿਆ।

-"ਲਾਹਣ ਸਾਹਬ ਤੁਸੀਂ ਲਿਖਾਓ..!" ਗਿੰਦਰ ਨੇ ਕਿਹਾ।

"ਲਾਹਣ" ਸੁਣ ਕੇ ਚਾਹਲ ਉੱਚੀ-ਉੱਚੀ ਹੱਸ ਪਿਆ।

-"ਮੈਖਿਆ ਮੈਥੋਂ ਕੁਛ ਗਲਤ ਨਾ ਲਿਖਾਇਆ ਜਾਵੇ..!"

-"ਚਾਹਲ ਸਾਹਿਬ ਲਾਹਣ ਕਹਿਣ ਤੋਂ ਹੱਸੇ ਐ..!"

-"ਅੱਛਾ..! ਥੋਡੇ ਸ਼ਹਿਰੀਆਂ ਦੇ ਕਿਹੜਾ ਨਾਂ ਆਉਂਦੇ ਐ..? ਕਿਸੇ ਦਾ ਛਾਬੜਾ, ਕਿਸੇ ਦਾ ਸੇਠੀ, ਕਿਸੇ ਦਾ ਸੂਰੀ..! ਥੋਡੇ ਤਾਂ ਹੋਰ ਈ ਗੁੱਡੀਆਂ, ਤੇ ਅਵੱਲੇ ਈ ਪਟੋਲ੍ਹੇ ਐ ਭਾਈ...!"

ਚਾਹਲ ਹੋਰ ਉੱਚੀ ਹੱਸ ਪਿਆ।

ਕਲਿਆਣ ਨੇ ਸਾਰਾ ਵੇਰਵਾ ਲਿਖਵਾ ਦਿੱਤਾ।

"ਧੰਨਵਾਦ" ਕਰਕੇ ਉਹ ਬਾਹਰ ਆ ਗਏ।

-"ਦੇਖਿਆ ਗਿੰਦਰ ਸਿਆਂ..? ਤੇਰਾ ਚੌਲ਼ਾਂ 'ਚ ਈ ਸਰ ਗਿਆ..!" ਕਲਿਆਣ ਥਾਪੀ ਲੈਣ ਦੇ ਰੌਅ ਵਿਚ ਸੀ।

-"ਮੰਨ ਗਏ ਤੈਨੂੰ ਬਾਬੂ ਜੀ..! ਤੇਰੀਆਂ ਜੜ੍ਹਾਂ ਵੀ ਪਤਾਲ਼ 'ਚ ਐ..!"

-"ਮੰਨਦੈਂ ਨ੍ਹਾਂ..?"

-"ਪੂਰਾ..! ਛੋਲਿਆਂ ਦਾ ਬਹੁਤ ਕੁਛ ਬਣਦੈ, ਕੜ੍ਹੀ ਬਣਦੀ ਐ, ਲੱਡੂ ਬਣਦੇ ਐ, ਪਕੌੜੇ ਬਣਦੇ ਐ, ਵਟਣਾ ਬਣਦੈ, ਪਰ ਗੋਲ਼ੀ ਓਦੋਂ ਪੈਂਦੀ ਐ, ਜਦੋਂ ਤਵੇ 'ਤੇ ਪਾਈਦੇ ਐ, ਓਦੋਂ ਬੁੜ੍ਹਕ-ਬੁੜ੍ਹਕ ਪਾਸੇ ਡਿੱਗਦੇ ਐ, ਗਸ਼ੀ ਤਾਂ ਅਗਲੇ ਨੂੰ ਥੋਡੇ ਨਾਂ ਤੋਂ ਆ ਕੇ ਪੈਂਦੀ ਐ, ਬੰਦੇ ਤਾਂ ਤੁਸੀਂ ਸ਼ਹਿਰੀ ਬੜੇ ਕੰਮ ਦੇ ਐਂ, ਕੋਈ ਸ਼ੱਕ ਨੀ...!"

ਕਲਿਆਣ ਹੱਸ ਪਿਆ।

ਉਨ੍ਹਾਂ ਬੱਸ ਫ਼ੜੀ ਅਤੇ ਸ਼ਹਿਰ ਦੇ ਬੱਸ ਅੱਡੇ ਆ ਉੱਤਰੇ।

-"ਹੁਣ ਤੇਰੀ ਦੱਸ ਕੀ ਸੇਵਾ ਕਰਾਂ..?"

-"ਹਜ਼ਾਰ ਰੁਪਈਆ ਦੇ-ਦੇ, ਮੈਂ ਬਾਗੋ-ਬਾਗ ਐਂ..!"

ਸੌ-ਸੌ ਦੇ ਦਸ ਨੋਟ ਗਿਣ ਕੇ ਗਿੰਦਰ ਨੇ ਕਲਿਆਣ ਨੂੰ ਦੇ ਦਿੱਤੇ।

-"ਆਹ ਦੋ ਸੌ ਹੋਰ ਲੈ-ਲਾ, ਆਥਣੇ ਡੁੱਘੂ ਲਾ ਲਈਂ..!"

ਉਹ ਵੀ ਕਲਿਆਣ ਨੇ ਫ਼ੜ ਲਏ।

ਪਿੰਡ ਪਹੁੰਚਦੇ ਗਿੰਦਰ ਨੂੰ ਦਿਨ ਛੁਪ ਗਿਆ।

ਸਰਦੀ 'ਚ ਠਰਿਆ ਸੂਰਜ ਛੇਤੀ ਮੂੰਹ ਛੁਪਾ ਗਿਆ ਸੀ। ਮੂੰਹ ਹਨ੍ਹੇਰਾ ਹੋ ਗਿਆ ਸੀ।

ਖ਼ੁਸ਼ੀ ਦੇ ਖੰਭਾਂ 'ਤੇ ਉਡਦਾ ਗਿੰਦਰ ਕੇਹਰੇ ਕੋਲ਼ ਆ ਗਿਆ। ਅੱਜ ਉਸ ਦੇ ਧਰਤੀ 'ਤੇ ਪੈਰ ਨਹੀਂ ਲੱਗਦੇ ਸਨ। ਨੌਂ ਹਜ਼ਾਰ ਰੁਪਏ ਦੇ ਕਰੀਬ ਉਸ ਦੀ ਜੇਬ ਵਿਚ ਸਨ, ਜਿੰਦਰ ਦੇ ਪਾਸਪੋਰਟ ਵਾਲ਼ਾ ਕੰਮ ਤਕਰੀਬਨ ਮੁਫ਼ਤੀ ਵਿਚ ਹੋ ਗਿਆ ਸੀ। ਸਿਰੇ ਚੜ੍ਹੇ ਕਾਰਜ ਦਾ ਕੰਮ ਉਸ ਨੂੰ ਖ਼ੁਸ਼ੀ ਵਿਚ ਪੈਰੋਂ ਉਖੇੜੀ ਫ਼ਿਰਦਾ ਸੀ।

ਕੇਹਰੇ ਨੇ ਉਸ ਦੇ ਖ਼ੁਸ਼ੀ ਵਾਲ਼ੇ ਹਾਵ-ਭਾਵ ਦੇਖ, ਝਿਣਕ ਕੇ ਬੋਤਲ ਅੱਗੇ ਲਿਆ ਰੱਖੀ।

ਲੈਂਪ ਦੇ ਚਾਨਣ ਵਿਚ ਮਣਕਾ ਬੱਝਿਆ ਦੇਖ ਕੇ ਗਿੰਦਰ ਦੇ ਦੁੱਖ ਟੁੱਟ ਗਏ।

-"ਅੱਜ ਈ ਕੱਢੀ ਐ...! ਪਟਰੌਲ਼ ਮਾਂਗੂੰ ਦੂਰੋਂ ਲਾਟ ਫ਼ੜਦੀ ਐ ਪੱਟ ਹੋਣੀਂ..!"

-"ਬਾਜੇ-ਬਾਜੇ ਬੰਦੇ ਤਾਂ ਬਾਹਲ਼ੇ ਚੰਗੇ ਹੁੰਦੇ ਐ ਕੇਹਰਿਆ..!" ਬੋਤਲ ਦੇ ਮੂੰਹ 'ਚੋਂ ਮੱਕੀ ਦਾ ਗੁੱਲ ਖਿੱਚਦਿਆਂ ਗਿੰਦਰ ਬੋਲਿਆ, "ਆਪਾਂ ਸ਼ਹਿਰੀਆਂ ਨੂੰ ਐਵੇਂ ਗਾਲ੍ਹਾਂ ਕੱਢੀ ਜਾਂਦੇ ਰਹਿੰਨੇ ਐਂ, ਕਈ ਸ਼ਹਿਰੀਏ ਤਾਂ ਆਪਣੇ ਨਾਲ਼ੋਂ ਵੀ ਕਿਤੇ ਚੰਗੇ ਐ..!" ਉਸ ਨੇ ਦਾਰੂ ਨਾਲ਼ ਅੱਧਾ ਗਿਲਾਸ ਭਰ ਲਿਆ।

-"ਆਪਾਂ ਸਾਰਿਆਂ ਨੂੰ ਇੱਕੋ ਰੱਸੇ ਨਰੜ ਧਰਦੇ ਐਂ, ਪਰ ਸਾਰੇ ਕਾਹਨੂੰ ਇੱਕੋ ਜੇ ਹੁੰਦੇ ਐ..?" ਕੇਹਰੇ ਨੇ ਵੀ ਉਸ ਮਗਰ ਹੀ ਵੋਟ ਪਾਈ।

-"ਆਪਣੀ ਜਿੰਦਰ ਦੇ ਪਾਸਪੋਰਟ ਵਾਸਤੇ ਅਫ਼ਸਰ ਨੂੰ ਮੈਂ ਹਾੜ੍ਹੇ ਕੱਢ ਹਟਿਆ, ਪਤੰਦਰ ਨੇ ਫ਼ੁੱਟੀ ਕੌਡੀ ਨੀ ਲਈ, ਕਹਿੰਦਾ ਪੰਜੀ ਨੀ ਲੈਣੀ, ਬੀਬੀ ਨੂੰ ਮੇਰੇ ਵੱਲੋਂ ਸ਼ਗਨ ਦੇ ਦਿਓ..! ਐਡਾ ਸੱਤਜੁਗੀ ਬੰਦਾ..?"

-"ਹੁੰਦੇ ਐ - ਹੁੰਦੇ ਐ ਕਈ..! ਧੀ-ਧਿਆਣੀਂ ਕਰਕੇ ਰਿਆਇਤ ਕਰ ਜਾਂਦੇ ਐ..!"

-"ਮੈਂ ਦਸ ਦੀ ਥਾਂ ਪੰਜ ਵੀ ਦੇ ਹਟਿਆ, ਬਈ ਕੰਮ ਛੇਤੀ ਕਰਦੂ, ਪਰ ਪਤੰਦਰ ਨੇ ਜਮਾਂ ਈ ਲਾਲਚ ਨੀ ਕੀਤਾ, ਸਮਾਂ ਦੀ ਸਾਨੂੰ ਚਾਹ ਪਿਆਈ..! ਚਾਹ ਤਾਂ ਭਾਂਵੇਂ ਸ਼ਹਿਰੀਆਂ ਆਲ਼ੀ ਢਾਈ ਚਮਚੇ ਈ ਸੀ, ਪਰ ਮਾਣ-ਤਾਣ ਤਾਂ ਕੀਤਾ..!"

-"ਕੰਮ ਹੋ ਗਿਆ ਸਾਰਾ...?"

-"ਕਹਿੰਦਾ ਜਿੰਦੇਂ ਪੁਲ਼ਸ ਦੀ ਰਪੋਟ ਆਗੀ, ਪਾਸਪੋਰਟ ਦੇ-ਦੂੰ..!"

-"ਚਲੋ ਸੋਹਣਾ ਹੋਇਆ..! ਵਧਾਈਆਂ..!!"

-"ਹੁਣ ਤੂੰ ਆਪਣਾ 'ਸਾਬ-ਕਤਾਬ ਵੀ ਕਰ, ਬਾਹਵਾ ਚਿਰ ਹੋ ਗਿਆ..!"

-"ਸਾਬ-ਕਤਾਬ ਹੋ-ਜੂ..! ਤੂੰ ਕਿਤੇ ਭੱਜਿਆ ਜਾਨੈਂ..?"

-"ਨਹੀਂ ਕੇਹਰਿਆ..! ਲੇਖਾ ਮਾਂਵਾਂ ਧੀਆਂ ਦਾ...! ਤੂੰ ਮੇਰਾ ਨਿੱਕਾ ਵੀਰ, ਤੂੰ ਹਰ ਥਾਂ ਮੇਰੇ ਨਾਲ਼ ਵਗਿਐਂ, ਅੱਜ ਤੱਕ ਦਾ 'ਸਾਬ ਨਿਬੇੜ, ਬਾਕੀ ਹਾੜ੍ਹੀ 'ਤੇ ਸਹੀ..!"

ਹਿਸਾਬ ਕਿਤਾਬ ਨਿਬੇੜਦੇ ਗਿੰਦਰ ਨੇ ਅੱਧੀ ਬੋਤਲ ਸੂਤ ਧਰੀ ਅਤੇ ਬਾਕੀ ਡੱਬ 'ਚ ਦੇ ਕੇ ਘਰ ਆ ਗਿਆ।

-"ਆਹ ਫ਼ੜ ਸੱਤ ਹਜ਼ਾਰ ਰੁਪਈਆ..!" ਉਸ ਨੇ ਪੈਸੇ ਕੱਢ ਕੇ ਸ਼ਾਮ ਕੁਰ ਨੂੰ ਫ਼ੜਾ ਦਿੱਤੇ।

-"ਕੀ ਗੱਲ..? ਕੰਮ ਨੀ ਬਣਿਆਂ..?" ਪੈਸੇ ਫ਼ੜਦੀ ਸ਼ਾਮ ਕੌਰ ਤਿੜਕੇ ਜਿਹੇ ਹੌਂਸਲੇ ਨਾਲ਼ ਬੋਲੀ।

-"ਕੰਮ ਹੋ ਗਿਆ ਟੰਚ..! ਅਫ਼ਸਰ ਬਹੁਤ ਚੰਗਾ ਬੰਦਾ ਸੀ, ਓਹਨੇ ਬਾਹਲ਼ੇ ਪੈਸੇ ਨੀ ਲਏ, ਥੋੜ੍ਹੇ 'ਚ ਈ ਸਾਰ ਲਿਆ, ਮੋਗੇ ਆਲ਼ੇ ਬਾਬੂ ਦੇ ਮੂੰਹ ਮੱਥੇ ਲੱਗਦਾ ਸੀ..!"

-"ਫ਼ੇਰ ਤਾਂ ਚੰਗਾ ਬੰਦਾ ਸੀ..!"

-"ਸਮਝਲਾ ਚੌਲ਼ਾਂ 'ਚ ਈ ਸਰ ਗਿਆ..! ਦੋ ਕੁ ਹਜ਼ਾਰ 'ਚ ਈ ਡੰਗ ਸਾਰ ਲਿਆ, ਤੇ ਹਜ਼ਾਰ ਕੁ ਮੋਗੇ ਆਲ਼ਾ ਬਾਬੂ ਲੈ ਗਿਆ..!" ਗੱਲੀਂ-ਬਾਤੀਂ ਗਿੰਦਰ ਨੇ ਕੇਹਰੇ ਵਾਲ਼ਾ ਹਿਸਾਬ ਕਿਤਾਬ ਢਕ ਲਿਆ।

-"ਕਿੱਡਾ ਕੀੜੇ ਪੈਣੈਂ, ਉਹਨੂੰ ਕਾਹਦੇ ਦੇਣੇ ਸੀ ਔਂਤਾਂ ਦੇ ਜਾਣੇ ਬੋਕ ਨੂੰ..? ਉਹਨੂੰ ਤਾਂ ਅੱਗੇ ਰੁੱਗ ਰੁਪਈਆਂ ਦਾ ਦੇਈ ਬੈਠੇ ਸੀ..!"

-"ਉਹਦਾ ਬੱਬਰ ਨੀ ਭਰਦਾ ਕੋਹੜੀ ਹੋਣੇਂ ਦਾ..!"

-"ਬਾਹਲ਼ਾ ਈ ਭੁੱਖੜ ਐ..!"

ਗਿੰਦਰ ਪਰਦੇ ਨਾਲ਼ ਗਿਲਾਸ ਚੁੱਕ ਕੇ ਪਿਸ਼ਾਬ ਕਰਨ ਦੇ ਬਹਾਨੇ ਗੁਸਲਖਾਨੇ ਵੜ ਗਿਆ ਅਤੇ ਇੱਕ ਕਰੜਾ ਪੈੱਗ ਪੀ ਕੇ ਬਾਹਰ ਆ ਗਿਆ। ਬਚੀ ਬੋਤਲ ਉਸ ਨੇ ਗੁਸਲਖਾਨੇ ਦੇ ਪਿੱਛੇ ਕਪਾਹ ਦੀਆਂ ਛਿਟੀਆਂ 'ਚ ਦੇ ਦਿੱਤੀ।

-"ਰੋਟੀ ਪਾ ਦਿਆਂ..?"

-"ਆਹੋ, ਪਾ ਦੇ..!"

ਸ਼ਾਮ ਕੌਰ ਰੋਟੀ ਪਾਉਣ ਵਿਚ ਰੁੱਝ ਗਈ।

ਰਾਤ ਕਾਫ਼ੀ ਗੂੜ੍ਹੀ ਹੋ ਚੁੱਕੀ ਸੀ।

ਤੀਜੇ ਦਿਨ ਸਵੇਰੇ ਗਿੰਦਰ ਅਜੇ ਪਸ਼ੂਆਂ ਨੂੰ ਪੱਠੇ ਹੀ ਪਾ ਰਿਹਾ ਸੀ ਕਿ ਘਰ ਦਾ ਦਰਵਾਜ਼ਾ ਖੜਕਿਆ।

ਸ਼ਾਮ ਕੌਰ ਅਤੇ ਗਿੰਦਰ ਹੈਰਾਨ ਜਿਹੇ ਹੋ ਕੇ ਇੱਕ-ਦੂਜੇ ਵੱਲ ਝਾਕੇ। ਟੋਕਰਾ ਸੁੱਟ ਗਿੰਦਰ ਨੇ ਦਰਵਾਜ਼ੇ ਦੀ ਅਰਲ਼ ਜਾ ਖੋਲ੍ਹੀ। ਦੇਖ ਕੇ ਉਸ ਦਾ ਤਰਾਹ ਨਿਕਲ਼ ਗਿਆ। ਸਾਹਮਣੇ ਪੁਲਿਸ ਖੜ੍ਹੀ ਸੀ। ਪੁਲ਼ਿਸ ਦੇ ਸਿਪਾਹੀ ਦੇਖ ਕੇ ਗਿੰਦਰ ਤ੍ਰਭਕ ਗਿਆ। ਸਰੀਰ ਨੂੰ ਝਰਨਾਹਟ ਚੜ੍ਹ ਗਈ। ਸ਼ਾਮ ਕੌਰ ਦਾ ਵੀ ਦਿਲ ਹਿੱਲ ਗਿਆ।

-"ਸਾਸਰੀਕਾਲ ਸਰਕਾਰ..! ਸੁਣਾਓ ਤੜਕੇ-ਤੜਕੇ ਕਿਵੇਂ ਆਉਣੇ ਹੋਏ..?"

-"ਤੇਰਾ ਨਾਂ..?" ਇੱਕ ਸੁੱਜੇ ਜਿਹੇ ਮੂੰਹ ਵਾਲ਼ੇ ਸਿਪਾਹੀ ਨੇ ਗਿੰਦਰ ਨੂੰ ਪੁੱਛਿਆ।

-"ਜੀ ਗਿੰਦਰ ਸਿੰਘ..!"

-"ਹਰਜਿੰਦਰ ਕੌਰ ਨਾਲ਼ ਤੇਰਾ ਕੀ ਰਿਸ਼ਤੈ..?" ਮੁੰਨਿਆਂ ਮੂੰਹ ਬੋਕ ਵਾਂਗ ਖੋਲ੍ਹ ਕੇ ਦੂਜਾ ਬੋਲਿਆ। ਮੂੰਹ-ਖੁਰ ਵਾਲ਼ੇ ਪਸ਼ੂ ਵਾਂਗ ਉਸ ਨੇ ਮੂੰਹ ਮਸਾਂ ਹੀ ਪੱਟਿਆ ਸੀ।

-"ਜੀ ਜਿੰਦਰ ਮੇਰੀ ਧੀ ਐ..!"

-"ਜਿੰਦਰ ਕਿ ਹਰਜਿੰਦਰ..?"

-"ਜੀ ਨਾਂ ਤਾਂ ਹਰਜਿੰਦਰ ਕੌਰ ਹੀ ਐ, ਪਰ ਘਰੇ ਅਸੀਂ ਜਿੰਦਰ-ਜਿੰਦਰ ਈ ਆਖ ਦਿੰਨੇ ਐਂ..!" ਉਸ ਨੇ ਹੱਥ ਜੋੜ ਲਏ।

-"ਚੱਲ ਚਾਹ ਧਰਾ ਫ਼ੇਰ..!"

-"ਆਓ...!" ਗਿੰਦਰ ਦਰਵਾਜ਼ੇ ਤੋਂ ਪਾਸੇ ਹਟ ਗਿਆ।

ਸਿਪਾਹੀ ਅੰਦਰ ਲੰਘ ਆਏ।

ਸ਼ਾਮ ਕੌਰ ਨੇ ਚਾਹ ਧਰ ਦਿੱਤੀ।

-"ਕੁੜੀ ਕਿੱਥੇ ਐ..?"

-"ਜੀ ਸੁੱਤੀ ਪਈ ਐ..!"

-"ਜਗਾਓ ਉਹਨੂੰ..!"

-"ਤੁਸੀਂ ਚਾਹ ਛਕੋ ਸਰਕਾਰ, ਓਦੋਂ ਨੂੰ ਕੁੜੀ ਨੂੰ ਜਗਾ ਦਿੰਨੇ ਐਂ, ਜਾਹ ਸ਼ਾਮੋਂ ਚਾਹ ਲਿਆ, ਤੇ ਜਿੰਦਰ ਨੂੰ ਜਗਾ..!"

ਸ਼ਾਮ ਕੌਰ ਚਾਹ ਲੈ ਆਈ। ਨਾਲ਼ ਖੋਏ ਦੀਆਂ ਪਿੰਨੀਆਂ ਵੀ ਰੱਖ ਗਈ।

ਪਿੰਨੀਆਂ ਸਮੇਟ ਕੇ ਸਿਪਾਹੀਆਂ ਨੇ ਚਾਹ ਦੇ ਗਿਲਾਸ ਚੁੱਕ ਲਏ।

ਜਦ ਜਿੰਦਰ ਮੂੰਹ ਧੋ ਕੇ ਆਈ ਤਾਂ ਉਸ ਦਾ ਤਰੋਤਾਜ਼ਾ ਚਿਹਰਾ ਦੇਖ ਕੇ ਜੁਆਨ ਸਿਪਾਹੀ ਦੇ ਦਿਲੋਂ ਰੁੱਗ ਭਰਿਆ ਗਿਆ। ਜਦ ਜਿੰਦਰ ਨੇ ਹੱਥ ਜੋੜ ਕੇ "ਸਤਿ ਸ੍ਰੀ ਅਕਾਲ" ਬੁਲਾਈ ਤਾਂ ਉਸ ਦੀਆਂ ਜੁਆਨ ਛਾਤੀਆਂ ਨੇ ਅਠਖੇਲ਼ੀ ਕਰ ਕੇ ਗਿੱਧਾ ਪਾਇਆ। ਕਾਦਰ ਦੀ ਅਦੁੱਤੀ ਕੁਦਰਤ ਦੇ ਰੰਗ ਦੇਖ ਕੇ ਸਿਪਾਹੀ ਦੀ ਸੁਰਤ ਮਾਰੀ ਗਈ।

ਦੂਜੇ ਸਿਪਾਹੀ ਨੇ ਕਦੋਂ ਲੋੜੀਂਦੀ ਕਾਰਵਾਈ ਕਰ ਲਈ, ਉਸ ਨੂੰ ਪਤਾ ਤੱਕ ਨਾ ਚੱਲਿਆ।

-"ਰਪੋਟ ਕਦੋਂ ਕੁ ਭੇਜੋਂਗੇ ਸਰਕਾਰ..?"

-"ਜਦੋਂ ਕਹੇਂਗਾ ਭੇਜ ਦਿਆਂਗੇ, ਇਹ ਤਾਂ ਤੇਰੇ ਹੱਥ ਵੱਸ ਐ..!" ਸਿਪਾਹੀ ਨੇ ਭੁੱਖੀਆਂ ਜਿਹੀਆਂ ਨਜ਼ਰਾਂ ਨਾਲ਼ ਦੇਖਦਿਆਂ ਕਿਹਾ।

-"ਮੇਰੇ ਹੱਥ ਵੱਸ..?" ਗੋਲ਼ ਗੱਲ 'ਚ ਗਿੰਦਰ ਔਝੜ ਗਿਆ।

-"ਮਾੜੀ ਮੋਟੀ ਜੇਬ ਵੀ ਢਿੱਲੀ ਕਰ, ਪੁਜਾਰੀ ਵਾਂਗੂੰ ਹੱਥ ਜੇ ਜੋੜੀ ਜਾਨੈਂ, ਸਾਡੇ ਵੀ ਢਿੱਡ ਲੱਗਿਐ, ਨਾਲ਼ੇ ਲੋਕਾਂ ਨਾਲ਼ੋਂ ਹੈ ਵੱਡਾ..!"

-"ਤੁਸੀਂ ਹੁਕਮ ਕਰੋ ਹਜ਼ੂਰ..! ਤੁਸੀਂ ਸਾਡੇ ਮਾਈ-ਬਾਪ, ਸਾਡੀ ਖੁੱਭੀ ਕੱਢਣ ਆਲ਼ੇ..!"

ਉਹ ਚੱਕਵੇਂ ਪੈਰੀਂ ਅੰਦਰ ਚਲਿਆ ਗਿਆ।

-"ਆਹ ਚੱਕੋ ਆਬਦਾ ਖਰਚਾ ਪਾਣੀ, ਤੇ ਰਪੋਟ ਨੂੰ ਪੈਰ ਲਾ ਦਿਓ ਸਰਕਾਰ..!" ਉਸ ਨੇ ਪੰਜ-ਪੰਜ ਸੌ ਰੁਪਈਆ ਦੋਨਾਂ ਸਿਪਾਹੀਆਂ ਦੇ ਹੱਥ 'ਤੇ ਰੱਖਦਿਆਂ ਕਿਹਾ।

-"ਹਜ਼ਾਰ ਹੋਰ ਕੱਢ, ਅਸੀਂ ਪੈਰਾਂ 'ਚ ਸੈਂਡਲ ਵੀ ਪੁਆ ਦਿਆਂਗੇ..!"

-"ਹੁਣ ਤਾਂ ਮੇਰੇ ਕੋਲ਼ੇ ਐਨੇ ਈ ਐਂ ਜੀ, ਆਹੀ ਕਬੂਲ ਕਰਲੋ, ਤੇ ਦੁਹਾਈ ਐ ਰਾਮ ਦੀ, ਧੀ-ਧਿਆਣੀ ਦਾ ਕੰਮ ਲਾਜ਼ਮੀ ਕਰ ਦਿਓ..!" ਗਿੰਦਰ ਨੇ ਸੌ-ਸੌ ਦੇ ਪੰਜ ਨੋਟ ਖਿਲਾਰ ਕੇ ਅੱਗੇ ਕਰ ਦਿੱਤੇ। ਸਿਪਾਹੀ ਨੇ ਉਂਗਲਾਂ ਦਾ ਮੋਚਨਾਂ ਬਣਾ ਕੇ ਫ਼ੜ ਲਏ।

-"ਧੀ-ਧਿਆਣੀਂ ਦਾ ਕੰਮ ਕਰ ਦਿਆਂਗੇ..!" ਜੁਆਨ ਜਿਹੇ ਸਿਪਾਹੀ ਨੇ ਜਿੰਦਰ ਵੱਲ ਵਿਸ਼ੇਸ਼ ਨਜ਼ਰਾਂ ਨਾਲ਼ ਦੇਖ ਕੇ ਭੁੱਖੀਆਂ ਜਿਹੀਆਂ ਜਾਭਾਂ 'ਤੇ ਕੋਹੜ ਕਿਰਲੀ ਵਰਗੀ ਜੀਭ ਫ਼ੇਰੀ।

-"ਅੱਜ ਈ ਭੇਜ ਦਿਓਂਗੇ ਸਰਕਾਰ..?"

-"ਜਾਣ ਸਾਰ ਈ ਲੈ..! ਅਸੀਂ ਤੇਰੀ ਰਿਪੋਰਟ ਨੂੰ ਛੂਛਕ 'ਚ ਥੋੜ੍ਹੋ ਧਰਨੈਂ..?"

ਉਹ ਦਿਹਾੜੀ ਪਾ ਕੇ ਤੁਰ ਪਏ।

-"ਇਨ੍ਹਾਂ ਦੇ ਹਜ਼ਾਰ ਈ ਮੱਥੇ ਮਾਰਨਾ ਸੀ..!" ਸ਼ਾਮ ਕੌਰ ਉਨ੍ਹਾਂ ਦੇ ਜਾਣ ਤੋਂ ਬਾਅਦ ਬੋਲੀ।

-"ਕਿਉਂ...? ਸਹੁਰਿਆਂ ਤੋਂ ਗੰਢ ਲੈ ਕੇ ਆਏ ਸੀ..? ਸਹਿੰਦਾ-ਸਹਿੰਦਾ ਮੱਥਾ ਡੰਮ੍ਹ'ਤਾ ਇਨ੍ਹਾਂ ਦਾ..! ਇਨ੍ਹਾਂ ਨੂੰ ਤਾਂ ਚਾਹੇ ਦਸ ਹਜ਼ਾਰ ਫ਼ੜਾ ਦਿੰਦੀ, ਫ਼ੜ ਕੇ ਜੇਬ 'ਚ ਪਾ ਲੈਂਦੇ..!"

ਗਿੰਦਰ ਨੇ ਚਾਹ ਪੀ ਕੇ ਰਾਤ ਦੀ ਬਚੀ ਹੋਈ ਬੋਤਲ ਅੱਖ ਬਚਾ ਕੇ ਡੱਬ 'ਚ ਦੇ ਲਈ ਅਤੇ ਪੋਲੇ ਪੈਰੀਂ ਬਾਹਰਲੇ ਘਰ ਨੂੰ ਤੁਰ ਪਿਆ। ਬਾਹਰਲੇ ਘਰ ਦੀ ਕੰਧ 'ਤੇ ਫ਼ੇਰ ਕੋਈ ਫ਼ੇਰ ਮਸ਼ਹੂਰੀ ਲਿਖ ਗਿਆ ਸੀ।

-"ਓਏ ਪਾੜ੍ਹਿਆ, ਆਹ ਮਸ਼ਹੂਰੀਆਂ ਕਰਨ ਆਲ਼ੇ ਫ਼ੇਰ ਕੀ ਲਿਖ'ਗੇ ਆਪਣੀ ਕੰਧ 'ਤੇ..? ਇਨ੍ਹਾਂ ਕਲੀ-ਕੂਚੀ ਆਲ਼ਿਆਂ ਨੇ ਬੜਾ ਲਹੂ ਪੀਤੈ...!" ਉਸ ਨੇ ਤੁਰੇ ਜਾਂਦੇ ਮੁੰਡੇ ਨੂੰ ਆਵਾਜ਼ ਮਾਰ ਲਈ।

-"ਇਹ 'ਦੂਜੀਆਂ' ਗੋਲ਼ੀਆਂ ਦੀ ਮਸ਼ਹੂਰੀ ਐ, ਤਾਇਆ..!" ਪਾੜ੍ਹੇ ਨੇ ਦੱਸਿਆ। ਪਰ ਗੱਲ ਰਾਕਟ ਵਾਂਗ ਗਿੰਦਰ ਦੇ ਉੱਤੋਂ ਦੀ ਲੰਘ ਗਈ।

-"ਕਾਹਦੀਆਂ ਗੋਲ਼ੀਆਂ ਦੀ..?"

-"ਓਹੋ 'ਟੈਮ ਲਾਉਣ' ਆਲ਼ੀਆਂ ਗੋਲ਼ੀਆਂ ਦੀ ਚਾਚਾ..!" ਪਾਸੇ ਖੜ੍ਹੇ ਖਹਿਰੇ ਨੇ ਗੱਲ ਨੂੰ "ਨਿਖਾਰ ਕੇ" ਦੱਸਿਆ ਅਤੇ ਆਪ ਮੁਛਕੜੀਏਂ ਹੱਸਿਆ।

-"ਕਿੱਡੇ ਕੁੜੀ ਦੇ ਤਲੈਂਬੜ ਐ, ਮਿਲ਼ ਲੈਣ ਦੇ ਮੈਨੂੰ, ਲਊਂ ਝੱਗੇ ਦਾ ਮੇਚ..! ਕਿੰਨੀ ਆਰੀ ਛਾਂਅਦੇ ਦਿੱਤੇ ਐ, ਕੁੜੀ ਦੇ ਗੜਦੁੱਬ ਗਾਲ਼ਾਂ ਲੈ ਕੇ ਵੀ ਨੀ ਟਲ਼ਦੇ..!" ਉਹ ਹੱਥ ਨਾਲ਼ ਮਸ਼ਹੂਰੀ ਵਾਲ਼ੇ ਅੱਖਰ ਮੇਟੀ ਜਾ ਰਿਹਾ ਸੀ।

ਆਸੇ ਪਾਸੇ ਖੜ੍ਹੇ ਲੋਕ ਗਿੰਦਰ ਨੂੰ ਦੇਖ-ਦੇਖ ਹੱਸ ਰਹੇ ਸਨ।

ਪਰ ਗਿੰਦਰ ਅੱਕਿਆ ਹੋਇਆ ਗਾਲ਼ਾਂ ਦੀ ਸੂੜ ਬੰਨ੍ਹੀ ਫ਼ਿਰਦਾ ਸੀ।

## ਵਾਤਾਵਰਣ ਸੰਬੰਧਤ ਵਿਗਿਆਨ ਗਲਪ ਕਹਾਣੀ

# ਤਰਲ ਰੁੱਖ

## (ਕੰਕਰੀਟ ਦਾ ਜੰਗਲ ਤੇ ਕੁਦਰਤ ਦੀ ਵਾਪਸੀ)

ਡਾ. ਡੀ.ਪੀ. ਸਿੰਘ,
ਕੈਨੇਡਾ
Email: drdpsn@hotmail.com
Website: drdpsinghauthor.wordpress.com





ਦਿੱਲੀ ਮਹਾਂਨਗਰ ਵਿਚ ਆਮ ਜੀਵਨ ਇਕ ਰੋਜ਼ਾਨਾ ਜੱਦੋ-ਜਹਿਦ ਬਣ ਚੁੱਕਾ ਸੀ। ਧੂੰਏਂ ਨਾਲ ਭਰੇ ਅਸਮਾਨ ਵਾਲਾ ਇਹ ਸ਼ਹਿਰ ਕੰਕਰੀਟ ਦੀਆਂ ਉੱਚੀਆਂ-ਉੱਚੀਆਂ ਇਮਾਰਤਾਂ ਦਾ ਜਮਘਟ ਸੀ। ਕਦੇ ਸਮਾਂ ਸੀ ਜਦ ਇਹ ਸ਼ਹਿਰ ਹਰੇ-ਭਰੇ ਬਾਗ-ਬਗੀਚਿਆਂ ਦੀ ਖੂਬਸੂਰਤੀ ਨਾਲ ਸਰਸ਼ਾਰ ਸੀ। ਪਰ ਹੁਣ ਰੁੱਖਾਂ ਤੇ ਹਰਿਆਵਲ ਦੀ ਅਣਹੋਂਦ ਨੇ ਤਾਂ ਸ਼ਹਿਰ ਦਾ ਰੰਗ ਰੂਪ ਹੀ ਬਦਲ ਦਿੱਤਾ ਸੀ। ਸਭ ਪਾਸੇ ਕੰਕਰੀਣ ਦਾ ਸਲੇਟੀ ਰੰਗ ਤੇ ਪੀਲੇ-ਭੂਰੇ ਧੂੰਏ ਰੰਗਾ ਆਸਮਾਨ ਲੋਕਾਂ ਦੀ ਜਾਨ ਦਾ ਜ਼ੋਖ਼ਮ ਬਣ ਚੁੱਕਾ ਸੀ।

ਜਿਵੇਂ ਹੀ ਸੂਰਜ ਦੀਆਂ ਕਿਰਨਾਂ ਅੰਬਰ ਵਿਚ ਫੈਲੀ ਪ੍ਰਦੂਸ਼ਣ ਦੀ ਮੋਟੀ ਮੈਲੀ ਚਾਦਰ ਵਿਚੋਂ ਲੰਘਣ ਦੀ ਕੋਸ਼ਿਸ਼ ਕਰ ਰਹੀਆਂ ਸਨ, ਰੋਜ਼ਮਰ੍ਹਾ ਦੇ ਕੰਮਾਂ ਵਿਚ ਡੁੱਬੇ ਸ਼ਹਿਰ ਵਾਸੀਆਂ ਲਈ ਕੁਦਰਤ ਦੀ ਹੋਂਦ ਪ੍ਰਾਚੀਨ ਕਾਲ ਦੀ ਯਾਦ ਬਣ ਚੁੱਕੀ ਸੀ। ਇਸ ਸ਼ਹਿਰ ਦੇ ਬੱਚਿਆਂ ਨੇ ਆਪਣੇ ਜੀਵਨ ਕਾਲ ਦੌਰਾਨ ਕਦੇ ਵੀ ਕੋਈ ਅਸਲੀ ਰੁੱਖ ਨਹੀਂ ਸੀ ਦੇਖਿਆ। ਕੁਦਰਤ ਬਾਰੇ ਉਨ੍ਹਾਂ ਦਾ ਅਨੁਭਵ ਸਿਰਫ਼ ਇਤਿਹਾਸ ਦੀਆਂ ਕਿਤਾਬਾਂ ਵਿਚ ਮੌਜੂਦ ਰੁੱਖਾਂ ਦੇ ਫਿੱਕੇ ਚਿੱਤਰਾਂ ਦਾ ਹੀ ਸੀ। ਪਰ ਕਈ ਬਜੁਰਗ ਅਜੇ ਵੀ ਉਨ੍ਹਾਂ ਦਿਨਾਂ ਨੂੰ ਯਾਦ ਕਰਦੇ ਸਨ, ਜਦੋਂ ਸੜਕਾਂ ਕਿਨਾਰੇ ਲੱਗੇ ਉੱਚੇ ਲੰਮੇ ਅਮਲਤਾਸ, ਗੁਲਮੋਹਰ ਤੇ ਬਰਗਦ ਦੇ ਰੁੱਖ ਅਤੇ ਫੁੱਲਾਂ ਲੱਦੇ ਮੌਲਸਰੀ ਤੇ ਚੰਪਾ ਦੇ ਬੂਟੇ ਚੌਗਿਰਦੇ ਨੂੰ ਖੂਬਸੂਰਤੀ ਅਤੇ ਮਹਿਕ ਨਾਲ ਭਰ ਦਿੰਦੇ ਸਨ।

ਹਰੇ-ਭਰੇ ਵਾਤਾਵਰਣ ਦੀ ਘਾਟ ਨੇ ਸ਼ਹਿਰ ਵਾਸੀਆਂ ਦੀ ਸਿਹਤ ਉੱਤੇ ਡੂੰਘਾ ਪ੍ਰਭਾਵ ਪਾਇਆ ਸੀ। ਉਨ੍ਹਾਂ ਵਿਚੋਂ ਬਹੁਤੇ ਸਾਹ ਦੀਆਂ ਬਿਮਾਰੀਆਂ ਦਾ ਸ਼ਿਕਾਰ ਸਨ। ਹਵਾ ਵਿਚ ਪ੍ਰਦੂਸ਼ਣ ਦੀ ਮਾਤਰਾ ਇੰਨੀ ਵਧੇਰੇ ਸੀ ਕਿ ਲੋਕਾਂ ਨੂੰ ਸਾਹ ਲੈਣ ਲਈ ਮਾਸਕ ਦੀ ਵਰਤੋਂ ਕਰਨੀ ਪੈ ਰਹੀ ਸੀ। ਹਸਪਤਾਲ ਸਾਹ ਦੀਆਂ ਬਿਮਾਰੀਆਂ ਦੇ ਸ਼ਿਕਾਰ ਮਰੀਜ਼ਾਂ ਨਾਲ ਭਰੇ ਪਏ ਸਨ ਅਤੇ ਬੱਚੇ ਘਾਹ ਦੇ ਮੈਦਾਨਾਂ ਦੀ ਥਾਂ ਕੰਕਰੀਟ ਦੀਆਂ ਉੱਚੀਆਂ ਕੰਧਾਂ ਨਾਲ ਘਿਰੇ ਸੀਮਿੰਟ ਦੇ ਬਣੇ ਮੈਦਾਨਾਂ ਵਿਚ ਖੇਡਦੇ ਸਨ।

ਇਸ ਕੰਕਰੀਟ ਦੇ ਜੰਗਲ ਦੇ ਵਿਚ, ਮਾਇਆ ਨਾਮੀ ਦੀ ਇੱਕ ਮੁਟਿਆਰ, ਇੱਕ ਵੱਖਰੀ ਦੁਨੀਆਂ ਦਾ ਸੁਪਨਾ ਦੇਖ ਰਹੀ ਸੀ। ਕੁਦਰਤ ਦੀ ਖ਼ੂਬਸੂਰਤੀ ਬਾਰੇ ਉਸ ਨੇ ਆਪਣੇ ਦਾਦਾ-ਦਾਦੀ ਤੋਂ ਕਹਾਣੀਆਂ ਸੁਣੀਆਂ ਸਨ ਅਤੇ ਉਨ੍ਹਾਂ ਕਹਾਣੀਆਂ ਨੇ ਉਸ ਦੇ ਦਿਲ ਵਿਚ ਆਸ ਦਾ ਇਕ ਬੀਜ ਬੀਜ ਦਿੱਤਾ ਸੀ। ਬੇਸ਼ੱਕ ਉਹ ਸ਼ਹਿਰ ਵਿਖੇ ਇੱਕ ਇਮਾਰਤਸ਼ਾਜ ਵਜੋਂ ਕੰਮ ਕਰ ਰਹੀ ਸੀ, ਪਰ ਉਸ ਦੀ ਮੂਲ ਰੁਚੀ ਦਿੱਲੀ ਵਿਚ ਹਰਿਆਲੀ ਨੂੰ ਵਾਪਸ ਲਿਆਉਣ ਦਾ ਤਰੀਕਾ ਲੱਭਣ ਦੀ ਸੀ।

ਮਾਇਆ ਨੇ ਖੜ੍ਹਵੇਂ (vertical) ਬਗੀਚਿਆਂ ਦੀ ਕਲਪਨਾ ਕਰ, ਆਪਣੇ ਇਮਾਰਤਸ਼ਾਜ਼ੀ ਹੁਨਰ ਦੀ ਵਰਤੋਂ ਕਰਦੇ ਹੋਏ ਇਮਾਰਤਾਂ ਦੀਆਂ ਕੰਧਾਂ ਦੇ ਬਾਹਰਲੇ ਪਾਸਿਆਂ ਉੱਤੇ ਵੇਲਾਂ ਲਗਾ ਸਕਣ ਵਾਲੇ ਡਿਜ਼ਾਈਨ ਤਿਆਰ ਕੀਤੇ। ਉਸਨੇ ਹਵਾ ਨੂੰ ਸ਼ੁੱਧ ਕਰਨ ਵਾਲੀਆਂ ਅਜਿਹੀਆਂ ਵੇਲਾਂ ਤੇ ਪੌਦਿਆਂ ਬਾਰੇ ਜਾਣਕਾਰੀ ਇਕੱਠੀ ਕੀਤੀ, ਜੋ ਦੀਵਾਰਾਂ ਦੇ ਨਾਲ ਚਿਪਕ ਕੇ ਸ਼ਹਿਰ ਦੇ ਪ੍ਰਦੂਸ਼ਿਤ ਵਾਤਾਵਰਣ ਵਿਚ ਵੱਧ-ਫੁੱਲ ਸਕਣ। ਉਸ ਦਾ ਯਕੀਨ ਸੀ ਕਿ ਕੰਕਰੀਟ ਦੇ ਜੰਗਲ ਵਿਚ ਇੱਕ ਹਰੇ ਨਖ਼ਲਿਸਤਾਨ ਦੀ ਹੋਂਦ, ਪ੍ਰਦੂਸ਼ਣ ਦੀ ਮਾਰ ਝੱਲ ਰਹੇ ਲੋਕਾਂ ਨੂੰ ਸੁੱਖ ਭਰੀ ਜ਼ਿੰਦਗੀ ਜੀਊਣ ਵਿਚ ਮਦਦ ਕਰ ਸਕਦੀ ਹੈ।

ਮਾਇਆ ਦੀਆਂ ਕੋਸ਼ਿਸਾਂ ਦੀ ਖ਼ਬਰ ਹੌਲੇ-ਹੌਲੇ ਫੈਲਣ ਲੱਗ ਪਈ ਸੀ। ਤਦ ਹੀ ਉਸ ਨੂੰ ਆਪਣੇ ਵਰਗੀ ਸੋਚ ਵਾਲੇ ਕਈ ਹੋਰ ਵਿਅਕਤੀ ਵੀ ਮਿਲ ਗਏ, ਜੋ ਉਸ ਦੇ ਮਕਸਦ ਦੀ ਪੂਰਤੀ ਲਈ ਸਹਿਯੋਗ ਦੇਣ ਵਾਸਤੇ ਤੱਤਪਰ ਸਨ। ਉਨ੍ਹਾਂ ਸਭ ਨੇ ਮਿਲ ਕੇ "ਹਰਿਆਵਲ ਦਸਤਾ" ਨਾਮੀ ਸੰਸਥਾ ਦਾ ਗਠਨ ਕੀਤਾ। ਇਹ ਇੱਕ ਅਜਿਹੀ ਟੋਲੀ ਸੀ, ਜੋ ਦਿੱਲੀ ਵਿਖੇ ਕੁਦਰਤ ਦੀ ਵਾਪਸੀ ਲਈ ਦ੍ਰਿੜ ਸੀ। ਉਨ੍ਹਾਂ ਨੇ ਇਮਾਰਤਾਂ ਦੀਆਂ ਛੱਤਾਂ ਉੱਤੇ ਛੋਟੇ ਬਗੀਚਿਆਂ ਦੀ ਸਥਾਪਨਾ ਕਰਵਾਉਣੀ ਸ਼ੁਰੂ ਕੀਤੀ, ਤਾਂ ਜੋ ਇਨ੍ਹਾਂ ਬਗੀਚਿਆਂ ਵਿਚਲੇ ਪੌਦੇ ਹਵਾ ਨੂੰ ਸਾਫ ਕਰਕੇ ਸ਼ਹਿਰ ਵਾਸੀਆਂ ਨੂੰ ਪ੍ਰਦੂਸ਼ਣ ਭਰੇ ਮਾਹੌਲ ਤੋਂ ਨਿਜਾਤ ਦੁਆ ਸਕਣ।


ਜਿਵੇਂ-ਜਿਵੇਂ ਸ਼ਹਿਰ ਵਿਚ ਹਰੀਆਂ-ਭਰੀਆਂ ਥਾਵਾਂ ਦੀ ਗਿਣਤੀ ਵਧਣ ਲੱਗੀ, ਅਜਿਹੀਆਂ ਥਾਵਾਂ ਨੇੜਲੀ ਹਵਾ ਦੀ ਗੁਣਵੱਤਾ ਵਿਚ ਸੁਧਾਰ ਹੋ ਗਿਆ, ਤੇ ਲੋਕਾਂ ਨੂੰ ਪ੍ਰਦੂਸ਼ਣ ਦੀ ਮਾਰ ਤੋਂ ਰਾਹਤ ਦੀ ਕਿਰਨ ਮਹਿਸੂਸ ਹੋਣ ਲੱਗੀ। ਉਹ ਬੱਚਿਆਂ ਜਿਨ੍ਹਾਂ ਨੇ ਪਹਿਲਾਂ ਕਦੇ ਰੁੱਖ ਨਹੀਂ ਸਨ ਦੇਖੇ, ਉਹ ਹਰੇ ਭਰੇ ਪੱਤਿਆਂ ਅਤੇ ਰੰਗ-ਬਰੰਗੇ ਫੁੱਲਾਂ ਨਾਲ ਸਜੇ ਪੌਦਿਆਂ ਨੂੰ ਦੇਖ ਕੇ ਹੈਰਾਨ ਹੋ ਗਏ ਸਨ। ਬਾਲਗਾਂ ਨੂੰ ਹਰਿਆਵਲ ਦੀ ਹੋਂਦ ਵਿਚ ਸ਼ਾਂਤੀ ਤੇ ਸੁੰਦਰਤਾ ਮਹਿਸੂਸ ਹੋਈ।

ਪਰ ਅਜੇ ਇਹ ਸਭ ਕੁਝ ਵਧੇਰੇ ਅਸਰਦਾਰ ਨਜ਼ਰ ਨਹੀਂ ਸੀ ਆ ਰਿਹਾ, ਕਿਉਂਕਿ ਛੱਤਾਂ ਉੱਤੇ ਲੱਗੇ ਬਗੀਚੇ ਜ਼ਮੀਨੀ ਪੱਧਰ ਉੱਤੇ ਹਵਾ ਦੀ ਗੁਣਵੱਤਾ ਵਿਚ ਸੁਧਾਰ ਕਰਨ ਵਿਚ ਅਸਫਲ ਰਹੇ ਸਨ। ਆਪਣੇ ਮੌਜੂਦਾ ਯਤਨਾਂ ਦੇ ਨਤੀਜਿਆਂ ਤੋਂ ਅਸੰਤੁਸ਼ਟ, "ਹਰਿਆਵਲ ਦਸਤੇ" ਨੇ ਮਸਲੇ ਦੇ ਹੱਲ ਲਈ ਹੋਰ ਢੰਗ ਭਾਲਣ ਦੀ ਖੋਜ ਜਾਰੀ ਰੱਖੀ।

ਦਿੱਲੀ ਵਿਚ ਜ਼ਮੀਨੀ ਪੱਧਰ ਉੱਤੇ ਸਾਫ਼ ਹਵਾ ਦੀ ਘਾਟ ਹਰ ਕਿਸੇ ਲਈ ਜ਼ੋਖ਼ਮ ਦਾ ਮੁੱਦਾ ਸੀ। ਸੁਭਾਗਵੱਸ ਸਰਬੀਆ ਦੇ ਪ੍ਰਸਿੱਧ ਵਿਗਿਆਨੀ, ਡਾ. ਇਵਾਨ ਪੈਟਰੋਵਿਕ ਦੀ ਦੁਰਲੱਭ ਖੋਜ ਤੋਂ ਉਮੀਦ ਦੀ ਇੱਕ ਕਿਰਨ ਦਾ ਜਨਮ ਹੋਇਆ। ਡਾ. ਇਵਾਨ ਇੱਕ ਖਾਸ ਖੋਜ ਪ੍ਰੋਜੈਕਟ ਸੰਬੰਧੀ ਕੰਮ ਕਰਨ ਲਈ ਇਸ ਸ਼ਹਿਰ ਵਿਖੇ ਆਇਆ ਸੀ। ਇਥੋਂ ਦੇ ਹਾਲਾਤ ਦੇਖ ਉਸ ਨੂੰ ਯਕੀਨ ਹੋ ਗਿਆ ਸੀ ਕਿ ਉਸ ਦੀ ਖੋਜ ਇਸ ਸ਼ਹਿਰ ਤੇ ਇਸ ਦੇ ਵਾਸੀਆਂ ਦਾ ਜੀਵਨ ਬਦਲਣ ਦੇ ਸਮਰਥ ਹੈ।

ਡਾ. ਇਵਾਨ ਇੱਕ ਵਿਲੱਖਣ ਖੋਜੀ ਸੀ, ਜਿਸ ਨੇ ਵਾਤਾਵਰਨ ਦੇ ਮਸਲਿਆਂ ਬਾਰੇ ਨਵੇਂ ਹੱਲ ਲੱਭਣ ਲਈ ਆਪਣਾ ਜੀਵਨ ਸਮਰਪਿਤ ਕੀਤਾ ਹੋਇਆ ਸੀ। ਉਸ ਨੇ ਸੂਖਮ ਐਲਗੀ ਦੁਆਰਾ ਪ੍ਰਦੂਸ਼ਣਕਾਰੀ ਕਣਾਂ ਨੂੰ ਜਜ਼ਬ ਕਰਨ ਅਤੇ ਆਕਸੀਜਨ ਛੱਡਣ ਦੀ ਕ੍ਰਿਆ ਦੀ ਜਾਂਚ ਵਿਚ ਲਗਭਗ ਦੋ ਦਹਾਕੇ ਬਿਤਾਏ ਸਨ। ਆਪਣੇ ਖੋਜ ਕਾਰਜਾਂ ਦੀ ਬਦੌਲਤ ਉਸ











ਨੇ ਇਕ ਅਜਿਹੀ ਕੁਦਰਤੀ ਕ੍ਰਿਆ ਦਾ ਪਤਾ ਲਗਾ ਲਿਆ ਸੀ, ਜੋ ਦਿੱਲੀ ਦੀ ਕਿਸਮਤ ਨੂੰ ਹਮੇਸ਼ਾ ਲਈ ਬਦਲਣ ਦੇ ਸਮਰਥ ਸੀ।

ਇੱਕ ਦਿਨ, ਜਦੋਂ ਡਾ. ਇਵਾਨ ਸ਼ਹਿਰ ਦੀ ਪਥਰੀਲੀ ਸੜਕ ਉੱਤੇ ਪੈਦਲ ਜਾ ਰਿਹਾ ਸੀ, ਤਾਂ ਉਸ ਨੇ ਸ਼ਹਿਰ ਵਾਸੀਆਂ ਦੀਆਂ ਮੁਸ਼ਕਲਾਂ ਅਤੇ ਪ੍ਰਦੂਸ਼ਣ ਦੇ ਗੰਭੀਰ ਨਤੀਜਿਆਂ ਨੂੰ ਨੇੜਿਓਂ ਦੇਖਿਆ। ਉਸੇ ਸਮੇਂ ਉਸ ਨੂੰ ਇਕ ਫੁਰਨਾ ਆਇਆ। ਇਸ ਫੁਰਨੇ ਨਾਲ ਉਸ ਦੇ ਮਨ ਵਿਚ ਇਕ ਤਰਲ ਰੁੱਖ ਦਾ ਰੂਪ ਪ੍ਰਗਟ ਹੋ ਗਿਆ। ਉਸ ਨੇ ਇੱਕ ਅਜਿਹੇ ਸਿਸਟਮ ਦੀ ਕਲਪਨਾ ਕੀਤੀ, ਜਿਸ ਵਿਚ ਵਿਸ਼ੇਸ਼ ਢੰਗ ਨਾਲ ਤਿਆਰ ਕੀਤੀ ਸੂਖਮ ਐਲਗੀ ਨੂੰ ਪਾਣੀ ਨਾਲ ਭਰੇ ਕੱਚ ਦੇ ਬਕਸੇ ਵਿਚ ਇੰਝ ਰੱਖਿਆ ਜਾਵੇ, ਤਾਂ ਕਿ ਉਹ ਐਲਗੀ ਚੌਗਿਰਦੇ ਦੀ ਪ੍ਰਦੂਸ਼ਿਤ ਹਵਾ ਨੂੰ ਸਹਿਜੇ ਹੀ ਸੋਖ ਸਕੇ ਅਤੇ ਹਵਾ ਵਿਚਲੇ ਪ੍ਰਦੂਸ਼ਣਕਾਰੀ ਕਣਾਂ, ਪਾਣੀ ਤੇ ਰੌਸ਼ਨੀ ਦੀ ਆਪਸੀ ਕ੍ਰਿਆ ਤੋਂ ਪੈਦਾ ਹੋਈ ਆਕਸੀਜਨ ਨੂੰ ਆਲੇ-ਦੁਆਲੇ ਦੇ ਵਾਤਾਵਰਣ ਵਿਚ ਛੱਡ ਸਕੇ। ਇਹ ਬਿਲਕੁਲ ਅਜਿਹੀ ਹੀ ਪ੍ਰਣਾਲੀ ਸੀ, ਜਿਵੇਂ ਰੁੱਖ ਗੰਦੀ ਹਵਾ (ਕਾਰਬਨ ਡਾਇਆਕਸਾਈਡ ਗੈਸ) ਨੂੰ ਸੋਖ ਕੇ ਸਾਫ਼ ਹਵਾ (ਆਕਸੀਜਨ) ਪੈਦਾ ਕਰਦੇ ਸਨ।

ਡਾ. ਇਵਾਨ ਦੁਆਰਾ ਤਰਲ ਰੁੱਖ ਦੀ ਕਲਪਨਾ ਇਸ ਕੰਕਰੀਟ ਦੇ ਜੰਗਲ ਵਿਚ ਉਮੀਦ ਦੀ ਕਿਰਨ ਵਜੋਂ ਪ੍ਰਗਟ ਹੋਈ। ਉਹ ਸੋਚ ਰਿਹਾ ਸੀ, 'ਇਹ ਰੁੱਖ, ਕੱਚ ਦੀਆਂ ਸ਼ਾਨਦਾਰ ਬਣਤਰਾਂ ਵਾਲੇ ਮੱਛੀ ਪਾਲਣ ਵਾਲੇ ਟੈਂਕਾਂ ਵਾਂਗ, ਸ਼ਹਿਰ ਦੀਆਂ ਗਲੀਆਂ, ਖੇਡ ਮੈਦਾਨਾਂ ਅਤੇ ਬੱਸ ਸਟੈਂਡਾਂ ਵਿਖੇ ਮੌਜੂਦ ਬੈਂਚਾਂ ਦੀ ਪਿਛਲੀ ਢੋਅ ਦਾ ਕੰਮ ਕਰਦੇ ਹੋਏ ਸ਼ਹਿਰ ਦੇ ਗੰਧਲੇਪਣ ਨੂੰ ਦੂਰ ਕਰਨ ਦਾ ਕੰਮ ਸਹਿਜੇ ਹੀ ਕਰ ਸਕਣਗੇ। ਇਨ੍ਹਾਂ ਕੱਚ ਦੇ ਬਕਸਿਆਂ ਵਿਚ ਪਾਣੀ ਦੀ ਹੋਂਦ ਵਿਚ ਐਲਗੀ ਦੀ ਪ੍ਰਕਾਸ਼ ਸੰਸ਼ਲੇਸ਼ਣ ਕਰਨ ਦੀ ਕੁਦਰਤੀ ਯੋਗਤਾ, ਹਵਾ ਦੇ ਪ੍ਰਦੂਸ਼ਣ ਨੂੰ ਚੂਸਦੇ ਹੋਏ ਚੌਗਿਰਦੇ ਵਿਚ ਸ਼ੁੱਧ ਆਕਸੀਜਨ ਛੱਡ ਸਕੇਗੀ।' ਇਹ ਕਲਪਨਾ ਸੱਚ ਹੀ ਨਿਰਾਲੀ ਸੀ।

ਡਾ. ਇਵਾਨ "ਹਰਿਆਵਲ ਦਸਤਾ" ਦੇ ਕੰਮਾਂ ਤੋਂ ਜਾਣੂ ਸੀ ਕਿ ਕਿਵੇਂ ਇਸ ਦਸਤੇ ਦੇ ਮੈਂਬਰ ਦਿੱਲੀ ਵਿਖੇ ਹਰਿਆਵਲ ਦੀ ਵਾਪਸੀ ਲਈ ਅਣਥੱਕ ਮਿਹਨਤ ਕਰ ਰਹੇ ਸਨ। ਉਸ ਨੇ ਆਪਣਾ ਵਿਚਾਰ ਉਨ੍ਹਾਂ ਨਾਲ ਸਾਂਝਾ ਕੀਤਾ। ਨਵੇਂ ਵਿਚਾਰਾਂ ਬਾਰੇ ਹਮੇਸ਼ਾ ਹੀ ਉਤਸਾਹਿਤ ਰਹਿਣ ਵਾਲੀ ਮਾਇਆ, ਹਰਿਆਵਲ ਦਸਤੇ ਦੇ ਮੋਢੀਆਂ ਵਿਚ ਇਕ ਸੀ, ਜੋ ਡਾ. ਇਵਾਨ ਦੇ ਵਿਚਾਰਾਂ ਤੋਂ ਡਾਢੀ ਪ੍ਰਭਾਵਿਤ ਹੋਈ। ਉਸ ਨੇ ਡਾ. ਇਵਾਨ ਦੇ ਨਿਰਾਲੇ ਸਕੰਲਪ ਨੂੰ ਸਾਕਾਰ ਕਰਨ ਲਈ ਹਰਿਆਵਲ ਦਸਤੇ ਦੇ ਮੈਂਬਰਾਂ ਨੂੰ ਮਨਾ ਲਿਆ।

ਡਾ. ਇਵਾਨ ਅਤੇ ਉਸ ਦੀ ਟੀਮ ਨੇ ਪ੍ਰਦੂਸ਼ਣਕਾਰੀ ਪਦਾਰਥਾਂ ਨੂੰ ਜਜ਼ਬ ਕਰਨ ਅਤੇ ਆਕਸੀਜਨ ਪੈਦਾ ਕਰਨ ਲਈ ਬਹੁਤ ਹੀ ਕੁਸ਼ਲ ਸੂਖ਼ਮ ਐਲਗੀ ਦੀਆਂ ਵੰਨਗੀਆਂ ਨੂੰ ਧਿਆਨ ਨਾਲ ਚੁਣਿਆ। ਹੌਲੇ-ਹੌਲੇ ਕੱਚ ਦੇ ਢਾਂਚਿਆਂ ਵਾਲੇ ਤਰਲ ਰੁੱਖ ਸਾਰੇ ਸ਼ਹਿਰ ਵਿਚ ਦਿਖਾਈ ਦੇਣ ਲੱਗ ਪਏ। ਇਹ ਤਰਲ ਰੁੱਖ ਹਵਾ ਦੀ ਗੁਣਵੱਤਾ ਦੀ ਜਾਂਚ ਲਈ ਸੈਂਸਰਾਂ ਨਾਲ ਲੈਸ ਸਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸ਼ਹਿਰ ਦੀਆਂ ਲੋੜਾਂ ਲਈ ਸਹੀ ਰੋਲ ਅਦਾ ਕਰ ਰਹੇ ਹਨ।

ਜਿਵੇਂ-ਜਿਵੇਂ ਤਰਲ ਰੁੱਖਾਂ ਦੀ ਗਿਣਤੀ ਵਧਦੀ ਗਈ, ਦਿੱਲੀ ਦੇ ਵਾਯੂ-ਮੰਡਲ ਵਿਚ ਉਨ੍ਹਾਂ ਦਾ ਪ੍ਰਭਾਵ ਨਜ਼ਰ ਆਉਣ ਲੱਗਾ। ਪ੍ਰਦੂਸ਼ਣ ਦਾ ਪੱਧਰ ਕਾਫ਼ੀ ਹੱਦ ਤੱਕ ਘੱਟ ਗਿਆ ਅਤੇ ਹਵਾ ਸਾਫ਼-ਸੁਥਰੀ ਹੋ ਗਈ। ਪਹਿਲੋਂ ਪ੍ਰਚਲਿਤ ਹਵਾ-ਸਫ਼ਾਈ ਯੰਤਰਾਂ ਦੀ ਲਗਾਤਾਰ ਗੂੰਜ ਅਤੇ ਮਾਸਕ ਪਹਿਨੇ ਲੋਕਾਂ ਦੀ ਸੰਖਿਆ ਹੁਣ ਕਾਫ਼ੀ ਘੱਟ ਹੋ ਗਈ ਸੀ। ਹੁਣ ਬੱਚੇ ਗਲੀਆਂ ਵਿਚ ਬੇਫ਼ਿਕਰੀ ਨਾਲ ਨੱਠ-ਭੱਜ ਕਰ ਸਕਦੇ ਸਨ। ਬਜ਼ੁਰਗਾਂ ਦੀ ਸਿਹਤ ਵਿਚ ਸੁਧਾਰ ਨਜ਼ਰ ਆਉਣ ਲੱਗ ਪਿਆ ਸੀ।

ਸ਼ਹਿਰ ਵਿਚ ਹਰੇ ਰੰਗ ਦੇ ਭਿੰਨ-ਭਿੰਨ ਰੂਪਾਂ ਵਾਲੇ ਕੱਚ ਦੇ ਖ਼ੂਬਸੂਰਤ ਢਾਂਚਿਆਂ ਵਾਲੇ ਤਰਲ ਰੁੱਖ, ਸੜਕਾਂ ਕਿਨਾਰੇ ਸਾਫ਼ ਹਵਾ ਦੇ ਰੱਖਿਅਕਾਂ ਵਾਂਗ ਖੜ੍ਹੇ ਨਜ਼ਰ ਆ ਰਹੇ ਸਨ। ਹਰੇਕ ਤਰਲ ਰੁੱਖ ਦੇ ਹੇਠਲੇ ਪਾਸੇ ਨਾਲ, ਇੱਕ ਬੈਂਚ ਜੁੜਿਆ ਹੋਇਆ ਸੀ, ਜੋ ਲੋਕਾਂ ਨੂੰ ਬੈਠਣ, ਆਰਾਮ ਕਰਨ ਅਤੇ ਕੁਦਰਤ ਨਾਲ ਜੁੜਨ ਦਾ ਸੱਦਾ ਦਿੰਦਾ ਸੀ। ਇਹ ਬੈਂਚ ਆਪਸੀ ਮੁਲਾਕਾਤ ਦੀ ਠਾਹਰ ਬਣ ਗਏ, ਜਿੱਥੇ ਅਣਜਾਣ ਲੋਕ ਵੀ ਆਪਸੀ ਮੁਲਾਕਾਤਾਂ ਨਾਲ ਦੋਸਤ ਬਣ ਗਏ। ਸ਼ਹਿਰ ਵਾਸੀਆਂ ਨੂੰ ਇਨ੍ਹਾਂ ਜੀਵਿਤ ਅਜੂਬਿਆਂ ਦੀ ਹੋਂਦ ਨਾਲ ਖ਼ੁਸ਼ੀ ਤੇ ਰਾਹਤ ਦਾ ਅਨੁਭਵ ਹੋਇਆ।

ਜਿਵੇਂ ਹੀ ਰੁੱਤਾਂ ਬਦਲਦੀਆਂ ਗਈਆਂ, ਤਰਲ ਰੁੱਖ ਵੀ ਰੰਗ ਬਦਲਦੇ ਗਏ, ਪਤਝੜ ਵਿਚ ਲਾਲ, ਸੰਤਰੀ ਅਤੇ ਪੀਲੇ ਰੰਗ ਦੇ ਚਮਕਦਾਰ ਰੰਗਾਂ ਵਿਚ ਨਜ਼ਰ ਆਉਂਦੇ ਅਤੇ ਬਸੰਤ ਰੁੱਤ ਵਿਚ ਨਾਜ਼ੁਕ ਫੁੱਲਾਂ ਦੇ ਰੰਗਾਂ ਨਾਲ ਚਮਚਮਾ ਉੱਠਦੇ। ਨੀਰਸ ਸਲੇਟੀ ਰੰਗ ਵਾਲਾ ਦਿੱਲੀ ਸ਼ਹਿਰ ਹੁਣ ਤਾਂ ਸਾਰਾ ਸਾਲ ਹੀ ਰੰਗਾਂ ਦੀ ਬਹਾਰ ਨਾਲ ਸਰਸ਼ਾਰ ਨਜ਼ਰ ਆਉਂਦਾ ਸੀ।

ਦਿੱਲੀ ਵਿਖੇ ਵਾਪਰ ਰਹੀ ਅਜਬ ਤਬਦੀਲੀ ਵਿਚ, ਅਚਾਨਕ ਇਕ ਮੁਸ਼ਕਲ ਪੈਦਾ ਹੋ ਗਈ। ਜਿਸ ਨਾਲ ਤਰਲ ਰੁੱਖਾਂ ਅਤੇ ਸ਼ਹਿਰ ਵਾਸੀਆਂ ਦੇ ਆਪਸੀ ਭਾਈਚਾਰੇ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਗਿਆ। ਸ਼ਹਿਰ ਦੇ ਪ੍ਰਮੁੱਖ ਕਾਰੋਬਾਰੀਆਂ ਦੇ ਇੱਕ ਗੁੱਟ, ਜੋ "ਨਗਰ ਨਿਰਮਾਣ ਨਿਗਮ" ਦੇ ਨਾਮ ਨਾਲ ਮਸ਼ਹੂਰ ਸੀ, ਨੇ ਤਰਲ ਰੁੱਖਾਂ ਨੂੰ ਉਨ੍ਹਾਂ ਦੇ ਕਾਰੋਬਾਰੀ ਲਾਭਾਂ ਲਈ ਖ਼ਤਰੇ ਵਜੋਂ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ।

ਇਨ੍ਹਾਂ ਕਾਰੋਬਾਰੀਆਂ ਦੇ ਸਿਹਤ ਭਲਾਈ ਸੇਵਾਵਾਂ ਅਤੇ ਉਸਾਰੀ ਉਦਯੋਗ ਦੇ ਖੇਤਰਾਂ ਵਿਚ ਵਿਸ਼ੇਸ਼ ਹਿੱਤ ਸਨ। ਉਨ੍ਹਾਂ ਨੂੰ ਚਿੰਤਾ ਸੀ ਕਿ ਮਾਇਆ, ਡਾ. ਇਵਾਨ ਅਤੇ ਹਰਿਆਵਲ ਦਸਤੇ ਦੁਆਰਾ ਕੀਤੇ ਜਾ ਰਹੇ ਯਤਨਾਂ ਕਾਰਣ ਸ਼ਹਿਰ ਵਿਖੇ ਹਰਿਆਵਲ ਦੀ ਵਾਪਸੀ ਸਿਹਤ ਭਲਾਈ ਖੇਤਰ ਦੇ ਮੁਨਾਫੇ ਅਤੇ ਨਵੇਂ ਨਿਰਮਾਣ ਪ੍ਰੋਜੈਕਟਾਂ ਵਿਚ ਰੁਕਾਵਟ ਪਾਵੇਗੀ। ਉਨ੍ਹਾਂ ਦੀ ਸੋਚ ਸੀ ਕਿ ਸ਼ਹਿਰਵਾਸੀਆਂ ਵਿਚ ਹਰਿਆਲੀ ਵਾਪਸੀ ਦਾ ਜਨੂੰਨ ਕਾਰੋਬਾਰੀ ਲਾਭਾਂ ਦੀ ਮਾਤਰਾ ਨੂੰ ਘੱਟ ਕਰ ਦੇਵੇਗਾ।

ਨਗਰ ਨਿਰਮਾਣ ਨਿਗਮ ਨੇ ਤਰਲ ਰੁੱਖਾਂ ਦੇ ਫੈਲਾਅ ਨੂੰ ਰੋਕਣ ਲਈ ਮਿਊਂਸੀਪਲ ਕੌਂਸਲ ਦੇ ਮੈਂਬਰਾਂ ਉੱਤੇ ਦਬਾਉ ਵਧਾਉਣਾ ਸ਼ੁਰੂ ਕਰ ਦਿੱਤਾ। ਨਿਗਮ ਨੇ ਮਿਊਂਸੀਪਲ ਕੌਂਸਲ ਦੇ ਮੈਂਬਰਾਂ ਨੂੰ ਸ਼ਹਿਰ ਵਿਖੇ ਹੋਰ ਇਮਾਰਤਾਂ ਬਣਾਉਣ ਦਾ ਰਾਹ ਮੋਕਲਾ ਕਰਨ ਲਈ ਸਥਾਪਿਤ ਕੀਤੇ ਗਏ ਤਰਲ ਰੁੱਖਾਂ ਨੂੰ ਹਟਾਉਣ ਦਾ ਪ੍ਰਸਤਾਵ ਪਾਸ ਕਰਨ ਲਈ ਆਪਣਾ ਪੂਰਾ ਜ਼ੋਰ ਲਗਾ ਦਿੱਤਾ। ਉਨ੍ਹਾਂ ਦੀਆਂ ਦਲੀਲਾਂ ਮਨ-ਲੁਭਾਵਣੀਆ ਸਨ ਅਤੇ ਉਨ੍ਹਾਂ ਕੋਲ ਆਪਣੇ ਆਸ਼ੇ ਦੀ ਪ੍ਰਾਪਤੀ ਲਈ ਉਚਿਤ ਸਾਧਨ ਵੀ ਸਨ।

ਜਿਵੇਂ ਹੀ ਇਸ ਮੁੱਦੇ ਦੀ ਖ਼ਬਰ ਫੈਲੀ, ਸ਼ਹਿਰ ਵਿਚ ਦੋ ਧੜੇ ਬਣ ਗਏ। ਕੁਝ ਲੋਕਾਂ ਦਾ ਮੰਨਣਾ ਸੀ ਕਿ ਤਰਲ ਰੁੱਖ ਇੱਕ ਸਿਹਤਮੰਦ ਅਤੇ ਵਧੇਰੇ ਉੱਜਲ ਭਵਿੱਖ ਦਾ ਆਧਾਰ ਹਨ, ਜਦੋਂਕਿ ਦੂਜੇ ਧੜੇ ਦੇ ਲੋਕ ਤਰਲ ਰੁੱਖਾਂ ਨੂੰ ਆਰਥਿਕ ਵਿਕਾਸ ਦੇ ਰਾਹ ਵਿਚ ਰੁਕਾਵਟ ਮੰਨ ਰਹੇ ਸਨ। ਗਰਮਾ-ਗਰਮ ਬਹਿਸਾਂ ਨੇ ਸ਼ਹਿਰ ਦੇ ਨਿਊਜ਼ ਅਦਾਰਿਆਂ ਅਤੇ ਸੋਸ਼ਲ ਮੀਡੀਆ ਚੈਨਲਾਂ ਨੂੰ ਭਰ ਦਿੱਤਾ। ਫਲਸਰੂਪ ਸ਼ਹਿਰ ਵਾਸੀਆਂ ਵਿਚ ਡਾਢੀ ਤਣਾਅ ਭਰੀ ਸਥਿਤੀ ਬਣ ਗਈ ਸੀ।

ਜਿਵੇਂ ਹੀ ਤਰਲ ਰੁੱਖਾਂ ਨੂੰ ਬਚਾਉਣ ਲਈ ਸੰਘਰਸ਼ ਤੇਜ਼ ਹੁੰਦਾ ਗਿਆ, ਦਿੱਲੀ ਵਿਚ ਧੜਾਬੰਦੀ ਹੋਰ ਸਪੱਸ਼ਟ ਹੁੰਦੀ ਗਈ। ਨਗਰ ਨਿਰਮਾਣ ਨਿਗਮ ਨੇ ਆਪਣੇ ਹਿੱਤਾਂ ਦੀ ਰੱਖਿਆ ਲਈ ਆਪਣੀ ਪੂਰੀ ਤਾਕਤ ਲਗਾ ਦਿੱਤੀ। ਤਰਲ ਰੁੱਖਾਂ ਦੇ ਫੈਲਾਅ ਨੂੰ ਰੋਕਣ ਲਈ ਉਨ੍ਹਾਂ ਆਪਣੀਆਂ ਕੋਸ਼ਿਸ਼ਾਂ ਨੂੰ ਹੋਰ ਤੇਜ਼ ਕਰ ਦਿੱਤਾ। ਖੁੱਲ੍ਹੇ ਦਿਲ ਨਾਲ ਪੈਸਾ ਖਰਚਦੇ ਹੋਏ, ਉਨ੍ਹਾਂ ਨੇ ਤਰਲ ਰੁੱਖਾਂ ਦੇ ਵਿਰੋਧ ਵਿਚ ਇੱਕ ਅਜਿਹੀ ਮੁਹਿੰਮ ਚਲਾਈ, ਜਿਸ ਨਾਲ ਉਨ੍ਹਾਂ ਸ਼ਹਿਰ ਦੇ ਸੰਚਾਰ ਮਾਧਿਅਮਾਂ ਨੂੰ ਅਜਿਹੇ ਇਸ਼ਤਿਹਾਰਾਂ ਅਤੇ ਲੇਖਾਂ ਨਾਲ ਭਰ ਦਿੱਤਾ, ਜਿਨ੍ਹਾਂ ਵਿਚ ਤਰਲ ਰੁੱਖਾਂ ਨੂੰ ਇੱਕ ਮਹਿੰਗੀ ਫਜ਼ੂਲਖਰਚੀ ਦੱਸਿਆ ਗਿਆ। ਉਨ੍ਹਾਂ ਦੀ ਦਲੀਲ ਸੀ ਕਿ ਸ਼ਹਿਰ ਦੇ ਵਿੱਤੀ ਸਰੋਤਾਂ ਨੂੰ ਇਨ੍ਹਾਂ ਵਾਤਾਵਰਣ-ਅਨੁਕੂਲ ਪ੍ਰੋਜੈਕਟਾਂ ਉੱਤੇ ਲਗਾਉਣ ਨਾਲ ਸ਼ਹਿਰ ਦੀ ਆਰਥਿਕਤਾ ਨੂੰ ਵੱਡਾ ਨੁਕਸਾਨ ਹੋਇਆ ਹੈ। ਹੁਣ ਤਾਂ ਸ਼ਹਿਰ ਭਰ ਵਿਚ ਤਰਲ ਰੁੱਖਾਂ ਵਿਰੋਧੀ ਜਾਣਕਾਰੀ ਪੂਰੀ ਤਰ੍ਹਾਂ ਫੈਲ ਚੁੱਕੀ ਸੀ ਅਤੇ ਲੋਕਾਂ ਵਿਚ ਇਸ ਮਸਲੇ ਬਾਰੇ ਧੜੇਬੰਦੀ ਸਪੱਸ਼ਟ ਨਜ਼ਰ ਆਉਣ ਲੱਗ ਪਈ ਸੀ।

ਦਿੱਲੀ ਦੀਆਂ ਸੜਕਾਂ ਉੱਤੇ ਟਕਰਾਉ ਵਾਲੇ ਹਾਲਾਤ ਬਣ ਚੁੱਕੇ ਸਨ। ਵਿਰੋਧ ਪ੍ਰਦਰਸ਼ਨ ਅਤੇ ਜਵਾਬੀ ਕਾਰਵਾਈਆਂ ਆਮ ਹੋ ਗਈਆਂ। ਸ਼ਹਿਰ ਵਾਸੀਆਂ ਨੇ ਪੂਰੇ ਜੋਸ਼-ਸ਼ੋਰ ਨਾਲ ਆਪੋ-ਆਪਣੀਆਂ ਧਿਰਾਂ ਦੇ ਹੱਕ ਵਿਚ ਮੁਜ਼ਾਹਰੇ ਕੀਤੇ। ਮਿਊਂਸੀਪਲ ਕੌਂਸਲ ਦੀਆਂ ਮੀਟਿੰਗਾਂ ਤਲਖ਼ੀ ਭਰਪੂਰ ਰੌਲਾ-ਰੱਪੇ ਅਤੇ ਦੂਸ਼ਣਬਾਜ਼ੀ ਵਾਲੀਆਂ ਬਹਿਸਾਂ ਵਿਚ ਬਦਲ ਗਈਆਂ।

ਹਰਿਆਵਲ ਦਸਤਾ, ਮਾਇਆ ਦੀ ਅਗਵਾਈ ਤੇ ਡਾ. ਇਵਾਨ ਪੈਟਰੋਵਿਕ ਦੇ ਸਮਰਥਨ ਨਾਲ, ਤਰਲ ਰੁੱਖਾਂ ਪ੍ਰਤੀ ਆਪਣੀ ਵਚਨਬੱਧਤਾ ਵਿਚ ਅਡੋਲ ਰਿਹਾ। ਉਨ੍ਹਾਂ ਨੇ ਹਵਾ ਦੀ ਗੁਣਵੱਤਾ ਉੱਤੇ ਤਰਲ ਰੁੱਖਾਂ ਦੇ ਸਕਾਰਾਤਮਕ ਪ੍ਰਭਾਵਾਂ ਨੂੰ ਜਾਨਣ ਲਈ ਆਪਣੇ ਵਿਗਿਆਨਕ ਕਾਰਜ ਜਾਰੀ ਰੱਖੇ ਅਤੇ ਸ਼ਹਿਰ ਵਾਸੀਆਂ ਦੇ ਸਿਹਤ ਸੰਭਾਲ ਖਰਚਿਆਂ ਵਿਚ ਕਮੀ ਬਾਰੇ ਸਬੂਤ ਇਕੱਠੇ ਕੀਤੇ। ਇਨ੍ਹਾਂ ਕਾਰਜਾਂ ਆਧਾਰਿਤ ਉਨ੍ਹਾਂ ਦਾ ਦਆਵਾ ਸੀ ਕਿ ਤਰਲ ਰੁੱਖਾਂ ਤੋਂ ਲੰਬੇ ਸਮੇਂ ਦੌਰਾਨ ਪ੍ਰਾਪਤ ਹੋਣ ਵਾਲੇ ਲਾਭਾਂ ਦੀ ਮਾਤਰਾ ਕਿਸੇ ਵੀ ਛੋਟੇ ਅਰਸੇ ਦੀਆਂ ਅਸੁਵਿਧਾਵਾਂ ਨਾਲੋਂ ਬਹੁਤ ਵਧੇਰੇ ਹੋਣ ਦਾ ਯਕੀਨ ਹੈ।

ਦੋਨੋਂ ਧਿਰਾਂ ਦੇ ਆਪਸੀ ਟਕਰਾਅ ਨੇ ਸ਼ਹਿਰ ਦੀ ਏਕਤਾ ਨੂੰ ਨੁਕਸਾਨ ਪਹੁੰਚਾਇਆ। ਅਨੇਕ ਦੋਸਤ ਅਤੇ ਪਰਿਵਾਰ ਵਿਰੋਧੀ ਪੱਖਾਂ ਦੇ ਹੱਕ ਵਿਚ ਭੁਗਤਣ ਕਾਰਣ ਆਪਸੀ ਰਿਸ਼ਤੇ ਤਣਾਅਪੂਰਨ ਹੋ ਗਏ। ਅਜਿਹੇ ਹਾਲਾਤਾਂ ਵਿਚ ਤਰਲ ਰੁੱਖਾਂ ਦਾ ਸਮਰਥਨ ਕਰਨ ਵਾਲੇ ਕਾਰੋਬਾਰਾਂ ਨੂੰ ਧਮਕੀਆਂ ਦਾ ਅਤੇ ਨਗਰ ਨਿਰਮਾਣ ਨਿਗਮ ਨਾਲ ਜੁੜੇ ਲੋਕਾਂ ਨੂੰ ਬਾਈਕਾਟ ਅਤੇ ਪ੍ਰਦਰਸ਼ਨ ਦਾ ਸਾਹਮਣਾ ਕਰਨਾ ਪੈ ਰਿਹਾ ਸੀ।

ਇਹ ਜਾਣਦੇ ਹੋਏ ਕਿ ਉਨ੍ਹਾਂ ਨੂੰ ਸਾਫ਼-ਸੁਥਰੇ ਵਾਤਾਵਰਣ ਵਾਲੀ ਦਿੱਲੀ ਸੰਬੰਧਤ ਆਪਣੇ ਨਜ਼ਰੀਏ ਦਾ ਬਚਾਅ ਕਰਨਾ ਸੀ, ਡਾ. ਇਵਾਨ ਪੈਟਰੋਵਿਕ, ਮਾਇਆ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਲੋਕਾਂ ਨੂੰ ਤਰਲ ਰੁੱਖਾਂ ਦੇ ਠੋਸ ਲਾਭ ਦਿਖਾਉਣ ਲਈ ਰੈਲੀਆਂ ਅਤੇ ਜਨਤਕ ਪ੍ਰਦਰਸ਼ਨਾਂ ਦਾ ਆਯੋਜਨ ਕੀਤਾ। ਉਨ੍ਹਾਂ ਨੇ ਵਿਗਿਆਨਕ ਅੰਕੜੇ ਪੇਸ਼ ਕੀਤੇ, ਜੋ ਹਵਾ ਦੀ ਗੁਣਵੱਤਾ ਅਤੇ ਮਨੁੱਖੀ ਸਿਹਤ 'ਤੇ ਸਕਾਰਾਤਮਕ ਪ੍ਰਭਾਵ ਨੂੰ ਸਾਬਤ ਕਰਦੇ ਸਨ। ਉਨ੍ਹਾਂ ਨੇ ਦਲੀਲ ਦਿੱਤੀ ਕਿ ਦਿੱਲੀ ਦੀ ਅਸਲ ਦੌਲਤ ਇਸਦੇ ਲੋਕਾਂ ਦੀ ਭਲਾਈ ਵਿਚ ਹੈ, ਨਾ ਕਿ ਸਿਰਫ ਆਰਥਿਕ ਖੁਸ਼ਹਾਲੀ ਵਿਚ।

ਦਿੱਲੀ ਵਿਖੇ ਤਰਲ ਰੁੱਖਾਂ ਦੇ ਸੰਬੰਧਤ ਸੰਘਰਸ਼ ਦੌਰਾਨ, ਅਚਾਨਕ ਉਮੀਦ ਦੀ ਇੱਕ ਕਿਰਨ ਉਸ ਸਮੇਂ ਨਜ਼ਰ ਆਈ, ਜਦ ਸ਼ਹਿਰ ਦੇ ਕੁਝ ਸੁਲਝੇ ਹੋਏ ਪਤਵੰਤੇ ਵਾਸੀਆਂ ਨੇ ਸ਼ਹਿਰ ਦੀ ਧੜੇਬੰਦੀ ਦੇ ਖਾਤਮੇ ਲਈ ਤੇ ਦੋਨੋਂ ਧੜਿਆਂ ਵਿਚਕਾਰ ਸਮਝੌਤੇ ਦੀ ਲੋੜ ਨੂੰ ਮੁੱਖ ਰੱਖਦੇ ਹੋਏ, ਸ਼ਾਂਤੀਪੂਰਨ ਹੱਲ ਲੱਭਣ ਲਈ ਕੁਝ ਸੁਝਾਅ ਪੇਸ਼ ਕੀਤੇ। ਉਨ੍ਹਾਂ ਨੇ ਦੋਵਾਂ ਧਿਰਾਂ ਨਾਲ ਸਬੰਧਤ ਲੋਕਾਂ ਨੂੰ ਇਕ ਸਾਂਝੀ ਬੈਠਕ ਰਾਹੀਂ ਆਪਸੀ ਗੱਲਬਾਤ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਇਸ ਕਮਿਊਨਿਟੀ ਮੀਟਿੰਗ ਦੌਰਾਨ ਲੋਕਾਂ ਨੂੰ ਆਪਣੀਆਂ ਚਿੰਤਾਵਾਂ, ਡਰ ਅਤੇ ਉਮੀਦਾਂ ਨੂੰ ਖੁੱਲ੍ਹ ਕੇ ਪ੍ਰਗਟ ਕਰਨ ਲਈ ਉਤਸ਼ਾਹਿਤ ਕੀਤਾ, ਤਾਂ ਜੋ ਹਰੇਕ ਸਮੂਹ ਦੇ ਦ੍ਰਿਸ਼ਟੀਕੋਣ ਦੀ ਸਹੀ ਸਮਝ ਆ ਸਕੇ।

ਇਸ ਮੀਟਿੰਗ ਦੌਰਾਨ ਮਾਇਆ ਅਤੇ ਡਾ. ਇਵਾਨ ਪੈਟਰੋਵਿਕ ਨੇ ਸਿਹਤਮੰਦ ਅਤੇ ਵਧੇਰੇ ਉੱਜਲੇ ਭਵਿੱਖ ਵਾਲੀ ਦਿੱਲੀ ਦੀ ਬਰਕਰਾਰੀ ਦੇ ਸਾਂਝੇ ਟੀਚੇ ਉੱਤੇ ਜ਼ੋਰ ਦਿੰਦੇ ਹੋਏ, ਮੀਟਿੰਗ ਦੌਰਾਨ ਵਿਚਾਰ-ਵਟਾਂਦਰੇ ਨੂੰ ਸਹਿਜ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਨੇ ਤਰਲ ਰੁੱਖਾਂ ਦੇ ਲਾਭਾਂ ਅਤੇ ਆਰਥਿਕ ਚਿੰਤਾਵਾਂ ਬਾਰੇ ਵਿਚਾਰ ਸਾਂਝੇ ਕਰਦੇ ਹੋਏ ਸ਼ਹਿਰ ਦੇ ਕੁਦਰਤੀ ਵਾਤਾਵਰਣ ਦੀ ਸੁਰੱਖਿਆ ਦੀ ਲੋੜ ਸੰਬੰਧਤ ਵਿਗਿਆਨਕ ਸਬੂਤਾਂ ਨੂੰ ਪੇਸ਼ ਕੀਤਾ।

ਹੌਲੀ-ਹੌਲੀ ਮਾਹੌਲ ਬਦਲਣਾ ਸ਼ੁਰੂ ਹੋ ਗਿਆ। ਆਪਸੀ ਟਕਰਾਅ ਵਾਲੀਆਂ ਦੋਨੋਂ ਧਿਰਾਂ ਨੇ ਮਹਿਸੂਸ ਕੀਤਾ ਕਿ ਉਹ ਸਾਰੇ ਆਪਣੇ ਸ਼ਹਿਰ ਨੂੰ ਪਿਆਰ ਕਰਦੇ ਹਨ ਅਤੇ ਇਸ ਦੇ ਵਧੀਆ ਭਵਿੱਖ ਦੀ ਇੱਛਾ ਰੱਖਦੇ ਹਨ। ਆਪਸੀ ਗੱਲਬਾਤ ਨਾਲ ਉਨ੍ਹਾਂ ਮਹਿਸੂਸ ਕੀਤਾ ਕਿ ਸ਼ਹਿਰ ਅਤੇ ਇਸ ਦੇ ਵਾਸੀਆਂ ਦੇ ਭਲੇ ਲਈ ਮੌਜੂਦਾ ਮਸਲੇ ਦਾ ਸਾਂਝਾ ਹੱਲ ਲੱਭਣਾ ਜ਼ਰੂਰੀ ਹੈ।

ਨਗਰ ਨਿਰਮਾਣ ਨਿਗਮ ਨੇ ਤਰਲ ਰੁੱਖਾਂ ਲਈ ਜਨਤਕ ਸਮਰਥਨ ਦੀ ਤਾਕਤ ਅਤੇ ਸਥਾਈ ਹੱਲਾਂ ਦੀ ਆਰਥਿਕ ਸੰਭਾਵਨਾ ਨੂੰ ਸਵੀਕਾਰ ਕਰਦੇ ਹੋਏ, ਆਪਣਾ ਨਜ਼ਰੀਆ ਬਦਲਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਅਜਿਹੇ ਸਮਝੌਤੇ ਲਈ ਹਾਮੀ ਭਰ ਦਿੱਤੀ, ਜਿਸ ਵਿਚ ਤਰਲ ਰੁੱਖਾਂ ਦੇ ਨਿਰੰਤਰ ਵਾਧੇ ਨੂੰ ਸ਼ਾਮਲ ਕੀਤਾ ਗਿਆ ਸੀ ਪਰ ਸ਼ਹਿਰ ਦੇ ਆਰਥਿਕ ਵਿਕਾਸ ਤੇ ਨਿਰਮਾਣ ਕਾਰਜਾਂ ਦੇ ਨਾਲ-ਨਾਲ ਹਰੇ-ਭਰੇ ਵਾਤਾਵਰਣ ਦੀ ਸਥਾਪਤੀ ਤੇ ਨਿਰੰਤਰਤਾ ਕਾਇਮ ਰੱਖਣ ਲਈ ਸੰਤੁਲਿਤ ਕਾਰਵਾਈਆਂ ਕਰਨ ਨੂੰ ਤਰਜ਼ੀਹ ਦੇਣ ਦਾ ਨਿਸ਼ਚਾ ਵੀ ਸ਼ਾਮਿਲ ਸੀ।

ਮਿਊਂਸੀਪਲ ਕੌਂਸਲ ਦੇ ਮੈਂਬਰ, ਜੋ ਕਿ ਸੰਘਰਸ਼ ਦੁਆਰਾ ਦੋ ਧੜਿਆਂ ਵਿਚ ਵੰਡੇ ਗਏ ਸਨ, ਨੇ ਇਸ ਸਮਝੌਤੇ ਆਧਾਰਿਤ ਇੱਕ ਵਿਆਪਕ ਯੋਜਨਾ ਦਾ ਖਰੜਾ ਤਿਆਰ ਕਰ ਲਿਆ, ਜੋ ਇੱਕ ਵਿਕਾਸਸ਼ੀਲ ਤੇ ਖੁਸ਼ਹਾਲ ਵਾਤਾਵਰਣ ਵਾਲੀ ਦਿੱਲੀ ਦੀ ਚਿਰ-ਸਥਾਈ ਕਾਇਮੀ ਦਾ ਆਧਾਰ ਬਨਣ ਦੇ ਸਮਰਥ ਸੀ। ਇਸ ਯੋਜਨਾ ਅਨੁਸਾਰ ਵਿਕਾਸ ਤੇ ਨਿਰਮਾਣ ਕਾਰਜਾਂ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਸਖ਼ਤ ਨਿਯਮ ਬਣਾਏ ਗਏ ਸਨ। ਇਸ ਯੋਜਨਾ ਵਿਚ ਸਾਫ਼ ਹਵਾ ਅਤੇ ਹਰੇ-ਭਰੇ ਭਵਿੱਖ ਲਈ ਸ਼ਹਿਰ ਦੀ ਵਚਨਬੱਧਤਾ ਦੇ ਚਿੰਨ੍ਹ ਵਜੋਂ ਤਰਲ ਰੁੱਖਾਂ ਦੇ ਨਿਰੰਤਰ ਵਾਧੇ ਨੂੰ ਵੀ ਯਕੀਨੀ ਬਣਾਇਆ ਗਿਆ ਸੀ।

ਇਸ ਸਮਝੌਤੇ ਨਾਲ ਸ਼ਹਿਰਵਾਸੀਆਂ ਦਾ ਸੰਘਰਸ਼ ਸ਼ਾਂਤੀਪੂਰਵਕ ਖ਼ਤਮ ਹੋ ਗਿਆ। ਧੜ੍ਹੇਬੰਦੀ ਅਤੇ ਬਹਿਸ-ਮੁਬਾਹਸਿਆਂ ਤੋਂ ਅੱਕੇ-ਥੱਕੇ ਹੋਏ, ਦਿੱਲੀ ਵਾਸੀਆਂ ਨੇ ਆਪਸੀ ਸਬੰਧਾਂ ਨੂੰ ਠੀਕ ਕਰਨਾ ਸ਼ੁਰੂ ਕਰ ਦਿੱਤਾ ਅਤੇ ਇੱਕ ਵਾਰ ਫਿਰ ਸੰਗਠਿਤ ਭਾਈਚਾਰੇ ਵਜੋਂ ਰਲ-ਮਲ ਕੇ ਰਹਿਣ ਲੱਗੇ।

ਤਰਲ ਰੁੱਖ, ਜੋ ਕਿ ਇਸ ਸਾਰੀ ਜੱਦੋ-ਜਹਿਦ ਦਾ ਕੇਂਦਰ ਸਨ, ਹੁਣ ਸ਼ਹਿਰ ਦੀਆਂ ਗਲੀਆਂ, ਪਾਰਕਾਂ ਅਤੇ ਛੱਤਾਂ ਉੱਤੇ ਵਧ-ਫੁੱਲ ਰਹੇ ਸਨ। ਹੁਣ ਤਾਂ ਉਹ ਮੁਸੀਬਤ ਦੇ ਸਮੇਂ ਸੰਵਾਦ, ਸਮਝੌਤਾ ਅਤੇ ਏਕਤਾ ਦੀ ਸ਼ਕਤੀ ਦਾ ਚਿੰਨ੍ਹ ਬਣ ਚੁੱਕੇ ਸਨ। ਡਾ. ਇਵਾਨ ਪੈਟਰੋਵਿਕ, ਮਾਇਆ ਅਤੇ ਹਰਿਆਵਲ ਦਸਤੇ ਦੀ ਅਣਥੱਕ ਮਿਹਨਤ ਰੰਗ ਲਿਆਈ ਸੀ ਤੇ ਉਹ ਸ਼ਹਿਰ ਵਾਸੀਆਂ ਵਿਚ ਹਰਮਨਪਿਆਰੇ ਹੀਰੋ ਬਣ ਗਏ। ਉਨ੍ਹਾਂ ਦੇ ਦ੍ਰਿਸ਼ਟੀਕੋਣ ਨੇ ਨਾ ਸਿਰਫ ਵਾਤਾਵਰਣ ਨੂੰ ਸਾਫ਼-ਸੁਥਰਾ ਬਣਾ ਦਿੱਤਾ, ਬਲਕਿ ਮਨੁੱਖਤਾ ਅਤੇ ਕੁਦਰਤ ਦੇ ਵਿਚਕਾਰ ਸਬੰਧ ਨੂੰ ਵੀ ਮੁੜ-ਸੁਰਜੀਤ ਕਰ ਦਿੱਤਾ ਸੀ।

ਕਈ ਸਾਲ ਬੀਤ ਗਏ। ਦਿੱਲੀ ਹੁਣ ਇੱਕ ਅਜਿਹੇ ਸ਼ਹਿਰ ਵਿਚ ਬਦਲ ਗਿਆ ਸੀ, ਜਿੱਥੇ ਕੁਦਰਤ ਅਤੇ ਕੰਕਰੀਟ ਦਾ ਸੁਮੇਲ ਮੌਜੂਦ ਸੀ। ਹਵਾ ਸਾਫ਼ ਹੋ ਗਈ ਸੀ ਅਤੇ ਇਸ ਦੇ ਨਿਵਾਸੀਆਂ ਦੀ ਸਿਹਤ ਵਿਚ ਸੁਧਾਰ ਹੋਇਆ ਸੀ। ਕਿਸੇ ਸਮੇਂ ਨਜ਼ਰ ਆਉਂਦੇ ਸਲੇਟੀ ਜਾਂ ਪੀਲਾ- ਭੂਰੇ ਧੂੰਏ ਵਾਲੇ ਚੌਗਿਰਦੇ ਦੀ ਥਾਂ ਹੁਣ ਸਭ ਪਾਸੇ ਛੱਤਾਂ ਉੱਪਰ ਮੌਜੂਦ ਹਰੇ-ਭਰੇ ਬਗੀਚਿਆਂ, ਉੱਚੀਆ ਇਮਾਰਤਾਂ ਤੋਂ ਹੇਠਾਂ ਵੱਲ ਲਟਕ ਰਹੀਆਂ ਰੰਗ-ਬਿਰੰਗੇ ਫੁੱਲਾਂ ਨਾਲ ਲੱਦੀਆਂ ਵੇਲਾਂ ਤੇ ਮੌਸਮਾਂ ਵਾਂਗ ਰੰਗ ਬਦਲਦੇ ਤਰਲ-ਰੁੱਖਾਂ ਦਾ ਖ਼ੂਬਸੂਰਤ ਨਜ਼ਾਰਾ ਮੌਜੂਦ ਸੀ।

ਸ਼ਹਿਰ ਵਿਚ ਹਰਿਆਲੀ ਨੂੰ ਵਾਪਸ ਲਿਆਉਣ ਦਾ ਮਾਇਆ ਦਾ ਸੁਪਨਾ ਇੱਕ ਹਕੀਕਤ ਬਣ ਚੁੱਕਾ ਸੀ ਅਤੇ ਦਿੱਲੀ ਦੇ ਲੋਕ ਉਸ ਦੇ ਦ੍ਰਿੜ੍ਹ ਇਰਾਦੇ ਅਤੇ ਦ੍ਰਿਸ਼ਟੀ ਲਈ ਧੰਨਵਾਦੀ ਸਨ। ਉਹ ਜਾਣ ਚੁੱਕੇ ਸਨ ਕਿ ਕੰਕਰੀਟ ਦੇ ਜੰਗਲ ਵਿਚ ਵੀ, ਕੁਦਰਤ ਦੇ ਪ੍ਰਫੁੱਲਤ ਹੋਣ ਦਾ ਰਸਤਾ ਸੰਭਵ ਸੀ।

# ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ : "ਜਿਸੁ ਸਿਮਰਤ ਦੁਰਮਤਿ ਮਲੁ ਨਾਸੀ"



ਡਾ. ਸਤਿੰਦਰ ਪਾਲ ਸਿੰਘ
ਈ : 1716, ਰਾਜਾਜੀਪੁਰਮ
ਲਖਨਊ : 226017
ਪੰਜਾਬ ਮੇਲ USA



ਭੱਟ ਬਾਣੀ ਵਿਚ ਗੁਰੂ ਅਰਜਨ ਸਾਹਿਬ ਨੂੰ ਸਿਮਰਨ ਜੋਗ ਮੰਨਿਆ ਗਿਆ ਹੈ ਕਿਉਂਕਿ ਗੁਰੂ ਸਾਹਿਬ ਜਗਤ ਅੰਦਰ ਇੱਕੋ ਇੱਕ ਪੁਰਖ ਭਾਵ ਧਰਮ 'ਤੇ ਜੀਵਨ ਦੇ ਪ੍ਰਤੀਕ, ਅਡੋਲ ਨਿਆਂ ਕਰਤਾ, ਦਾਤਾ, ਉਧਾਰ ਕਰਤਾ ਹਨ। ਗੁਰੂ ਅਰਜਨ ਸਾਹਿਬ ਅਵਿਨਾਸ਼ੀ ਹਨ, ਅੱਜ ਵੀ ਸ਼ਬਦ ਰੂਪ ਵਿਚ ਲੋਕਾਈ ਦਾ ਹਿੱਤ ਕਰ ਰਹੇ ਹਨ। ਉਨ੍ਹਾਂ ਦਾ ਸਿਮਰਨ ਕੁਬੁੱਧੀ ਦਾ ਨਾਸ਼ ਕਰ ਸੱਚ ਦੇ ਗਿਆਨ ਨਾਲ ਅਮੀਰ ਕਰਨ ਵਾਲਾ ਹੈ। ਗੁਰੂ ਅਰਜਨ ਸਾਹਿਬ ਧਰਮ ਦੇ ਥਾਪਨਹਾਰੇ 'ਤੇ ਧਰਮ ਤੱਤ ਦੇ ਗਿਆਤਾ ਹਨ, ਜਿਨ੍ਹਾਂ ਦੀ ਕ੍ਰਿਪਾ ਸਾਰੇ ਦੁੱਖ ਦੂਰ ਕਰਨ ਵਾਲੀ ਹੈ। ਆਪ ਦਾ ਬਖਸ਼ਿਆ ਗਿਆਨ ਸੰਸਾਰ ਦੀ ਸਭ ਤੋਂ ਸ੍ਰੇਸ਼ਟ ਪ੍ਰਾਪਤੀ ਹੈ, ਜੋ ਜੀਵਨ ਅੰਦਰ ਆਸ ਜਗਾਉਣ ਵਾਲਾ ਹੈ। ਗੁਰੂ ਸਾਹਿਬ ਦਾ ਦਿੱਤਾ ਨਾਮ ਅਨਮੋਲ ਖਜ਼ਾਨੇ ਜਿਹਾ ਹੈ, ਜੋ ਸਦਾ ਹੀ ਭਰਿਆ ਰਹਿਣ ਵਾਲਾ ਹੈ। ਗੁਰਸਿੱਖ ਅਰਦਾਸ ਤਾਂ ਨਿੱਤ ਕਰਦਾ ਹੈ ਪਰ ਗੁਰੂ ਸਾਹਿਬ ਨੂੰ ਪ੍ਰਕਾਸ਼ ਪੁਰਬ 'ਤੇ ਸ਼ਹੀਦੀ ਪੁਰਬ 'ਤੇ ਖ਼ਾਸ ਸਿਮਰਦਾ ਹੈ। ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਾਂ ਪਲ ਪਲ ਗੁਰਸਿੱਖ ਨੂੰ ਆਪਣੀ ਗੋਦ ਵਿਚ ਲੈਣ ਲਈ ਆਵਾਜ਼ਾਂ ਮਾਰਦੀ ਹੈ। ਗੁਰੂ ਨਾਲ ਜੁੜਨ ਲਈ ਵਿਆਕੁਲ ਮਨ ਅੰਦਰ ਮੁੱਢਲੀ ਜਿਗਿਆਸਾ ਹੁੰਦੀ ਹੈ ਕਿ ਗੁਰੂ ਦਾ ਸਿਮਰਨ ਕਿਵੇਂ ਕਰੇ ਕਿ ਕੁਬੁੱਧੀ ਦਾ ਨਾਸ਼ ਹੋ ਜਾਏ, ਦੁੱਖ ਦੂਰ ਹੋ ਜਾਣ, ਗਿਆਨ 'ਤੇ ਨਾਮ ਦੀ ਪ੍ਰਾਪਤੀ ਨਾਲ ਆਨੰਦ ਦੀ ਅਵਸਥਾ ਬਣ ਜਾਏ। ਗੁਰੂ ਅਰਜਨ ਸਾਹਿਬ ਨੇ ਸਿਮਰਨ ਦੀ ਜਾਚ ਦੱਸੀ।

ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ ॥
ਮਾਤ ਪਿਤਾ ਸਾਕ ਅਗਲੇ ਤਿਸੁ ਬਿਨੁ ਅਵਰੁ ਨ ਕੋਇ ॥
ਮਿਹਰ ਕਰੇ ਜੇ ਆਪਣੀ ਚਸਾ ਨ ਵਿਸਰੈ ਸੋਇ ॥ 1 ॥ (ਅੰਗ : 49)

ਗੁਰੂ ਅਰਜਨ ਸਾਹਿਬ ਨੇ ਉਪਰੋਕਤ ਵਚਨ ਪ੍ਰਮਾਤਮਾ ਦੇ ਸਿਮਰਨ ਲਈ ਉਚਾਰੇ। ਗੁਰਸਿੱਖ ਲਈ ਪ੍ਰਮਾਤਮਾ 'ਤੇ ਗੁਰੂ ਅਰਜਨ ਸਾਹਿਬ ਇੱਕ ਰੂਪ ਹੀ ਹਨ। ਗੁਰੂ ਅਰਜਨ ਸਾਹਿਬ ਦਾ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਭੱਟ ਕਵੀ ਮਥੁਰਾ ਜੀ ਨੇ ਗਵਾਹੀ ਦਿੱਤੀ ਕਿ ਹਰੀ ਪ੍ਰਮਾਤਮਾ 'ਤੇ ਗੁਰੂ ਅਰਜਨ ਸਾਹਿਬ ਵਿਚ ਕੋਈ ਭੇਦ ਨਹੀਂ ਹੈ। ਗੁਰੂ ਅਰਜਨ ਸਾਹਿਬ ਦੇ ਸਿਮਰਨ ਦਾ ਫਲ ਮਨ, ਤਨ ਦਾ ਨਿਰਮਲ ਹੋ ਜਾਣਾ ਹੈ। ਮਨ ਮਾਇਆ ਦੇ ਮੋਹ, ਵਿਕਾਰਾਂ ਦੇ ਬਿਖ ਤੋਂ ਮੁਕਤ ਹੋ ਜਾਂਦਾ ਹੈ। ਮਨ ਅੰਦਰ ਸਹਿਜ, ਸੰਤੋਖ, ਸੰਜਮ ਆ ਜਾਂਦਾ ਹੈ। ਤਨ ਸੇਵਾ, ਪਰੋਪਕਾਰ, ਈਮਾਨਦਾਰ ਕਿਰਤ ਵਿਚ ਲਿਪਤ ਹੋ ਜਾਂਦਾ ਹੈ। ਗੁਰਸਿੱਖ ਅੰਦਰ ਆਨੰਦ ਦੀ ਅਜਿਹੀ ਅਵਸਥਾ ਸਿਰਜੀ ਜਾਂਦੀ ਹੈ ਕਿ ਗੁਰੂ ਪ੍ਰਮਾਤਮਾ ਦਾ ਪ੍ਰੇਮ ਰੋਮ-ਰੋਮ ਵਿਚ ਵੱਸ ਜਾਂਦਾ ਹੈ। ਗੁਰੂ ਨਿਮਖ ਮਾਤਰ ਲਈ ਵੀ ਨਹੀਂ ਵਿਸਾਰਦਾ। ਗੁਰੂ ਲਈ ਸੱਚਾ ਪ੍ਰੇਮ ਕਿਸੇ ਖ਼ਾਸ ਪੁਰਬ ਜਾਂ ਦਿਨ ਲਈ ਨਾ ਹੋ ਕੇ ਸਵਾਸ-ਸਵਾਸ ਸਿਮਰਨ ਦਾ ਹੋ ਜਾਂਦਾ ਹੈ। ਗੁਰਸਿੱਖ ਦਾ ਸਿਮਰਨ ਮਾਤਰ ਰਸਨਾ ਦਾ ਅਭਿਆਸ ਨਹੀਂ ਹੈ। ਗੁਰੂ ਅਰਜਨ ਸਾਹਿਬ ਨੇ ਵਚਨ ਕੀਤਾ ਕਿ ਗੁਰਸਿੱਖ ਆਪਣੇ ਹਿਰਦੈ ਵਿਚ ਗੁਰ ਸ਼ਬਦ ਧਾਰਨ ਕਰੇ। ਮਨ ਅੰਦਰ ਗੁਰ ਸ਼ਬਦ ਟਿਕਾਉਣ ਲਈ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਨਿਵ੍ਰਿਤਿ ਹੋਵੇ। ਦੱਸਾਂ ਇੰਦ੍ਰੀਆਂ ਵੱਸ 'ਚ ਆ ਜਾਣ। ਮਾਇਆ ਦੇ ਮੋਹ ਦਾ ਨਾਸ਼, ਵਿਕਾਰਾਂ ਤੋਂ ਮੁਕਤੀ, ਇੰਦ੍ਰੀਆਂ ਦਾ ਸੰਜਮ ਗੁਰੂ ਪ੍ਰਮਾਤਮਾ ਦੇ ਸਿਮਰਨ ਦਾ ਮਾਰਗ ਸੁਹੇਲਾ ਕਰਦਾ ਹੈ। ਗੁਰੂ ਦਾ ਸਿਮਰਨ ਅਣਗਿਣਤ ਸ਼ਰਧਾਲੂ ਕਰ ਰਹੇ ਹਨ, ਗੁਰਬਾਣੀ ਪੜ੍ਹੀ ਸੁਣੀ ਜਾ ਰਹੀ ਹੈ, ਪੁਰਬ ਮਨਾਏ ਜਾ ਰਹੇ ਹਨ ਪਰ ਇਸ ਦਾ ਫਲ ਗੁਰੂ ਦੇ ਹੁਕਮ ਨੂੰ ਸਮਝੇ, ਪਾਲਨ ਕੀਤੇ ਬਿਨਾਂ ਪ੍ਰਾਪਤ ਨਹੀਂ ਹੁੰਦਾ। ਮਨ ਅੰਦਰ ਹੰਕਾਰ ਬਣਿਆ ਹੋਇਆ ਹੈ, ਤਾਂ ਉਹ ਗੁਰੂ ਲਈ ਅਨਪਛਾਤਾ ਰਹੇਗਾ "ਜਬ ਇਹੁ ਮਨ ਮਹਿ ਧਰਤ ਗੁਮਾਨਾ ॥ ਤਬ ਇਹੁ ਬਾਵਰੁ ਫਿਰਤ ਬਿਗਾਨਾ ॥" । ਹੋਰਨਾਂ ਦਾ ਬੁਰਾ ਚਾਹੁਣਾ ਆਪਣੀ ਰਾਹ ਨੂੰ ਕੰਟਕ ਪੂਰਨ ਬਣਾਉਣ ਜਿਹਾ ਹੈ "ਜਬ ਕਿਸ ਕਉ ਇਹੁ ਜਾਨਸਿ ਮੰਦਾ ॥ ਤਬ ਸਗਲੇ ਇਸੁ ਮੇਲਹਿ ਫੰਦਾ ॥" । ਮਨ ਦਾ ਲੋਭ ਵੱਡੀਆਂ ਕਠਿਨਾਈਆਂ ਪੈਦਾ ਕਰਦਾ ਹੈ "ਜਬ ਇਨਿ ਅਪੁਨੀ ਅਪਨੀ ਧਾਰੀ ॥ ਤਬ ਇਸ ਕਉ ਹੈ ਮੁਸਕਲੁ ਭਾਰੀ ॥" । ਇਵੇਂ ਹੀ ਮਨ ਦਾ ਮੋਹ ਕਾਲ ਦਾ ਭੈ ਪੈਦਾ ਕਰਨ ਵਾਲਾ, ਹੋਰਨਾਂ ਦਾ ਨਿਰਾਦਰ ਸਦਾ ਦੁੱਖ, ਡੰਡ 'ਤੇ ਪਛਤਾਵਾ ਦੇਣ ਵਾਲਾ ਹੈ। ਮਾਇਆ ਦਾ ਮੋਹ ਸਦਾ ਹੀ ਤ੍ਰਿਸ਼ਨਾਵਾਂ ਦਾ ਸੰਤਾਪ ਦੇਣ ਵਾਲਾ ਹੈ। ਇਸ ਅਵਸਥਾ ਵਿਚ ਕੀਤਾ ਗਿਆ ਸਿਮਰਨ, ਪਾਠ ਗੁਰੂ ਅਰਜਨ ਸਾਹਿਬ ਦੀ ਕਿਰਪਾ ਤੋਂ ਵਾਂਝਾ ਰੱਖਣ ਵਾਲਾ ਹੈ। ਗੁਰੂ ਅਰਜਨ ਸਾਹਿਬ ਨੇ ਇਸ ਦਾ ਨਿਦਾਨ ਦੱਸਿਆ।

ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥
ਜੇਤਾ ਬੋਲਣੁ ਤੇਤਾ ਗਿਆਨੈ ॥
ਜੇਤਾ ਸੁਨਣਾ ਤੇਤਾ ਨਾਮੁ ॥
ਜੇਤਾ ਪੇਖਨੁ ਤੇਤਾ ਧਿਆਨੁ ॥ (ਅੰਗ : 236)

ਜਿਸ ਗੁਰਸਿੱਖ ਨੇ ਗੁਰੂ ਦਾ ਸ਼ਬਦ ਮਨ ਅੰਦਰ ਵਸਾ ਲਿਆ ਹੈ, ਉਹ ਸਮ ਦ੍ਰਿਸ਼ਟੀ ਦਾ ਧਾਰਕ ਹੋ ਜਾਂਦਾ ਹੈ। ਉਹ ਮਨੁੱਖ ਮਨੁੱਖ ਵਿਚ ਕਿਸੇ ਵੀ ਆਧਾਰ ਤੇ ਭੇਦ, ਵਿਤਕਰਾ ਨਹੀਂ ਕਰਦਾ। ਸਾਰੀਆਂ ਅੰਦਰ ਪ੍ਰਮਾਤਮਾ ਦਾ ਰੂਪ ਵੇਖ ਕੇ ਇਕ ਸਮਾਨ ਵਿਵਹਾਰ ਕਰਦਾ ਹੈ, ਭਾਵ ਪ੍ਰੇਮ ਭਾਵ ਰੱਖਦਾ ਹੈ। ਉਹ ਮੁੱਖ ਤੋਂ ਕਦੇ ਵੀ ਅਰਲ ਬਰਲ ਨਹੀਂ ਬੋਲਦਾ। ਕਿਸੇ ਦੀ ਨਿੰਦਾ, ਚੁਗਲੀ ਨਹੀਂ ਕਰਦਾ, ਕੌੜੇ ਵਚਨ ਨਹੀਂ ਬੋਲਦਾ। ਗੁਰਸਿੱਖ ਸਦਾ ਪ੍ਰਮਾਤਮਾ ਦਾ ਜਸ ਹੀ ਸੁਣਦਾ ਹੈ, ਪ੍ਰਮਾਤਮਾ ਤੋਂ ਤੋੜਨ ਵਾਲਿਆਂ, ਮਾਇਆ, ਵਿਕਾਰਾਂ ਵੱਲ ਤੋਰਨ ਵਾਲਿਆਂ ਗੱਲਾਂ 'ਤੇ ਧਿਆਨ ਨਹੀਂ ਦਿੰਦਾ। ਕਿਸੇ ਦੀ ਨਿੰਦਾ, ਵਿਰੋਧਤਾ ਨਹੀਂ ਸੁਣਦਾ। ਉਹ ਸੰਸਾਰ ਅੰਦਰ ਪ੍ਰਮਾਤਮਾ ਦੀ ਵਡਿਆਈ ਤੇ ਉਪਕਾਰ ਹੀ ਵੇਖਦਾ ਹੈ ਕਿਉਂਕਿ ਇਸ ਨਾਲ ਉਸ ਦਾ ਪ੍ਰਮਾਤਮਾ ਦੇ ਪ੍ਰੇਮ 'ਤੇ ਭਗਤੀ ਵਿਚ ਦ੍ਰਿੜ ਹੁੰਦਾ ਹੈ। ਗੁਰੂ ਅਰਜਨ ਸਾਹਿਬ ਦਾ ਸੱਚਾ ਸਿਮਰਨ ਇੱਕ ਪੂਰਨ ਜੀਵਨ ਅਵਸਥਾ ਹੈ, ਜਿਸ ਨੂੰ ਗੁਰਮਤਿ ਅਨੁਸਾਰ ਧਾਰਨ ਕੀਤੇ ਬਿਨਾ ਨਹੀਂ ਕੀਤਾ ਜਾ ਸਕਦਾ। ਗੁਰੂ ਸਾਹਿਬ ਨਾਲ ਸੁਰਤਿ ਜੋੜਨ ਲਈ ਜੋ ਤਿਆਗਨਾ ਹੈ, ਜੋ ਧਾਰਨ ਕਰਨਾ ਹੈ ਇਹ ਸਪੱਸ਼ਟ ਹੈ। ਇਸ ਬਾਰੇ ਕੋਈ ਸ਼ੰਕਾ ਜਾਂ ਦੁਵਿਧਾ ਨਹੀਂ ਹੈ।

ਗੁਰੂ ਅਰਜਨ ਸਾਹਿਬ ਨਾਲ ਸੁਰਤਿ ਜੋੜਨ ਲਈ ਗੁਰੂ ਅਰਜਨ ਸਾਹਿਬ ਜਿਹੀ ਹੀ ਸੁਰਤਿ ਚਾਹੀਦੀ ਹੈ। ਪਿਤਾ ਗੁਰੂ ਰਾਮਦਾਸ ਜੀ ਦਾ ਹੁਕਮ ਮੰਨ ਪਰਿਵਾਰਕ ਵਿਆਹ ਉਤਸਵ ਵਿਚ ਲਾਹੌਰ ਗਏ ਪਰ ਸੁਰਤਿ ਪਿਤਾ ਗੁਰੂ ਵਿਚ ਹੀ ਲੱਗੀ ਰਹੀ। ਮੁੜ ਮੇਲ ਨਾ ਹੋਣ ਤੱਕ ਵਿਕਲ ਰਹੇ। ਸੁਲਹੀ ਖਾਨ ਹੰਮਲੇ ਦੀ ਨੀਅਤ ਨਾਲ ਵਧਿਆ ਪਰ ਸੁਰਤਿ ਪ੍ਰਮਾਤਮਾ ਦੇ ਨਿਆਂ 'ਤੇ ਟਿਕੀ ਰਹੀ। ਪ੍ਰਮਾਤਮਾ ਨੇ ਆਪ ਰੱਖਿਆ ਦੇ ਹਾਲਾਤ ਬਣਾ ਦਿੱਤੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ, ਤਾਂ ਦ੍ਰਿਸ਼ਟੀ ਵਿਚ ਮਨੁੱਖਤਾ ਦੇ ਭਲੇ ਦਾ ਸੰਕਲਪ ਅਡੋਲ ਰਿਹਾ, ਜਿਸ ਕਾਰਣ ਪੰਦ੍ਰਹ ਭਗਤਾਂ ਨੂੰ ਗੁਰੂ ਸਾਹਿਬਾਨ ਦੇ ਤੁਲ ਸਨਮਾਨ ਪ੍ਰਾਪਤ ਹੋਇਆ। ਤੱਤੀ ਤਵੀ 'ਤੇ ਬੈਠਿਆਂ ਸੀ ਨਹੀਂ ਕੀਤੀ, ਆਪਣੇ ਸਿਦਕ 'ਤੇ ਕਾਇਮ ਰਹੇ। ਗੁਰੂ ਪ੍ਰਮਾਤਮਾ ਨਾਲ ਮੇਲ ਦੀ ਵਿਹਵਲਤਾ, ਅਡੋਲ ਭਰੋਸੇ, ਮਨੁੱਖਤਾ ਹਿੱਤ ਲਈ ਸਮ ਦ੍ਰਿਸ਼ਟੀ, ਅਵਿਚਲ ਸਿਦਕ ਨਾਲ ਕੀਤਾ ਗਿਆ ਸਿਮਰਨ ਹੀ ਗੁਰੂ ਅਰਜਨ ਸਾਹਿਬ ਦਾ ਸੱਚਾ ਸਿਮਰਨ ਹੈ। ਇਹ ਗੁਰ ਸ਼ਬਦ ਵਿਚ ਪ੍ਰਗਟ ਹੋਈ ਜੀਵਨ ਅਵਸਥਾ ਤੋਂ ਹੀ ਪ੍ਰਾਪਤ ਹੁੰਦਾ ਹੈ। ਗੁਰੂ ਨੇ ਜਿਸ ਅਵਸਥਾ ਨੂੰ ਆਪਣੇ ਜੀਵਨ ਵਿਚ ਪ੍ਰਤੱਖ ਕੀਤਾ ਹੈ, ਗੁਰਬਾਣੀ ਰਾਹੀਂ ਜਿਸ ਨੂੰ ਧਾਰਨ ਕਰਨ ਦਾ ਹੁਕਮ ਕੀਤਾ ਹੈ, ਗੁਰੂ ਨੂੰ ਉਹ ਅਵਸਥਾ ਹੀ ਭਾਉਂਦੀ ਹੈ। ਉਸ ਅਵਸਥਾ ਨੂੰ ਧਾਰਨ ਕਰਨ ਵਾਲਾ ਗੁਰਸਿੱਖ ਹੀ ਗੁਰੂ ਦੀ ਕਿਰਪਾ ਦਾ ਪਾਤਰ ਬਣਦਾ ਹੈ। ਗੁਰੂ ਅਰਜਨ ਸਾਹਿਬ ਨੇ ਵਚਨ ਕੀਤਾ "ਲਾਲੁ ਚੋਲਨਾ ਤੈ ਤਨਿ ਸੋਹਿਆ ॥ ਸੁਰਿਜਨ ਭਾਨੀ ਤਾਂ ਮਨੁ ਮੋਹਿਆ ॥" । ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਪੁਰਬ ਨੇੜੇ ਆ ਰਿਹਾ ਹੈ। ਸਿੱਖ ਪੰਥ ਅੰਦਰ ਇਸ ਨਿਮਿੱਤ ਚਾਲੀਸ ਦਿਨ ਦੇ ਪਾਠ ਕੁਝ ਦਹਾਕਿਆਂ ਤੋਂ ਹੋਣ ਲੱਗ ਪਏ ਹਨ। ਗੁਰੂ ਅਰਜਨ ਸਾਹਿਬ ਦੀ ਕਿਰਪਾ ਪ੍ਰਾਪਤ ਕਰਨੀ ਹੈ, ਤਾਂ ਲਾਲ ਚੋਲਾ ਭਾਵ ਪ੍ਰੇਮ, ਭਰੋਸੇ ਤੇ ਸਿਦਕ ਦੀ ਅਵਸਥਾ ਤੇ ਸੰਕਲਪ ਕੇਂਦ੍ਰਿਤ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਸਾਹਿਬ ਦੇ 2218 ਸ਼ਬਦ ਸੁਸ਼ੋਭਿਤ ਹਨ। ਇਨ੍ਹਾਂ ਸ਼ਬਦਾਂ ਦਾ ਸਾਰ ਲਾਲ ਚੋਲਨਾ ਦੀ ਪ੍ਰਾਪਤੀ ਹੈ। ਗੁਰੂ ਸਾਹਿਬ ਦੀ ਵਡਿਆਈ ਨੂੰ ਕਿਸੇ ਖ਼ਾਸ ਬਾਣੀ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਲਾਲ ਚੋਲਨਾ ਪਾ ਕੇ ਕੀਤੀ ਗਈ ਭਗਤੀ ਹੀ ਗੁਰੂ ਅਰਜਨ ਸਾਹਿਬ ਨਾਲ ਜੁੜਨਾ ਹੈ। ਗੁਰੂ ਆਪਣੀ ਸ਼ਰਣ ਵਿਚ ਲੈਂਦਾ ਹੈ, ਤਾਂ ਗੁਣਾਂ ਦੀ ਦਾਤ ਨਾਲ ਮਾਲਾਮਾਲ ਕਰ ਦਿੰਦਾ ਹੈ "ਐਸੋ ਗੁਨੁ ਮੇਰੋ ਪ੍ਰਭ ਜੀ ਕੀਨ ॥ ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ ॥"।

ਗੁਰੂ ਅਰਜਨ ਸਾਹਿਬ ਨੂੰ ਸਿਮਰਨਾ, ਉਨ੍ਹਾਂ ਦੀ ਮਿਹਰ ਪ੍ਰਾਪਤ ਕਰਨਾ ਸੌਖਾ ਨਹੀਂ ਹੈ। ਗੁਰ ਸ਼ਬਦ ਦੇ ਮਰਮ ਤੱਕ ਨਾ ਪੁੱਜਣ ਵਾਲਾ ਬਾਣੀ ਸੁਣਦਾ, ਪੜ੍ਹਦਾ ਤਾਂ ਹੈ ਪਰ ਫਲ ਦੀ ਆਸ ਬਹੁਤ ਜ਼ਿਆਦਾ ਰੱਖਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 738 'ਤੇ ਸੁਸ਼ੋਭਿਤ ਸ਼ਬਦ ਵਿਚ ਗੁਰੂ ਸਾਹਿਬ ਨੇ ਕਿਹਾ ਕਿ ਹਠ ਨਾਲ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਹ ਕੂੜ ਆਚਾਰ ਹੈ। ਮਨੁੱਖ ਨੂੰ ਭੁਲੇਖਾ ਹੋ ਜਾਂਦਾ ਹੈ ਕਿ ਉਸ ਨੇ ਸ੍ਰੇਸ਼ਟ ਅਵਸਥਾ ਪ੍ਰਾਪਤ ਕਰ ਲਈ ਹੈ ਪਰ ਹਕੀਕਤ 'ਚ ਉਹ ਨੇੜੇ-ਤੇੜੇ ਵੀ ਨਹੀਂ ਪੁੱਜਿਆ ਹੁੰਦਾ। ਉਹ ਆਪਣੇ ਆਪ ਨੂੰ ਤਿਆਗੀ ਵੀ ਮੰਨਣ ਲੱਗ ਪੈਂਦਾ ਹੈ ਪਰ ਅਸਲ 'ਚ ਮਾਇਆ ਵਿਚ ਹੀ ਰਮਿਆ ਹੁੰਦਾ ਹੈ। ਮਨ ਦੀ ਅਵਸਥਾ ਨਹੀਂ ਬਣੀ, ਬਸ ਦਾਅਵੇ ਹੀ ਹਨ "ਮਨਿ ਨਹੀ ਪ੍ਰੀਤਿ ਕਹੈ ਮੁਖਿ ਰਾਤਾ ॥" । ਗੁਰੂ ਦੀ ਕਿਰਪਾ ਲਈ ਵੱਡਾ ਤਿਆਗ ਕਰਨਾ ਪੈਂਦਾ ਹੈ "ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥ ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥"। ਗੁਰੂ , ਪਰਮਾਤਮਾ ਦੇ ਦਾਸ ਦਾ ਵੀ ਸੇਵਕ ਬਨਣਾ ਵੀ ਨਿਹਾਲ ਕਰਨ ਵਾਲਾ ਹੈ। ਇਸ ਸੇਵਾ ਲਈ ਗੁਰਸਿੱਖ ਵੱਡੇ-ਵੱਡੇ ਰਾਜ, ਜਾਇਦਾਦਾਂ, ਸਰਦਾਰੀਆਂ ਵੀ ਪਲ ਭਰ ਵਿਚ ਛੱਡ ਦਿੰਦਾ ਹੈ ਵੱਡੇ-ਵੱਡੇ ਮਾਇਆਧਾਰੀਆਂ, ਰਾਜਾ ਮਹਾਰਾਜਾ ਦਾ ਸਾਥ ਤਿਆਗ ਕੇ ਉਹ ਗੁਰੂ ਦੇ ਨਿੱਕੇ ਜਿਹੇ ਸੇਵਕ ਦੇ ਚਰਨ ਪਰਸਨ ਵਿਚ ਜ਼ਿਆਦਾ ਵਿਗਾਸ ਮਹਿਸੂਸ ਕਰਦਾ ਹੈ "ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ ॥ ਮਾਇਆਧਾਰੀ ਛਤ੍ਰਪਤਿ ਤਿਨ ਛੋਡਉ ਤਿਆਗਿ ॥" । ਇਹ ਭਾਵਨਾ ਗੁਰੂ ਦੇ ਨੇੜੇ ਲਿਜਾਣ ਵਾਲੀ ਹੈ।

ਗੁਰੂ ਅਰਜਨ ਸਾਹਿਬ ਦਾ ਅਵਤਾਰ ਜਗਤ ਤੇ ਉਧਾਰ ਲਈ ਹੋਇਆ ਸੀ "ਤਤੁ ਬੀਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥"। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਜੀਵਨ ਅਵਸਥਾ ਵਿਕਸਿਤ ਕਰ, ਸੰਕਲਪ 'ਤੇ ਭਾਵਨਾ ਧਾਰਨ ਨਾਲ ਕੀਤਾ ਸਿਮਰਨ ਹੀ ਗੁਰੂ ਦੇ ਦਰਬਾਰ ਵਿਚ ਪ੍ਰਵਾਨ ਹੈ।

## ਅਸਲੀ 'ਹੀਰੋ' ਅਜਿਹੇ ਹੁੰਦੇ ਨੇ !

ਅਸ਼ੋਕ ਸੋਨੀ
ਕਾਲਮਨਵੀਸ
ਪਿੰਡ ਖੂਈ ਖੇੜਾ, ਫਾਜ਼ਿਲਕਾ
98727-05078
ਪੰਜਾਬ ਮੇਲ USA



ਫਾਜ਼ਿਲਕਾ ਜ਼ਿਲ੍ਹੇ ਦਾ ਪਿੰਡ 'ਸ਼ਜਰਾਣਾ' ਭਾਵੇਂ ਸੇਮ ਲਈ ਮਸ਼ਹੂਰ ਏ ਪਰ ਇੱਥੋਂ ਦੀ ਪਾਕ ਧਰਤੀ ਅਜਿਹੇ ਅਨਮੋਲ ਹੀਰੇ ਉਪਜਦੀ ਏ, ਜਿਨ੍ਹਾਂ 'ਚੋਂ ਹੀ ਇਕ ਹੀਰੇ ਦਾ ਨਾਂ ਏ, 'ਕ੍ਰਿਸ਼ਨ'। ਇਸ ਛੇ ਫੁੱਟੇ ਦੈਂਤ ਰੂਪੀ ਤਗੜੇ ਸਰੀਰ ਦੇ ਧਨੀ ਕ੍ਰਿਸ਼ਨ ਦਾ ਹਿਰਦਾ ਬੜਾ ਕੋਮਲ ਤੇ ਨੇਕ ਹੈ। ਪੜ੍ਹਾਈ ਤੋਂ ਜਮ੍ਹਾਂ ਕੋਰਾ ਪਰ ਸਖਤ ਮਿਹਨਤੀ ਤੇ ਸਿਰੜੀ ਕ੍ਰਿਸ਼ਨ 27 ਸਾਲ ਇੱਕੋ ਘਰ ਦੇ ਸੀਰੀ ਰੱਲ੍ਹਿਆ ਰਿਹਾ, ਕਦੋਂ ਜ਼ਬਰਦਸਤ ਡਰਾਈਵਰ ਤੇ ਮਸ਼ੀਨਰੀ ਦਾ ਮਿਸਤਰੀ ਬਣ ਗਿਆ, ਸ਼ਾਇਦ ਆਪ ਨੂੰ ਵੀ ਨ੍ਹੀਂ ਪਤਾ ਲੱਗਿਆ। ਜਿਸ ਘਰ ਨੇ ਸੀਰੀ ਰੱਖਿਆ, ਉੱਥੇ ਇੰਨੀ ਇਮਾਨਦਾਰੀ ਨਾਲ ਜੀ ਤੋੜ ਕੰਮ ਕਰਿਆ, ਉਨ੍ਹਾਂ ਆਵਦਾ ਘਰ ਦਾ ਮੈਂਬਰ ਈ ਬਣਾ ਕੇ ਰੱਖਿਆ, ਜਿਸ ਦਾ ਕ੍ਰਿਸ਼ਨ ਅੱਜ ਵੀ ਮਾਣ ਕਰਦਾ ਹੈ। ਉਨ੍ਹਾਂ ਨਾਲ ਹੀ ਸ਼ੁਰੂ 'ਚ ਇਕ ਦੋ ਕਿੱਲਿਆਂ ਤੋਂ ਜ਼ਮੀਨ ਠੇਕੇ ਲੈਣੀ ਸ਼ੁਰੂ ਕੀਤੀ, ਨਾਲ ਉਨ੍ਹਾਂ ਦੀ ਕੰਬਾਈਨ, ਟਰੈਕਟਰ ਸਿੱਖਦਾ ਰਿਹਾ, ਚਲਾਉਂਦਾ ਰਿਹਾ।

ਜਿੰਨਾ ਮਿਹਨਤੀ ਆਪ ਏ, ਘਰਦੀ ਉਸ ਤੋਂ ਵੀ ਇਕ ਹੱਥ ਅੱਗੇ ਹੈ। ਮਿਹਨਤੀ ਇੱਡਾ ਏ ਕਿ ਜਦੋਂ ਆਮ ਸੀਰੀ ਸਾਲ 'ਚ ਪੰਤਾਲੀ ਹਜ਼ਾਰ ਨੂੰ ਰੱਲ੍ਹਦਾ ਸੀ, ਕ੍ਰਿਸ਼ਨ ਦਾ ਸਾਲ ਦਾ ਨੱਬੇ ਹਜ਼ਾਰ ਸੀ। ਘਰੇ ਤਿੰਨ ਧੀਆਂ ਸੀ, ਆਵਦੀ ਭੈਣ ਦਾ ਮੁੰਡਾ ਗੋਦ ਲੈ ਲਿਆ, ਕਾਫੀ ਸਾਲਾਂ ਬਾਅਦ ਜ਼ਿੰਦਗੀ ਤੇ ਕਰੜੇ ਸੰਘਰਸ਼ 'ਚ ਠੇਕੇ ਪੈਲੀ ਲੈਂਦੇ-ਲੈਂਦੇ ਸਖਤ ਮਿਹਨਤ ਸਦਕਾ ਕਾਮਯਾਬੀ ਵੀ ਹਾਸਲ ਹੋਣ ਲੱਗ ਪਈ, ਧੀਆਂ ਵੀ ਵਿਆਹ ਦਿੱਤੀਆਂ ਤੇ ਹੁਣ ਆਵਦੇ ਘਰੇ ਵੀ ਮੁੰਡਾ ਹੋ ਗਿਆ, ਭਾਵੇਂ ਆਵਦੀ ਜ਼ਮੀਨ ਹੈ ਨ੍ਹੀਂ ਪਰ ਹੁਣ ਦੀ ਘੜੀ ਹਰ ਸਾਲ ਪੰਜਾਹ ਕਿੱਲੇ ਠੇਕੇ ਲੈਣੇ ਤੇ ਜ਼ਬਰਦਸਤ ਮਿਹਨਤ ਕਰਕੇ ਪੂਰੀ ਆਮਦਨ ਲੈਣੀ, ਆਵਦੀ ਕੰਬਾਇਨ, ਕੰਪਿਊਟਰ ਕਰਾਹਾ, ਘਰਦਾ ਟਰੈਕਟਰ।

ਪਿੰਡ 'ਚ ਬੰਦੇ ਦੇ ਸਿਰਾ ਗੱਲਬਾਤ ਏ, ਲੋਕਾਂ ਨੇ ਸਰਵਸੰਮਤੀ ਨਾਲ ਮੈਂਬਰ ਪੰਚਾਇਤ ਵੀ ਚੁਣ ਰੱਖਿਐ। ਪਿੱਛੇ ਜਿਹੇ ਜਦੋਂ ਕ੍ਰਿਸ਼ਨ ਘਰੇ ਆਵਦਾ ਮੁੰਡਾ ਹੋਇਆ, ਤਾਂ ਠੀਕ-ਠਾਕ ਹਾਲਤਾਂ 'ਚ ਰਹਿੰਦੀ ਭੈਣ ਨੇ ਸੋਚਿਆ ਹੁਣ ਸ਼ਾਇਦ ਮੇਰੇ ਮੁੰਡੇ ਦੀ ਇਨ੍ਹਾਂ ਨੂੰ ਕੀ ਜ਼ਰੂਰਤ ਏ ? ਉਹਨੇਂ ਆਕੇ ਮੁੰਡਾ ਮੋੜਨ ਲਈ ਕਿਹਾ, ਤਾਂ ਕ੍ਰਿਸ਼ਨ ਤੇ ਘਰਦੀ ਨੇ ਕਿਹਾ "ਕਿਹੜਾ ਲਿਜਾਣਾ ਏ ? ਸਾਨੂੰ ਤਾਂ ਪਤਾ ਈ ਨ੍ਹੀਂ ਹੁਣ ਤੇਰਾ ਕਿਹੜਾ ਸੀ ?" ਦਰਅਸਲ ਜਵਾਬ ਬਣਦਾ ਵੀ ਇਹੀ ਸੀ। ਮੁੰਡਾ ਤਾਂ ਭਾਵੇਂ ਗੱਭਰੂ ਹੋਣ ਆਲਾ ਏ ਪਰ ਲਾਡਲਾ ਇੱਡਾ ਏ, ਆਵਦੀ ਮਾਂ ਨਾਲ ਈ ਪੈਂਦਾ ਏ। ਘਰ ਦਾ ਸਾਰਾ ਹਿਸਾਬ-ਕਿਤਾਬ ਵੀ ਉਹੀ ਰੱਖਦਾ ਏ, ਕ੍ਰਿਸ਼ਨ ਕੋਲ ਪੈਸਾ ਆਇਆ ਏ, ਰੁਤਬਾ ਆਇਆ ਏ ਪਰ ਮਾਨਵਤਾ ਨ੍ਹੀਂ ਮਰੀ, ਮੌਕਾਪ੍ਰਸਤੀ ਨ੍ਹੀਂ ਆਈ, ਸੌੜੀ ਸੋਚ ਨ੍ਹੀਂ ਆਈ, ਮਤਲਬਪੁਣਾ ਨ੍ਹੀਂ ਆਇਆ। ਅਜਿਹੇ ਕੰਮੀ-ਕਿਰਤੀ ਹੀਰੇ ਸਮਾਜ ਦਾ ਸਰਮਾਇਆ ਨੇ, ਇਹ ਅਸਲ ਹੀਰੋ ਹਸਦੇ-ਵਸਦੇ ਰਹਿਣ, ਜਿਉਂਦੇ ਹੀ ਰਹਿਣ, ਜੀਵਣ ਇਨ੍ਹਾਂ ਦੇ ਬੱਚੇ।



## ਬੀਮਾਰੀਆਂ ਦਾ ਘਰ

ਉਹ ਕਿਹੜੀ ਹੈ ਬੀਮਾਰੀ, ਜਿਹੜੀ ਮੈਨੂੰ ਨਹੀਂ ਚਿੰਬੜੀ,
ਪੁੱਛ ਨਾ ਤੂੰ ਹਾਲ ਮੇਰਾ, ਛੇੜ ਨਾ ਕੋਈ ਚਿੰਜੜੀ।

ਦੱਸਣ ਮੈਂ ਲੱਗਾ ਜਦੋਂ, ਤੈਥੋਂ ਨਹੀਉਂ ਸੁਣ ਹੋਣਾ,
ਹੰਝੂ ਤੇਰੇ ਵਗਣਗੇ, ਰੁਕਣਾ ਨਹੀਂ ਤੇਰਾ ਰੋਣਾ।

ਫੇਰ ਵੀ ਜੇ ਚਾਹੁਨਾਂ ਏਂ, ਖੋਲ੍ਹਾਂ ਮੈਂ ਦੁੱਖਾਂ ਦੀ ਪਟਾਰੀ,
ਹੈ ਤੇਰੇ ਕੋਲ ਸਮਾਂ, ਪੂਰਾ ਦਿਨ ਅਤੇ ਰਾਤ ਸਾਰੀ।

ਭੱਜਣ ਨਹੀਂ ਦੇਣਾ ਤੈਨੂੰ, ਅੱਧਵਾਟੇ ਛੱਡ ਕੇ,
ਘੇਰ ਕੇ ਸੁਣਾਊਂਗਾ ਮੈਂ, ਦੁੱਖ ਸਾਰੇ ਰੱਜ ਕੇ।

ਕਿਹੜਾ ਏ ਉਹ ਅੰਗ ਜਿੱਥੇ, ਪੀੜ ਨਹੀਉਂ ਹੋਂਵਦੀ,
ਕੋਈ ਵੀ ਦਵਾਈ ਮੇਰੇ, ਨੇੜੇ ਨਹੀਉਂ ਪੋਂਹਵੰਦੀ।

ਗਿਣਾਵੇ ਉਹ ਬੀਮਾਰੀਆਂ, ਕੋਈ ਜੇ ਗਿਣਾ ਸਕੇ,
ਜਾਣਦਾਂ ਮੈਂ ਸਾਰੀਆਂ ਨੂੰ, ਹਰੇਕ ਮੇਰੇ ਪਿੰਡੇ ਵਸੇ।

ਵਾਰੀਆਂ ਇਹ ਪਾ ਕੇ ਮੈਨੂੰ, ਮੁੜ-ਮੁੜ ਢਾਉਂਦੀਆਂ,
ਇੱਕ ਦੂਜੇ ਤੋਂ ਅੱਗੇ ਵਧ, ਪਿਆਰ ਨੇ ਜਤਾਉਂਦੀਆਂ।

ਕਈ ਰਹਿਣ ਕੁੱਛ ਦਿਨ, ਤੇ ਕਈ ਰਹਿਣ ਸਾਲੋ ਸਾਲ,
ਛੱਡਣ ਨਾ ਖਹਿੜਾ ਮੇਰਾ, ਕਰਦੀਆਂ ਬੁਰਾ ਹਾਲ।

ਕਦੀ ਕੁੱਛ ਦਿਨਾਂ ਲਈ, ਜੇ ਮੈਨੂੰ ਲੱਗੇ ਸਭ ਠੀਕ,
ਯਕੀਨ ਜਾਣੋਂ ਮੈਨੂੰ ਲੱਗ, ਜਾਂਦੀ ਉਨ੍ਹਾਂ ਦੀ ਉਡੀਕ।

ਲੱਗਦਾ ਹੈ ਜਿਵੇਂ ਮੈਨੂੰ, ਪਿਆਰ ਜਿਹਾ ਹੋ ਗਿਆ,
ਇਨ੍ਹਾਂ ਬਿਨਾ ਮੇਰਾ ਜਿਵੇਂ, ਜੀਵਨ ਖਲੋ ਗਿਆ।

ਸਾਹ ਇੱਕ ਦੂਜੇ ਨਾਲ, ਖਹਿੰਦਾ ਜਿਹਾ ਲੱਗਦਾ
ਠੱਕ-ਠੱਕ ਦਿਲ ਵੱਜੇ, ਜਿਵੇਂ ਢੋਲ ਵੱਜਦਾ।

ਪਿੱਤਾ ਅਤੇ ਗੁਰਦੇ ਵੀ, ਢਿੱਲੇ ਜਿਹੇ ਰਹਿੰਦੇ ਨੇ,
ਨਵੇਂ ਨੇ ਉਹ ਪੈਣ ਵਾਲੇ, ਡਾਕਟਰ ਕਹਿੰਦੇ ਨੇ।

ਫੋੜੇ ਜਿਹੇ ਕਈ ਵਾਰੀਂ, ਥਾਂ-ਥਾਂ 'ਤੇ ਦਿੱਸਦੇ,
ਮੱਲ੍ਹਮਾਂ ਦੇ ਬਾਵਜੂਦ, ਭਰ-ਭਰ ਫਿੱਸਦੇ।

ਦਵਾਈਆਂ ਵਾਲੇ ਪੁੜੇ ਵੀ, ਮੈਂ ਰੱਖਾਂ ਨਿੱਤ ਸਾਂਭ-ਸਾਂਭ,
ਦਵਾਈਆਂ ਬਿਨਾ ਘਰ ਹੁਣ, ਲੱਗਦਾ ਨਹੀਂ ਆਮ ਵਾਂਗ।

ਪੀਲੀਆਂ ਤੇ ਨੀਲੀਆਂ, ਲਾਲ ਤੇ ਗੁਲਾਬੀ ਕਈ,
ਚਾਵਾਂ ਨਾਲ ਗਿਣ-ਗਿਣ, ਖਾਵਾਂ ਫੱਕੇ ਮਾਰ ਬਈ।

ਭੁੱਖ ਹੁਣ ਰੋਟੀ ਦੀ, ਦਵਾਈਆਂ ਨਾਲ ਬੁੱਝਦੀ,
ਨੀਤ ਮੇਰੀ ਜਾਵੇ ਸਦਾ, ਇਨ੍ਹਾਂ ਵਿਚ ਰੁਝਦੀ।

ਪੁੱਛ ਲੈ ਸਵਾਲ ਕੋਈ, ਹੋਰ ਜੇ ਤੂੰ ਪੁੱਛਣਾ,
ਨਹੀਂ ਤੇ ਮੈਂ ਨਹੀਂ ਹੁਣ, ਹੋਰ ਕੁੱਛ ਦੱਸਣਾ।

ਕਿੰਨਾ ਕੁ ਹੁਣ ਹੋਰ ਬੰਦਾ, ਦੁੱਖ ਰਹੇ ਫੋਲਦਾ,
ਇਸੇ ਗੱਲੋਂ ਕੋਈ ਕੋਈ, ਮੇਰੇ ਨਾਲ ਨਹੀਂਉਂ ਬੋਲਦਾ।

ਕਰਾਂ ਮੈਂ ਇਹ ਬੰਦ ਹੁਣ, ਦੁੱਖਾਂ ਦੀ ਪਟਾਰੀ ਸਾਰੀ,
ਇਸ ਤੋਂ ਕਿ ਪਹਿਲਾਂ ਤੇਰੀ, ਮੱਤ ਜਾਵੇ ਹੋਰ ਮਾਰੀ।

ਜ਼ਿੰਦਗੀ ਹੈ ਹਾਲੇ ਬਾਕੀ, ਉਮੀਦ ਨਾਲ ਜੀਵੰਦਾ ਹਾਂ,
ਦੁੱਖਾਂ ਦੇ ਪਿਆਲੇ ਨਿੱਤ, ਚੀਸ ਵੱਟ ਪੀਵੰਦਾ ਹਾਂ।



-ਰਵਿੰਦਰ ਸਿੰਘ ਕੁੰਦਰਾ,
ਕਵੈਂਟਰੀ ਯੂ.ਕੇ.

ਪੰਜਾਬ ਮੇਲ USA

## ਜ਼ਮਾਨੇ ਦਾ ਹੈ

ਜਿਉਂਦੇ ਕੰਡਿਆਂ ਵਿਚ ਘੜੀਸੇ,
ਮਰੇ ਤਾਂ ਫੁੱਲਾਂ ਵਿਚ ਲਪੇਟੇ,
ਭੈੜਾ ਦਸਤੂਰ ਜ਼ਮਾਨੇ ਦਾ ਹੈ।

ਜਾਇਦਾਦ ਲਈ ਲੜ ਕੇ ਮਰਦੇ,
ਬਿਰਧ ਆਸ਼ਰਮ ਨੂੰ ਘੁਸੇਟੇ,
ਹਾਲ ਕਰੂਰ ਜ਼ਮਾਨੇ ਦਾ ਹੈ।

ਹੋਵੇ ਇਨਸਾਫ਼ ਜੇ ਨਜ਼ਰੀਂ ਆਵੇ,
ਮੁੱਕਦੇ ਅਦਾਲਤ ਦੇ ਘੁਮੇਟੇ,
ਇਹ ਕਸੂਰ ਨਜ਼ਰਾਨੇ ਦਾ ਹੈ।

ਗੁਨਾਹਗਾਰ ਗੱਦੀ ਦੇ ਮਾਲਕ,
ਬੇਗੁਨਾਹ ਚੁੱਕ ਅੰਦਰ ਸੁੱਟੇ,
ਇੱਕ ਘੂਰ ਹਰਜ਼ਾਨੇ ਦਾ ਹੈ।

ਵਿੱਚ ਗ਼ਮ ਰੋਜ਼ ਪੀਂਦਾ ਹੈ ਰਿੰਦ,
ਅੱਖੀਂ ਚੜ੍ਹੀ ਇਸ਼ਕ ਖ਼ੁਮਾਰੀ,
ਸਾਕੀ ਸਰੂਰ ਮੈਖ਼ਾਨੇ ਦਾ ਹੈ ।

ਭਰਾ ਨਾਲ ਬਹਿ ਜੇ ਪੀਵੇ ਭਾਈ,
ਕਰਦੈ ਫ਼ਿਰ ਘਰੇ ਖ਼ੁਆਰੀ,
ਕੈਸਾ ਫ਼ਤੂਰ ਪੈਮਾਨੇ ਦਾ ਹੈ?

ਜੇ ਵੈਰੀ ਅੱਖ ਗਹਿਰੀ ਕਰ ਤੱਕੇ,
ਜਾਗੇ ਫਿਰ ਅਣਖ ਪਿਆਰੀ,
ਇਹ ਗਰੂਰ ਬਿਗਾਨੇ ਦਾ ਹੈ।

ਮਹਿੰਗਾਈ ਨੇ ਚੈਨ ਹੈ ਲੁੱਟਿਆ,
ਗਰੀਬਾਂ ਪੱਲੇ ਪਈ ਲਾਚਾਰੀ,
ਕੀ ਕੰਮ ਤੂਰ-ਤਰਾਨੇ ਦਾ ਹੈ??

ਰੁੱਸ ਜਾਏ ਯਾਰ ਜਾਣੋਂ ਰੱਬ ਰੁੱਸੇ,
ਦਿਲ ਵਿੱਚ ਬਲੇ ਅੰਗਿਆਰੀ,
ਅੰਤ ਬੇਨੂਰ ਅਫ਼ਸਾਨੇ ਦਾ ਹੈ।



ਸੇਵਾ ਸਿੰਘ "ਨੂਰਪੁਰੀ"
* ਤੂਰ - ਵਾਜਾ/ਪੀਪਨੀਆਂ

ਪੰਜਾਬ ਮੇਲ USA

## ਬੱਦਲਾ ਮੁੜ ਆਈਂ ਵੇ

ਧਰਤੀ ਹੇਠੋਂ ਪਾਣੀ ਮੁੱਕਿਆ
ਦਰਿਆਵਾਂ ਦਾ ਵਹਿਣ ਹੈ ਰੁਕਿਆ
ਪਿੰਡ ਵਾਲਾ ਸੂਆ ਵੀ ਸੁੱਕਿਆ
ਉਡਦੀ ਪਈਐ ਰੇਤ।
ਬੱਦਲਾ ਮੁੜ ਆਈਂ ਵੇ
ਸਾਡੇ ਸੁੱਕ ਚੱਲੇ ਨੇ ਖੇਤ।
ਜਦੋਂ ਤੂੰ ਆਇਆ ਬੱਦਲਾ ਚੜ੍ਹਕੇ
ਖੁਸ਼ੀ ਮਨਾਈ ਖੇਤ 'ਚ ਖੜ੍ਹਕੇ
ਵਾਪਿਸ ਮੁੜ ਗਿਆ ਗੜ-ਗੜ ਕਰਕੇ
ਆਇਆ ਨਾ ਤੇਰਾ ਭੇਤ।
ਬੱਦਲਾ ਮੁੜ ਆਈਂ ਵੇ......।
ਪੰਜ ਸੌ ਫੁੱਟ ਤੱਕ ਬੋਰ ਲਗਾਏ
ਤਿੱਪ ਤਿੱਪ ਕਰਕੇ ਪਾਣੀ ਆਏ
ਜੀਅ ਜੰਤ ਸਭ ਮਰਨ ਤਿਹਾਏ
ਤੇਰੇ 'ਤੇ ਹੁਣ ਟੇਕ।
ਬੱਦਲਾ ਮੁੜ ਆਈਂ ਵੇ......।
ਨਰਮਾਂ ਪਹਿਲਾਂ ਸੁੰਡੀਆਂ ਖਾਧਾ
ਝੋਨਾ ਵੀ ਬਚਿਆ ਅੱਧ ਪਚਾਧਾ
ਕਣਕ ਦੀ ਫਸਲ ਨਾ ਕਰਦੀ ਵਾਧਾ
ਮਾੜੇ ਜੱਟ ਦੇ ਲੇਖ।
ਬੱਦਲਾ ਮੁੜ ਆਈਂ ਵੇ.....।
ਕਰਜੇ ਦੇ ਨਾ ਹੋਣ ਨਿਬੇੜੇ
ਬੈਂਕਾਂ ਵਾਲੇ ਮਾਰਨ ਗੇੜੇ
ਦੁੱਖ ਗਿਣਾਵਾਂ ਕੇਹੜੇ ਕੇਹੜੇ
ਕਿੰਜ ਖੋਲ੍ਹਾਂ ਸਭ ਭੇਤ।
ਬੱਦਲਾ ਮੁੜ ਆਈਂ ਵੇ....।
ਛੱਡ ਦੇਣੀ ਹੁਣ ਰੀਤ ਪੁਰਾਣੀ
ਓਹੀਓ ਹੀ ਹੁਣ ਫਸਲ ਉਗਾਣੀ
"ਮਲਕੀਤ" ਜਿਹੜੀ ਘੱਟ ਮੰਗੇ ਪਾਣੀ
ਹੁਣ ਸਾਰੇ ਹੋਣ ਸੁਚੇਤ।
ਬੱਦਲਾ ਮੁੜ ਆਈਂ ਵੇ......।



ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943

ਪੰਜਾਬ ਮੇਲ USA

## ਸੁਰਜੀਤ ਪਾਤਰ

ਕਲਮ ਦਾ ਉਹ ਧਨੀ ਸੀ
ਕਲਮ ਦਾ ਉਸਤਾਦ ਸੀ
ਕਲਮ ਜਦ ਚਲਦੀ ਸੀ
ਬਣਦੀ ਗੱਲਬਾਤ ਸੀ

ਕਲਮ ਉਸ ਦੀ ਸ਼ਾਨ ਸੀ
ਕਲਮ ਹੀ ਪਹਿਚਾਨ ਸੀ
ਕਲਮ ਜਿੰਦ ਜਾਨ ਸੀ
ਕਲਮ ਨਾਲ ਜਹਾਨ ਸੀ

ਕਲਮ ਦਾ ਉਹ ਮਾਣ ਸੀ
ਕਲਮ ਵਿਚ ਪ੍ਰਾਣ ਸੀ
ਸ਼ਾਇਰ ਉਹ ਕਮਾਲ ਸੀ
ਵਿਚ ਦੁਨੀਆਂ ਧਮਾਲ ਸੀ

ਨਾਮ ਉਸ ਦਾ ਸੁਰਜੀਤ ਸੀ
ਕਲਮ ਨਾਲ ਪ੍ਰੀਤ ਸੀ
ਤੋਰੀ ਨਵੀਂ ਰੀਤ ਸੀ
ਸ਼ਬਦਾਂ ਦਾ ਉਹ ਮੀਤ ਸੀ

ਕਲਮ ਦੀ ਉਹ ਖਾਤਰ ਸੀ
ਕਲਮ ਕਰਕੇ ਉਹ 'ਪਾਤਰ' ਸੀ
'ਰੰਧਾਵਾ' ਕਰੇ ਕੋਸ਼ਿਸ਼ ਲਿਖਣ ਦੀ
ਪਰ ਪਹੁੰਚੇ ਨਾ ਉਹਦੇ ਮਾਤਰ ਵੀ



ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444

ਪੰਜਾਬ ਮੇਲ USA

## ਪਤਾ ਨਹੀਂ ਕਿਉਂ !

ਜਿਸ ਦਿਨ ਦੀ ਨਵੀਂ ਮੰਡਲੀ ਅਪਨਾਈ ਹੈ,
ਭ੍ਰਿਸ਼ਟ ਜ਼ਮੀਰ ਦੀ ਬੋਲੀ ਲਗਾਈ ਹੈ,
ਧੋਤੀ ਦੁਪੱਟਾ ਟੋਪੀ ਪਗੜੀ ਵਟਾਈ ਹੈ,
ਨੀਲੇ ਮੱਟ ਵਿਚ ਡਿੱਗੇ ਗਿੱਦੜ ਵਾਕਰ
ਰੰਗ ਸ਼ਕਲ ਕਾਇਆ ਕਲਪ ਕਰਾਈ ਹੈ,
ਸਰਕਾਰੀ ਸਿਫ਼ਤ ਵਿਚ ਰਾਗਣੀ ਗਾਈ ਹੈ,
ਕਾਲੇ ਕਰਮਾਂ 'ਤੇ ਚਿੱਟੀ ਚਾਦਰ ਚੜ੍ਹਾਈ ਹੈ,
ਈ.ਡੀ. ਜਾਂਚ ਪੜਤਾਲ ਤੋਂ ਖੱਲ ਬਚਾਈ ਹੈ,
ਕਾਂ ਘੂਕੜੇ ਵਾਹੀ ਫੱਟੀ ਤੇ ਗਾਚਨੀ ਲਗਾਈ ਹੈ,
ਸੱਤਾ ਪਿੱਛੇ ਨੈਤਿਕ ਸੰਗ ਸ਼ਰਮ ਛਿੱਕੇ ਟੰਗਦੇ ਨੇ,
'ਦਲ ਬਦਲੂ ਮਾਂ ਬਦਲੂ' ਟਾਂਚਦੇ ਫ਼ਰੀਕ ਖੰਘਦੇ ਨੇ,
ਜਾਗਰੂਕ ਲੋਕ, ਸਵਾਲ ਪੁੱਛਦੇ ਨੇ ਹਿਸਾਬ ਮੰਗਦੇ ਨੇ,
ਉਹ ਵੋਟਰਾਂ ਕੋਲ ਜਾਣੋ ਸੰਗਦੇ, ਓਪਰੇ ਜਿਉਂ
ਮੁਸਾਫ਼ਰ ਝੰਗਦੇ ਨੇ।
ਪਤਾ ਨਹੀਂ ਕਿਉਂ! ਪਤਾ ਨਹੀਂ ਕਿਉਂ!



-ਚਰਨਜੀਤ ਸਿੰਘ ਪੰਨੂ,
(ਕੈਲੀਫੋਰਨੀਆ)

ਪੰਜਾਬ ਮੇਲ USA

## ਵੋਟਾਂ ਦਾ ਸੀਜ਼ਨ

ਵੋਟਾਂ ਦਾ ਸੀਜਨ ਆਇਆ ਏ ਹੁਣ ਲੀਡਰ ਲਾਉਣਗੇ ਲਾਰੇ ਜੀ।
ਸੱਚ ਆਖਾਂ ਇਨ੍ਹਾਂ ਵਿਚੋਂ ਕਿਸੇ ਨੇ ਸਾਨੂੰ ਲਾਉਣਾ ਨਹੀਂ ਕਿਨਾਰੇ ਜੀ।
ਇਹ ਲੁੱਟ ਕੇ ਭੋਲੀ ਭਾਲੀ ਜਨਤਾ ਨੂੰ ਆਪ ਲੁੱਟਦੇ ਖ਼ੂਬ ਨਜ਼ਾਰੇ ਜੀ।
ਇਹ ਵਾਅਦੇ ਲੰਮੇ-ਲੰਮੇ ਕਰਦੇ ਨੇ ਅਸੀਂ ਸੁਣ-ਸੁਣ ਕੇ ਹੁਣ ਹਾਰੇ ਜੀ।
ਨੰਗੇ ਪੈਰੀ ਆਉਂਦੇ ਨੇ ਵੋਟਾਂ ਵੇਲੇ ਜਨਤਾ ਦੇ ਦੁਆਰੇ ਜੀ।
ਜਦੋਂ ਜਿੱਤ ਜਾਂਦੇ ਨੇ ਵੋਟਾਂ ਵਿਚ ਫਿਰ ਚੜ੍ਹਦੇ ਜਾ ਚੁਬਾਰੇ ਜੀ।
ਇਥੇ ਰੁਲਦੀ ਭੋਲੀ ਜਨਤਾ ਹੈ ਨਾ ਕੋਈ ਮੁੜ ਕੇ ਗੱਲ ਵਿਚਾਰੇ ਜੀ।
ਬਹੁਤਾ ਯਕੀਨ ਨਾ ਕਰੋ ਲੋਕੋ ਇਨ੍ਹਾਂ ਦਾ
ਇਹ ਇੱਕੋ ਜਿਹੇ ਹੁੰਦੇ ਸਾਰੇ ਜੀ

-ਜਸਵਿੰਦਰ ਸਿੰਘ ਜਿਉਣਪੁਰਾ
98768-55004

ਪੰਜਾਬ ਮੇਲ USA

## ਵੱਖਰਾ ਸੰਸਾਰ

ਜਦੋਂ ਦਾ ਹੈ ਤੇਰਾ ਮੇਰਾ ਪਿਆਰ ਹੋ ਗਿਆ।
ਵੱਖਰਾ ਹੀ ਸਾਡਾ ਸੰਸਾਰ ਹੋ ਗਿਆ।

ਜਦੋਂ ਤੱਕ ਚੱਲਦੇ ਨੇ ਸਾਹ ਨਿਭਾਂਗੇ,
ਰੱਬ ਕੋਲੇ ਸਾਡਾ ਹੈ ਕਰਾਰ ਹੋ ਗਿਆ।

ਰਿਹਾ ਵਖਰੇਵਾਂ ਨਾ ਕਿਸੇ ਵੀ ਰੁੱਤ ਦਾ,
ਹਰ ਇੱਕ ਮੌਸਮ ਬਹਾਰ ਹੋ ਗਿਆ।

ਵੱਖਰੇ ਸਰੀਰ ਰੂਹਾਂ ਇੱਕ ਹੋਈਆਂ ਨੇ,
ਬੜਾ ਉੱਚਾ ਸਾਡਾ ਕਿਰਦਾਰ ਹੋ ਗਿਆ।

ਰੱਬ ਦਾ ਦੀਦਾਰ ਸਾਨੂੰ ਹੋਣ ਲੱਗਿਆ,
ਮੈਂ 'ਚੋਂ ਜਦੋਂ ਦਾ ਮੈਂ ਨੂੰ ਮਾਰ ਹੋ ਗਿਆ।

ਕੱਲੇ-ਕੱਲਿਆਂ ਨੂੰ ਕੁੱਝ ਨਹੀਂ ਸੀ ਲੱਭਣਾ,
ਕੱਠਿਆਂ ਦਾ ਬੇੜਾ ਸਾਡਾ ਪਾਰ ਹੋ ਗਿਆ।



-ਜਸਪਾਲ ਸਿੰਘ ਨਾਗਰਾ
'ਮਹਿੰਦਪੁਰੀ'
ਯੂਬਾ ਸਿਟੀ, ਕੈਲੀਫੋਰਨੀਆ
ਫੋਨ :+1-360-448-1989

ਪੰਜਾਬ ਮੇਲ USA

## ਸਾਹਾਂ ਦੀ ਕੁੰਜੀ

ਸਾਹਾਂ ਦੀ ਕੁੰਜੀ ਦਾ ਮੇਰਾ ਰਹਿਣ ਬਸੇਰਾ ਏਨਾ ਹੀ,
ਮੈਂ ਚੱਲਿਆ ਮੇਰਾ ਟੱਬਰ ਰੋਇਆ,
ਨਾਲੇ ਰੋਇਆ ਏ ਜਗ ਸਾਰਾ,
ਯਾਰੋ ਰਹਿਣ ਬਸੇਰਾ ਏਨਾ ਹੀ।

ਜਿਉਂਦਿਆ ਨੂੰ ਜਿਓਣਾ ਤਾਂ ਪੈਣਾ ਏ
ਮਰਿਆ ਨਾਲ ਕੌਣ ਮਰਿਆ ਏ,
ਰੋਂਦਿਆ ਨੂੰ ਚੁੱਪ ਕਰਾਉਣਾ ਏ
ਨਿੱਕਿਆਂ ਨੂੰ ਗਲ ਨਾਲ ਲਾਉਣਾ ਏ,
ਯਾਰੋ ਰਹਿਣ ਬਸੇਰਾ ਏਨਾ ਹੀ।

ਰੱਬਾ ਕੀਨੂੰ ਦੋਸ਼ ਦੇਵਾਂ ਮੈਂ
ਤੇਰੇ ਅੱਗੇ ਚਲਦਾ ਨਾ ਜ਼ੋਰ ਮੇਰਾ,
ਪੁੱਤ ਮੇਰੇ ਦਾ ਪਿਓ ਚਲਿਆ
ਦੱਸ ਹੁਣ ਤੇਨੂੰ ਕੀ ਕਹਾਂ ਮੈਂ।

ਮਾਂ ਮੇਰੀ ਦੀ ਰੂਹ ਚੱਲੀ
ਉਹਦੇ ਅਰਮਾਨਾਂ ਦੀ ਹੋਈ ਬਲੀ ਚਲੀ,
ਯਾਰੋ ਰਹਿਣ ਬਸੇਰਾ ਏਨਾ ਸੀ।

-ਰਮਨ ਢੀਂਡਸਾ

ਪੰਜਾਬ ਮੇਲ USA



REALTY ONE GROUP
Gurjatinder S. Randhawa
REALTOR CA DRE licence # 01490567
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com